ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 152| 4 Dec. to 10 Dec., 2024 | Ph.: (510) 240-5949 | Email: asrtimes@gmail.com

# ਭਾਈ ਚੌੜਾ ਨੇ ਕੀਤਾ ਸੁਖਬੀਰ ਸਿੰਘ ਬਾਦਲ 'ਤੇ ਜਾਨਲੇਵਾ ਹਮਲਾ

## ਨਿਸ਼ਾਨਾ ਖੁੰਝ ਜਾਣ ਕਾਰਨ ਗੋਲ਼ੀ ਕੰਧ ਵਿੱਚ ਲੱਗੀ



ਅੰਮ੍ਰਿਤਸਰ/ਏ.ਟੀ.ਨਿਊਜ਼ : ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸਿੱਖਾਂ ਦੀ ਸਰਬ ਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਸੇਵਾ ਨਿਭਾਉਂਦੇ ਸਮੇਂ ਸੁਖਬੀਰ ਸਿੰਘ ਬਾਦਲ 'ਤੇ ਗੋਲ਼ੀ ਚਲਾ ਕੇ ਜਾਨਲੇਵਾ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸੁਖਬੀਰ ਸਿੰਘ ਬਾਦਲ ਵਾਲ-ਵਾਲ ਬਚ ਗਏ। ਸੁਖਬੀਰ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਸੇਵਾ ਤਹਿਤ ਅੱਜ ਦੂਜੇ ਦਿਨ ਦੀ ਸੇਵਾ ਕਰਦਿਆਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੇਵਾਦਾਰ ਵਜੋਂ ਬੈਠੇ ਹੋਏ ਸਨ ਤਾਂ ਸਵੇਰੇ ਸਾਢੇ ਕੁ 9 ਵਜੇ ਇੱਕ ਵਿਅਕਤੀ ਨੇ ਉਨ੍ਹਾਂ 'ਤੇ ਕੁਝ ਕਦਮਾਂ ਦੀ ਦੂਰੀ ਤੋਂ ਗੋਲੀ ਚਲਾ ਦਿੱਤੀ ਪਰ ਉਨ੍ਹਾਂ ਦੇ ਕੋਲ ਖੜੇ ਕੁਝ ਵਿਅਕਤੀਆਂ ਨੇ ਹਮਲਾਵਰ ਨੂੰ ਪਿਸਤੌਲ ਤਾਣਦਿਆਂ ਦੇਖ ਲਿਆ ਅਤੇ ਫੜ ਲਿਆ। ਇਸ ਦੌਰਾਨ ਉਸ ਦਾ ਪਿਸਤੌਲ ਵਾਲਾ ਹੱਥ ਉੱਤੇ ਹੋਣ ਕਾਰਨ ਨਿਸ਼ਾਨਾ ਖੁੰਝ ਗਿਆ। ਜੇਕਰ ਸੁਰੱਖਿਆ ਮੁਲਾਜ਼ਮ ਹਮਲਾਵਰ ਦਾ ਹੱਥ ਉੱਪਰ ਨਾ ਚੁੱਕਦੇ ਤਾਂ ਕੁਝ ਵੀ ਹੋ ਸਕਦਾ ਸੀ।ਘਟਨਾ ਦੇ ਸਮੇਂ ਬਾਦਲ ਵ੍ਹੀਲਚੇਅਰ 'ਤੇ ਬੈਠੇ ਸਨ ਤੇ ਗੋਲ਼ੀ ਕੰਧ ਨਾਲ ਲੱਗ ਗਈ। ਜਾਣਕਾਰੀ ਅਨੁਸਾਰ ਕਾਬੂ ਕੀਤਾ ਗਿਆ ਵਿਅਕਤੀ ਅਕਾਲ ਫੈਡਰੇਸ਼ਨ ਦੇ ਆਗੂ ਭਾਈ ਨਰਾਇਣ ਸਿੰਘ ਚੌੜਾ ਹਨ, ਜੋ ਕਿ ਪਹਿਲਾਂ ਵੀ ਕੁਝ ਮਾਮਲਿਆਂ ਵਿੱਚ ਜੇਲ੍ਹ ਵਿੱਚ ਰਹਿ ਚੁੱਕੇ ਹਨ। ਪੁਲਿਸ ਮੁਤਾਬਕ ਭਾਈ ਨਰਾਇਣ ਸਿੰਘ ਕੱਲ੍ਹ ਵੀ ਸ੍ਰੀ ਦਰਬਾਰ ਸਾਹਿਬ ਆਏ ਸਨ ਅਤੇ ਪੁਲਿਸ ਵਲੋਂ ਪਹਿਲਾਂ ਤੋਂ ਹੀ ਉਹਨਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਰਹੀ ਸੀ ਏ.ਡੀ.ਸੀ.ਪੀ. ਹਰਪਾਲ ਸਿੰਘ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਭਾਈ ਨਰਾਇਣ ਸਿੰਘ ਪਹਿਲਾਂ ਦਰਬਾਰ ਸਾਹਿਬ ਆਇਆ ਜਿਸ ਮਗਰੋਂ ਉਹ ਦਰਬਾਰ ਸਾਹਿਬ ਮੱਥਾ ਟੇਕਣ ਉਪਰੰਤ ਬਾਹਰ ਆ ਗਿਆ। ਪੁਲਿਸ ਦਾ ਬੰਦਾ ਪਹਿਲਾਂ ਹੀ ਉਸ 'ਤੇ ਨਜ਼ਰ ਰੱਖੀ ਬੈਠਾ ਸੀ, ਜਿਵੇਂ ਹੀ ਉਸ ਨੇ ਸੁਖਬੀਰ ਬਾਦਲ 'ਤੇ ਗੋਲ਼ੀ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਦਬੋਚ ਲਿਆ ਗਿਆ।

ਏ. ਡੀ. ਸੀ. ਪੀ. ਮੁਤਾਬਕ ਨਰਾਇਣ ਸਿੰਘ ਜੌੜਾ ਪਹਿਲਾਂ ਹੀ ਗਰਮ ਖ਼ਿਆਲੀ ਜਥੇਬੰਦੀਆਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਸੰਗਤ ਨੂੰ ਰੋਕ ਨਹੀਂ ਸਕਦੀ। ਸੰਗਤ ਦੇ ਰੂਪ ਵਿੱਚ ਕੋਈ ਵੀ ਗੁਰੂ ਘਰ ਆ ਸਕਦਾ ਹੈ ਅਤੇ ਇਸੇ ਦੇ ਸਹਾਰਾ ਲੈ ਕੇ ਇਸ ਘਟਨਾ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

## ਭਾਈ ਨਰਾਇਣ ਸਿੰਘ ਚੌੜਾ ਦੇ ਵਿਚਾਰ, ਜੋ ਉਹਨਾਂ ਨੇ 14 ਜੁਲਾਈ ਨੂੰ ਫ਼ੇਸਬੁਕ 'ਤੇ ਪੋਸਟ ਪਾ ਕੇ ਪ੍ਰਗਟ ਕੀਤੇ ਸਨ...

ਸਿੱਖ ਕੌਮ ਅਕਾਲੀ ਦਲ ਬਾਦਲ ਨੂੰ ਉਸ ਦੇ ਬੱਜਰ ਗੁਨਾਹਾਂ ਕਰਕੇ ਰਾਜਨੀਤਕ ਖੇਤਰ ਵਿੱਚੋਂ ਰੱਦ ਕਰ ਚੁੱਕੀ ਹੈ ਅਤੇ ਉਹ ਆਪਣੀ ਮਰ ਚੁੱਕੀ ਸਾਖ਼ ਨੂੰ ਮੁੜ ਹਰਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਹਾਰਾ ਲੈ ਰਿਹਾ ਹੈ।

ਨਰਾਜ ਧੜੇ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦਿੱਤਾ ਗਿਆ ਬੇਨਤੀ ਪੱਤਰ ਇਸੇ ਕੜੀ ਦਾ ਹਿੱਸਾ ਹੈ। ਇਸ ਤੋਂ ਖ਼ਾਲਸਾ ਪੰਥ ਨੂੰ ਸੁਚੇਤ ਹੋਣਾ ਚਾਹੀਦਾ ਹੈ।




ਲੰਮੇ ਅਰਸੇ ਤੋਂ ਮਹਿਜ਼ ਸੱਤਾ ਦੀ ਲਾਲਸਾ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਪ੍ਰਤਿਸ਼ਠਾ, ਮਰਯਾਦਾ, ਖ਼ਾਲਸਾਈ ਸਿਧਾਤਾਂ ਅਤੇ ਪੰਥਕ ਰਵਾਇਤਾਂ ਨੂੰ ਠੇਸ ਪਹੁੰਚਾਉਣ ਤੇ ਸਿਆਸੀ ਦਬਾਅ ਪਾ ਕੇ ਜਥੇਦਾਰਾਂ ਦੀ ਪਦਵੀ ਦੀ ਆਪਣੇ ਹਿੱਤ ਵਿੱਚ ਵਰਤੋਂ ਕਰਨ ਦੇ ਅਪਰਾਧੀ ਇਸ ਦਲ ਦੀਆਂ ਸਾਜ਼ਿਸ਼ੀ ਚਾਲਾਂ ਨੂੰ ਖ਼ਾਲਸਾਈ ਸੁਰ ਨਾਲ ਨਾਕਾਮ ਕਰਕੇ ਗੁਰੂ ਪੰਥ ਦੇ ਬਲ ਦਾ ਪ੍ਰਗਟਾਵਾ ਕਰਨਾ ਗੁਰੂ ਪੰਥ ਨੂੰ ਸਮਰਪਿਤ ਹਰੇਕ ਸਿੱਖ ਸੰਸਥਾ ਅਤੇ ਹਰੇਕ ਗੁਰਸਿੱਖ ਦਾ ਧਾਰਮਿਕ ਫ਼ਰਜ਼ ਹੈ।

ਸਮੂਹਿਕ ਜ਼ਿੰਮੇਵਾਰੀ ਦੇ ਸਿਧਾਂਤ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਇਹ ਧੜਾ ਵੀ ਬਾਦਲ ਦਲ ਵੱਲੋਂ ਕੀਤੇ ਸਾਰੇ ਬੱਜਰ ਗੁਨਾਹਾਂ ਦਾ ਘੋਰ ਅਪਰਾਧੀ ਹੈ ਅਤੇ ਇਹ ਬੱਜਰ ਅਪਰਾਧ ਇੰਨੇ ਘਿਨਾਉਣੇ ਤੇ ਸੰਗੀਨ ਹਨ ਕਿ ਇਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹ ਲਾ ਕੇ ਬਖ਼ਸ਼ਿਆ ਨਹੀ ਜਾ ਸਕਦਾ।

ਗੁਰੂ ਪੰਥ ਨਾਲ ਗ਼ੱਦਾਰੀ ਕਰਨ ਵਾਲਾ ਇਹ ਦਲ ਪੰਥ ਧ੍ਰੋਹੀ ਹੈ ਅਤੇ ਰਾਜਨੀਤਕ ਖੇਤਰ ਵਿੱਚ ਪੰਥ ਦੀ ਅਗਵਾਈ ਕਰਨ ਦਾ ਇਸ ਦਲ ਨੂੰ ਹੁਣ ਕੋਈ ਹੱਕ ਨਹੀਂ ਅਤੇ ਪੰਥ ਨੇ ਇਸ ਨੂੰ ਇਸ ਖੇਤਰ ਵਿੱਚੋਂ ਰੱਦ ਕਰਕੇ ਆਪਣੇ ਮੱਤ ਦਾ ਪ੍ਰਗਟਾਵਾ ਕਰ ਦਿੱਤਾ ਹੈ। ਖ਼ਾਲਸਾ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ, ਹੁਕਮਨਾਮੇ ਦੀ ਤਾਕਤ, ਪ੍ਰਕ੍ਰਿਆ ਅਤੇ ਪੰਥ ਪ੍ਰਵਾਨਤਾ ਨੂੰ ਮੁੜ ਸੁਰਜੀਤ ਕਰਨ ਲਈ ਖ਼ਾਲਸਾਈ ਸਿਧਾਤਾਂ ਦਾ ਪਹਿਰੇਦਾਰ ਬਣ ਕੇ ਗੁਰਮਤੇ ਕਰਨ ਦੇ ਪੰਥਕ ਵਿਧੀ ਵਿਧਾਨ ਨੂੰ ਸੁਰਜੀਤ ਕਰਨ ਲਈ ਯਤਨਸ਼ੀਲ ਅਤੇ ਇਕਸੁਰ ਹੋਣਾ ਚਾਹੀਦਾ ਹੈ।

ਇਹਨਾਂ ਨੂੰ ਤਨਖ਼ਾਹ ਲਾ ਕੇ ਦੋਸ਼ ਮੁਕਤ ਕਰਨ ਦਾ ਕੀਤਾ ਜਾਣ ਵਾਲਾ ਯਤਨ ਖ਼ਾਲਸਾ ਪੰਥ ਉਸੇ ਤਰ੍ਹਾਂ ਹੀ ਪ੍ਰਵਾਨ ਨਹੀਂ ਕਰੇਗਾ, ਜਿਸ ਤਰ੍ਹਾਂ ਇਹਨਾਂ ਦੇ ਸਿਆਸੀ ਪ੍ਰਭਾਵ ਹੇਠ ਆ ਕੇ ਡੇਰਾ ਸਿਰਸਾ ਨੂੰ ਮੁਆਫ਼ੀਨਾਮਾ ਦੇਣ ਦਾ ਹੁਕਮਨਾਮਾ ਸਿੱਖ ਜਗਤ ਨੇ ਪ੍ਰਵਾਨ ਨਹੀਂ ਸੀ ਕੀਤਾ ਅਤੇ ਦੋਸ਼ ਮੁਕਤ ਕਰਨ ਵਾਲਿਆਂ ਨੂੰ ਵੀ ਗੁਰੂ ਪੰਥ ਦੇ ਗੁੱਸੇ ਤੇ ਰੋਹ ਦਾ ਸਾਹਮਣਾ ਕਰਨਾ ਪਿਆ ਸੀਂ.

**ਧੰਨਵਾਦ ਸਹਿਤ**
**ਨਰਾਇਣ ਸਿੰਘ ਚੌੜਾ**

## ਕੌਣ ਹਨ ਭਾਈ ਨਰਾਇਣ ਸਿੰਘ ਚੌੜਾ?



ਭਾਈ ਨਰਾਇਣ ਸਿੰਘ ਦਾ ਜਨਮ 04 ਅਪ੍ਰੈਲ 1956 ਵਿੱਚ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਦੇ ਪਿੰਡ ਚੌਰਾ ਵਿੱਚ ਹੋਇਆ ਸੀ। ਇਹ ਕਥਿਤ ਤੌਰ 'ਤੇ ਗਰਮ ਖ਼ਿਆਲੀ ਲਿਬਰੇਸ਼ਨ ਫ਼ੋਰਸ ਅਤੇ ਅਕਾਲ ਫ਼ੈਡਰੇਸ਼ਨ ਨਾਲ ਜੁੜੇ ਹੋਏ ਸਨ।

ਅਕਾਲੀ ਸਰਕਾਰ ਵੇਲੇ ਜੁਝਾਰੂਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ, ਜਿਨ੍ਹਾਂ ਵਿੱਚ ਭਾਈ ਕੌੜਾ ਵੀ ਆਉਂਦੇ ਹਨ ਨੂੰ ਬੇਹੱਦ ਜ਼ਲੀਲ ਕੀਤਾ ਗਿਆ, ਨਾਜਾਇਜ਼ ਜੇਲ੍ਹਾਂ ਵਿੱਚ ਰੱਖਿਆ ਗਿਆ ਅਤੇ ਸ਼ਹੀਦਾਂ ਦੇ ਖ਼ੂਨ ਦੇ ਪਿਆਸੇ ਪੁਲਿਸ ਅਫ਼ਸਰਾਂ ਦੀ ਪੁਸ਼ਤ ਪਨਾਹੀ ਕੀਤੀ ਗਈ ਇਸ ਲਈ ਭਾਈ ਕੌੜਾ ਵੱਲੋਂ ਕੌਮੀ ਰੋਹ ਹੀ ਪ੍ਰਗਟਾਇਆ ਗਿਆ।

ਭਾਈ ਚੌੜਾ ਦਾ ਨਾਮ ਗਰਮ ਖ਼ਿਆਲੀ ਸਫ਼ਾਂ ਵਿੱਚ ਬਹੁਤ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਚੰਗੇ ਲਿਖਾਰੀ ਵੀ ਹਨ ਅਤੇ ਉਹਨਾਂ ਵੱਲੋਂ ਲਿਖੀਆਂ ਰਚਨਾਵਾਂ ਕਾਫ਼ੀ ਚਰਚਿਤ ਹੋਈਆਂ। ਉਹਨਾਂ ਨੇ ਗੁਰੀਲਾ ਯੁੱਧ ਬਾਰੇ ਵੀ ਇੱਕ ਕਿਤਾਬ ਲਿਖੀ ਸੀ, ਜੋ ਕਿ ਕਾਫ਼ੀ ਚਰਚਿਤ ਹੋਈ ਸੀ। ਉਹ ਕਾਫ਼ੀ ਸਮਾਂ ਜੇਲ੍ਹ ਵਿੱਚ ਰਹੇ। ਜੇਲ੍ਹ ਵਿੱਚ ਉਹਨਾਂ ਉੱਪਰ ਗੈਰ ਮਨੁੱਖੀ ਤਸ਼ੱਦਦ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਭਾਈ ਚੌੜਾ 'ਤੇ ਪਹਿਲਾਂ ਵੀ ਕਈ ਪੁਲਿਸ ਕੇਸ ਦਰਜ ਕੀਤੇ ਗਏ ਹਨ। 28 ਫਰਵਰੀ 2013 ਨੂੰ ਤਰਨਤਾਰਨ ਦੇ ਪਿੰਡ ਜਲਾਲਾਬਾਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਸਾਥੀਆਂ ਸੁਖਦੇਵ ਸਿੰਘ ਅਤੇ ਗੁਰਿੰਦਰ ਸਿੰਘ ਨੂੰ ਉਸੇ ਦਿਨ ਜ਼ਿਲ੍ਹੇ ਦੇ ਪਿੰਡ ਪੰਡੋਰੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੀ ਪੁੱਛ-ਗਿੱਛ ਤੋਂ ਬਾਅਦ ਪੁਲਿਸ ਨੇ ਮੁਹਾਲੀ ਜ਼ਿਲ੍ਹੇ ਦੇ ਪਿੰਡ ਕੁਰਾਲੀ ਵਿਖੇ ਇੱਕ ਛੁਪਣਗਾਹ 'ਤੇ ਛਾਪਾ ਮਾਰਿਆ ਅਤੇ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਇੱਕ ਖੇਪ ਬਰਾਮਦ ਕਰਨ ਦਾ ਦਾਅਵਾ ਕੀਤਾ। ਭਾਈ ਚੌੜਾ 'ਤੇ ਅੰਮ੍ਰਿਤਸਰ ਦੇ ਸਿਵਲ ਲਾਈਨ ਥਾਣੇ ਵਿੱਚ 8 ਮਈ 2010 ਨੂੰ ਵਿਸਫੋਟਕ ਐਕਟ ਦੇ ਤਹਿਤ ਇੱਕ ਦਰਜਨ ਦੇ ਕਰੀਬ ਕੇਸ ਦਰਜ ਕੀਤੇ ਗਏ ਸਨ। ਉਹ ਅੰਮ੍ਰਿਤਸਰ, ਤਰਨਤਾਰਨ ਅਤੇ ਰੋਪੜ ਜ਼ਿਲ੍ਹਿਆਂ ਵਿੱਚ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਅਧੀਨ ਕੇਸਾਂ ਵਿੱਚ ਵੀ ਲੋੜੀਂਦਾ ਸੀ। ਮੁਲਜ਼ਮ ਨੂੰ ਅੰਮ੍ਰਿਤਸਰ ਦੀ ਇੱਕ ਅਦਾਲਤ ਨੇ ਵਿਸਫੋਟਕ ਐਕਟ ਦੇ ਤਹਿਤ ਕੇਸ ਵਿੱਚ ਬਰੀ ਕਰ ਦਿੱਤਾ ਸੀ। ਮੀਡੀਆ ਰਿਪੋਰਟਾਂ ਅਨੁਸਾਰ ਭਾਈ ਚੌੜਾ 1984 ਵਿੱਚ ਪਾਕਿਸਤਾਨ ਗਏ ਸਨ। ਪਾਕਿਸਤਾਨ ਵਿੱਚ ਰਹਿੰਦਿਆਂ, ਉਹਨਾਂ ਨੇ ਕਥਿਤ ਤੌਰ 'ਤੇ ਗੁਰੀਲਾ ਯੁੱਧ 'ਤੇ ਇੱਕ ਕਿਤਾਬ ਲਿਖੀ। ਉਹ ਬੁੜੈਲ ਜੇਲ੍ਹ ਬਰੇਕ ਕੇਸ ਵਿੱਚ ਵੀ ਮੁਲਜ਼ਮ ਦਸੇ ਜਾਂਦੇ ਸਨ।

# ਟਰੰਪ ਦੀ ਚਿਤਾਵਨੀ ਤੋਂ ਬਾਅਦ ਟਰੂਡੋ ਕੈਨੇਡਾ ’ਚ ਗ਼ੈਰ ਕਾਨੂੰਨੀ ਪ੍ਰਵਾਸ ’ਤੇ ਲਗਾਏਗਾ ਰੋਕ

## ਟਰੰਪ ਕੈਨੇਡਾ, ਮੈਕਸੀਕੋ, ਚੀਨ ਤੋਂ ਦਰਾਮਦ ਸਮਾਨ ਉੱਪਰ ਟੈਕਸ ਲਗਾਏਗਾ

## ਅਮਰੀਕੀ ਸਾਮਾਨ ’ਤੇ ਟੈਰਿਫ਼ ਲਗਾਉਣ ਦੀ ਕੈਨੇਡਾ ਬਣਾ ਰਿਹੈ ਯੋਜਨਾ





ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵ੍ਹਾਈਟ ਹਾਊਸ ਦੀ ਕੁਰਸੀ ’ਤੇ ਬੈਠਦੇ ਸਾਰ ਕੈਨੇਡਾ ਤੇ ਮੈਕਸੀਕੋ ਤੋਂ ਦਰਾਮਦ ਹੁੰਦੇ ਸਾਮਾਨ ’ਤੇ 25 ਫੀਸਦ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਨੇ ਪੂਰਬ ਤੋਂ ਪੱਛਮ ਤੱਕ ਅਮਰੀਕਾ ਨਾਲ ਜੁੜਦੀ 8891 ਕਿਲੋਮੀਟਰ ਲੰਮੀ ਸਰਹੱਦ ’ਤੇ ਸਖਤੀ ਵਧਾਉਣ ਦਾ ਫ਼ੈਸਲਾ ਲਿਆ ਹੈ। ਇਹ ਲਕੀਰ 3 ਸਤੰਬਰ, 1783 ਨੂੰ ਪੈਰਿਸ ਸਮਝੌਤੇ ਤਹਿਤ ਖਿੱਚੀ ਗਈ ਸੀ, ਜਿਸ ਵਿੱਚ ਸਮੇਂ-ਸਮੇਂ ’ਤੇ ਥੋੜ੍ਹਾ ਬਦਲਾਓ ਹੁੰਦਾ ਰਿਹਾ। ਸਰਹੱਦ ਤੋਂ ਆਰ-ਪਾਰ ਆਉਣ-ਜਾਣ ਲਈ ਛੋਟੇ-ਵੱਡੇ 100 ਕੁ ਪ੍ਰਵਾਨਿਤ ਲਾਂਘੇ ਹਨ।ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਮਗਰੋਂ ਸਰਹੱਦੀ ਸੁਰੱਖਿਆ ਲਈ ਵਾਧੂ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ। ਅਗਲੇ ਸਾਲ 20 ਜਨਵਰੀ ਨੂੰ ਅਮਰੀਕਨ ਰਾਸ਼ਟਰਪਤੀ ਵਜੋਂ ਦੂਜੀ ਵਾਰ ਅਹੁਦਾ ਸੰਭਾਲਣ ਵਾਲੇ ਡੋਨਲਡ ਟਰੰਪ ਨੇ ਪਿਛਲੇ ਦਿਨੀਂ ਪਹਿਲ ਦੇ ਆਧਾਰ ’ਤੇ ਕੀਤੇ ਜਾਣ ਵਾਲੇ ਕੰਮਾਂ ਵਿੱਚ ਕਿਹਾ ਸੀ ਕਿ ਦੋਵਾਂ ਗੁਆਂਢੀ ਦੇਸ਼ਾਂ ਨਾਲ ਜੁੜਦੀਆਂ ਸਰਹੱਦਾਂ ’ਤੇ ਸਖ਼ਤੀ ਨਾ ਹੋਣ ਕਾਰਨ ਗਲਤ ਅਨਸਰ ਅਤੇ ਗੈਰ ਕਨੂੰਨੀ ਸਮਾਨ ਅਮਰੀਕਾ ਵਿੱਚ ਦਾਖਲ ਹੁੰਦਾ ਹੈ, ਜਿਸ ’ਤੇ ਰੋਕ ਲੱਗਣੀ ਜ਼ਰੂਰੀ ਹੈ। ਉਸ ਨੇ ਰੋਕ ਨੂੰ ਨੱਥ ਨਾ ਪਾ ਸਕਣ ਦਾ ਭਾਂਡਾ ਕੈਨੇਡਾ ਤੇ ਮੈਕਸੀਕੋ ਸਿਰ ਭੰਨ੍ਹਿਆ ਸੀ। ਬਰਾਮਦੀ ਟੈਕਸ ਵਿੱਚ ਵਾਧਾ ਕੈਨੇਡਾ ਦੀ ਸਨਅਤ ਲਈ ਘਾਤਕ ਸਾਬਤ ਹੋ ਸਕਦਾ ਹੈ। ਕੈਨੇਡਾ ਦੀ ਸਰਹੱਦ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐੱਸ.ਏ.) ਜ਼ਿੰਮੇ ਹੁੰਦੀ ਹੈ, ਜਿਸ ਦੀ ਨਫਰੀ ਤੇ ਸਾਜ਼ੋ-ਸਾਮਾਨ ਵਿੱਚ ਵਾਧੇ ਲਈ ਕੇਂਦਰ ਨੇ ਹੋਰ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ।

ਕੁਝ ਮਹੀਨੇ ਪਹਿਲਾਂ ਅਣਅਧਿਕਾਰਤ ਵਿਦੇਸ਼ੀਆਂ ਦੇ ਦੇਸ਼ ਨਿਕਾਲੇ ਲਈ ਏਜੰਸੀ ਦੀ ਨਫਰੀ ਵਿੱਚ 15 ਫੀਸਦ ਵਾਧਾ ਕੀਤਾ ਗਿਆ ਸੀ। ਟਰੂਡੋ ਨੇ ਮੀਟਿੰਗ ਵਿੱਚ ਮੁੱਖ ਮੰਤਰੀਆਂ ਨੂੰ ਸੁਚੇਤ ਕੀਤਾ ਕਿ ਦੋ ਮਹੀਨੇ ਬਾਅਦ ਅਮਰੀਕੀ ਰਾਸ਼ਟਰਪਤੀ ਦੇ ਕਿਸੇ ਫ਼ੈਸਲੇ ਤੋਂ ਪਹਿਲਾਂ ਸਖ਼ਤੀ ਦੇ ਨਤੀਜੇ ਸਾਹਮਣੇ ਲਿਆਉਣੇ ਪੈਣਗੇ। ਇਸ ਤੋਂ ਪਹਿਲਾਂ ਕੈਨੇਡਾ ਨੇ ਇਹ ਕਹਿ ਕੇ ਆਪਣੇ-ਆਪ ਨੂੰ ਸੁਰਖ਼ੁਰੂ ਕਰ ਲਿਆ ਸੀ ਕਿ ਅਮਰੀਕਾ ਵਿੱਚ ਸਰਹੱਦੀ ਨਾਜਾਇਜ਼ ਲਾਂਘੇ ਸਿਰਫ ਮੈਕਸੀਕੋ ਵਾਲੇ ਪਾਸਿਓਂ ਹਨ ਪਰ ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਦੀ ਘੋਖ ਤੋਂ ਇੱਕ ਹਫ਼ਤੇ ਬਾਅਦ ਬੀਤੇ ਦਿਨੀਂ ਪ੍ਰੀਮੀਅਰਾਂ ਦੀ ਮੀਟਿੰਗ ਵਿੱਚ ਅਜਿਹਾ ਐਲਾਨ ਕੀਤੇ ਜਾਣ ’ਤੇ ਸਭ ਨੂੰ ਹੈਰਾਨੀ ਤਾਂ ਹੋਈ ਪਰ ਚੰਗਾ ਫੈਸਲਾ ਮੰਨਿਆ ਗਿਆ। ਇਸ ਕੰਮ ਦੀ ਜ਼ਿੰਮੇਵਾਰੀ ਉਪ ਪ੍ਰਧਾਨ ਮੰਤਰੀ ਕਰਿਸੀਟੀਆ ਫਰੀਲੈਂਡ ਅਤੇ ਲੋਕ ਸੁਰੱਖਿਆ ਮੰਤਰੀ ਡੋਮੀਨਿਕ ਲੀਬਲੈਂਕ ਨੂੰ ਸੌਂਪੀ ਗਈ ਹੈ।

ਮੰਤਰੀ ਡੋਮਿਨਿਕ ਲੇਬਲੈਂਕ ਨੇ ਕਿਹਾ ਕਿ ਸਾਨੂੰ ਕੈਨੇਡਾ ਅਤੇ ਅਮਰੀਕਾ ਦੇ ਲੋਕਾਂ ਨੂੰ ਭਰੋਸਾ ਦਿਵਾਉਣ ਦੀ ਲੋੜ ਹੈ ਕਿ ਅਸੀਂ ਸਰਹੱਦੀ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ ਅਤੇ ਇਸ ’ਤੇ ਪੂਰੀ ਨਜ਼ਰ ਰੱਖ ਰਹੇ ਹਾਂ। ਕੈਨੇਡੀਅਨ ਸੂਬੇ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਉਨ੍ਹਾਂ ਨੇ ਟਰੂਡੋ ਨਾਲ ਮੁਲਾਕਾਤ ਦੌਰਾਨ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ’ਤੇ ਰੋਕ ਲਗਾਉਣ, ਬੰਦੂਕਾਂ ਅਤੇ ਫੈਂਟਾਨਾਇਲ ਵਰਗੀਆਂ ਗੈਰ-ਕਾਨੂੰਨੀ ਦਵਾਈਆਂ ਦੀ ਤਸਕਰੀ ਨੂੰ ਰੋਕਣ ’ਤੇ ਧਿਆਨ ਦੇਣ ਲਈ ਕਿਹਾ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਟਰੰਪ ਦੇ ਟੈਰਿਫ ਕੈਨੇਡਾ ਵਿੱਚ ਆਰਥਿਕ ਸੰਕਟ ਪੈਦਾ ਕਰ ਸਕਦੇ ਹਨ। ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਕਿ ਉਨ੍ਹਾਂ ਦਾ ਸੂਬਾ ਸਰਹੱਦੀ ਗਸ਼ਤ ਵਧਾਏਗਾ। ਕੈਨੇਡਾ ਨੇ ਵੀ ਅਮਰੀਕਾ ਨਾਲ ਆਪਣੇ ਸਬੰਧਾਂ ਨੂੰ ਸੰਭਾਲਣ ਲਈ ਇਸ਼ਤਿਹਾਰਾਂ ’ਤੇ ਖਰਚ ਵਧਾ ਦਿੱਤਾ ਹੈ। ਓਂਟਾਰੀਓ ਸਰਕਾਰ ਅਮਰੀਕਾ ਵਿੱਚ ਇੱਕ ਮਿਲੀਅਨ ਡਾਲਰ ਦੀ ਇਸ਼ਤਿਹਾਰਬਾਜ਼ੀ ਮੁਹਿੰਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਮੁਹਿੰਮ ਅਮਰੀਕਾ ਨਾਲ ਆਰਥਿਕ ਸਬੰਧਾਂ ’ਤੇ ਜ਼ੋਰ ਦੇਵੇਗੀ। ਮੁਹਿੰਮ ਦਾ ਉਦੇਸ਼ ਭਵਿੱਖ ਵਿੱਚ ਸਹਿਯੋਗ ਅਤੇ ਵਪਾਰਕ ਮੌਕਿਆਂ ਨੂੰ ਵਧਾਉਣਾ ਹੈ।ਇਕ ਹੋਰ ਮੀਡੀਆ ਰਿਪੋਰਟ ਮੁਤਾਬਕ ਟਰੰਪ ਵੱਲੋਂ ਕੈਨੇਡਾ ਨੂੰ ਟੈਰਿਫ ਸਬੰਧੀ ਦਿੱਤੀ ਧਮਕੀ ਤੋਂ ਬਾਅਦ ਟਰੂਡੋ ਸਰਕਾਰ ਹਰਕਤ ਵਿੱਚ ਆ ਗਈ ਹੈ। ਇੱਕ ਕੈਨੇਡੀਅਨ ਅਧਿਕਾਰੀ ਨੇ ਕਿਹਾ ਕਿ ਜੇਕਰ ਡੋਨਾਲਡ ਟਰੰਪ ਕੈਨੇਡੀਅਨ ਉਤਪਾਦਾਂ ’ਤੇ ਭਾਰੀ ਟੈਰਿਫ ਲਗਾਉਣ ਦੀ ਆਪਣੀ ਧਮਕੀ ਨੂੰ ਲਾਗੂ ਕਰਦੇ ਹਨ ਤਾਂ ਕੈਨੇਡਾ ਅਮਰੀਕਾ ਤੋਂ ਆਉਣ ਵਾਲੇ ਕੁਝ ਸਮਾਨ ’ਤੇ ਸੰਭਾਵਿਤ ਜਵਾਬੀ ਟੈਰਿਫ ਦੀ ਯੋਜਨਾ ਬਣਾ ਰਿਹਾ ਹੈ।ਜ਼ਿਕਰਯੋਗ ਹੈ ਕਿ ਜਦੋਂ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਉੱਚ ਟੈਰਿਫ ਲਗਾਏ ਸਨ ਤਾਂ ਦੂਜੇ ਦੇਸ਼ਾਂ ਨੇ ਜਵਾਬੀ ਕਾਰਵਾਈ ਕਰਦੇ ਹੋਏ ਆਪਣੇ ਹੀ ਟੈਰਿਫ ਲਗਾਏ ਸਨ।

**ਮੈਕਸੀਕੋ ਤੋਂ ਗੈਰ-ਕਾਨੂੰਨੀ ਪ੍ਰਵਾਸ ’ਤੇ ਗੱਲ !**

ਹਾਲਾਂਕਿ, ਟਰੰਪ ਨੇ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ’ਤੇ ਪੋਸਟ ਕੀਤਾ ਸੀ ਕਿ ਉਨ੍ਹਾਂ ਦੀ ਮੈਕਸੀਕੋ ਦੀ ਨਵੀਂ ਰਾਸ਼ਟਰਪਤੀ ਕਲਾਉਡੀਆ ਸ਼ੇਨਬੌਮ ਨਾਲ ਗੱਲਬਾਤ ਹੋਈ ਅਤੇ ਉਹ ਮੈਕਸੀਕੋ ਤੋਂ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਸਹਿਮਤ ਹੋਈ ਹੈ। ਟਰੰਪ ਨੇ ਪੋਸਟ ਕੀਤਾ, ‘ਮੈਕਸੀਕੋ ਲੋਕਾਂ ਨੂੰ ਸਾਡੀ ਦੱਖਣੀ ਸਰਹੱਦ ’ਤੇ ਜਾਣ ਤੋਂ ਰੋਕੇਗਾ, ਇਸ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਜਾਵੇਗਾ। ਇਹ ਅਮਰੀਕਾ ਦੇ ਗੈਰ-ਕਾਨੂੰਨੀ ਹਮਲੇ ਨੂੰ ਰੋਕਣ ਲਈ ਇੱਕ ਲੰਮਾ ਸਫ਼ਰ ਤੈਅ ਕਰੇਗਾ।’ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਟੈਰਿਫ ਲਗਾਉਣ ਦੀ ਟਰੰਪ ਦੀ ਯੋਜਨਾ ’ਤੇ ਇਸ ਗੱਲਬਾਤ ਦਾ ਕੀ ਪ੍ਰਭਾਵ ਹੋਵੇਗਾ ?

### ਕੈਨੇਡਾ, ਚੀਨ ਅਤੇ ਮੈਕਸੀਕੋ ਤੋਂ ਬਾਅਦ ਭਾਰਤ ਦਾ ਨੰਬਰ ?

ਅਗਲੇ ਸਾਲ ਜਨਵਰੀ ਵਿੱਚ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਕੈਨੇਡਾ, ਮੈਕਸੀਕੋ ਅਤੇ ਚੀਨ ’ਤੇ ਭਾਰੀ ਟੈਰਿਫ ਲਗਾਉਣ ਦੀ ਗੱਲ ਕੀਤੀ ਹੈ, ਜਿਸ ਨੇ ਤਿੰਨੋਂ ਦੇਸ਼ਾਂ ਨੂੰ ਪਰੇਸ਼ਾਨ ਕਰ ਦਿੱਤਾ ਹੈ।

ਰਾਇਟਰਜ਼ ਦੇ ਇੱਕ ਸਰਵੇਖਣ ਅਨੁਸਾਰ ਨਵੀਂ ਅਮਰੀਕੀ ਸਰਕਾਰ ਅਗਲੇ ਸਾਲ ਚੀਨ ਤੋਂ ਸਮਾਨ ਦੀ ਦਰਾਮਦ ’ਤੇ ਲਗਭਗ 40% ਟੈਰਿਫ ਲਗਾ ਸਕਦੀ ਹੈ। ਹਾਲਾਂਕਿ ਚੀਨ ਨੇ ਟਰੰਪ ਦੇ ਟੈਰਿਫ ਯੁੱਧ ਨਾਲ ਨਜਿੱਠਣ ਲਈ ਆਪਣੀਆਂ ਕੰਪਨੀਆਂ ਨੂੰ ਭਾਰੀ ਫੰਡ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ, ਕੈਨੇਡਾ ਅਤੇ ਮੈਕਸੀਕੋ, ਜਿਨ੍ਹਾਂ ਦੀ ਆਰਥਿਕ ਹਾਲਤ ਚੰਗੀ ਨਹੀਂ ਹੈ, ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ।

ਟਰੰਪ ਨੇ ਸੋਸ਼ਲ ਮੀਡੀਆ ’ਤੇ ਘੋਸ਼ਣਾ ਕੀਤੀ ਹੈ ਕਿ ਉਹ ਮੈਕਸੀਕੋ ਅਤੇ ਕੈਨੇਡਾ ਤੋਂ ਸਾਰੇ ਆਯਾਤ ’ਤੇ 25% ਟੈਰਿਫ ਲਗਾਏਗਾ। ਇਸ ਤੋਂ ਇਲਾਵਾ, ਚੀਨੀ ਵਸਤਾਂ ਨੂੰ ਵਾਧੂ 10% ਟੈਰਿਫ ਦਾ ਸਾਹਮਣਾ ਕਰਨਾ ਪਏਗਾ ਜਦੋਂ ਤੱਕ ਬੀਜਿੰਗ ਅਮਰੀਕਾ ਵਿੱਚ ਸਿੰਥੈਟਿਕ ਓਪੀਔਡ ਫੈਂਟਾਨਿਲ ਦੀ ਤਸਕਰੀ ਨੂੰ ਰੋਕਣ ਲਈ ਠੋਸ ਕਦਮ ਨਹੀਂ ਚੁੱਕਦਾ।

# ਟਰੰਪ ਵੱਲੋਂ ਬ੍ਰਿਕਸ ਮੁਲਕਾਂ ’ਤੇ ਸੌ ਫ਼ੀਸਦੀ ਟੈਕਸ ਲਾਉਣ ਦੀ ਧਮਕੀ

## ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦੀ ਕੀਤੀ ਆਲੋਚਨਾ



ਵੈਸਟ ਪਾਮ ਬੀਚ (ਫਲੋਰਿਡਾ)/ਏ.ਟੀ.ਨਿਊਜ਼: ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ 9 ਮੈਂਬਰੀ ਬ੍ਰਿਕਸ ਮੁਲਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਖ਼ਿਲਾਫ਼ 100 ਫ਼ੀਸਦੀ ਟੈਕਸ ਲਾਇਆ ਜਾਵੇਗਾ। ਬ੍ਰਿਕਸ ਮੁਲਕਾਂ ’ਚ ਭਾਰਤ ਸਮੇਤ ਬ੍ਰਾਜ਼ੀਲ, ਰੂਸ, ਚੀਨ, ਦੱਖਣੀ ਅਫ਼ਰੀਕਾ, ਮਿਸਰ, ਇਥੋਪੀਆ, ਇਰਾਨ ਅਤੇ ਸੰਯੁਕਤ ਅਰਬ ਅਮੀਰਾਤ ਸ਼ਾਮਲ ਹਨ। ਤੁਰਕੀ, ਅਜ਼ਰਬਾਇਜਾਨ ਤੇ ਮਲੇਸ਼ੀਆ ਨੇ ਮੈਂਬਰ ਬਣਨ ਲਈ ਦਰਖਾਸਤ ਦਿੱਤੀ ਹੈ ਅਤੇ ਕਈ ਹੋਰ ਮੁਲਕਾਂ ਨੇ ਵੀ ਬ੍ਰਿਕਸ ’ਚ ਸ਼ਾਮਲ ਹੋਣ ਲਈ ਆਪਣੀ ਦਿਲਚਸਪੀ ਦਿਖਾਈ ਹੈ।

ਅਮਰੀਕੀ ਡਾਲਰ ਆਲਮੀ ਕਾਰੋਬਾਰ ’ਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਕਰੰਸੀ ਹੈ ਅਤੇ ਉਸ ਨੇ ਪਿਛਲੀਆਂ ਚੁਣੌਤੀਆਂ ਦਾ ਡਟ ਕੇ ਟਾਕਰਾ ਕੀਤਾ ਹੈ ਪਰ ਬ੍ਰਿਕਸ ਅਤੇ ਹੋਰ ਵਿਕਾਸਸ਼ੀਲ ਮੁਲਕਾਂ ਨੇ ਕਿਹਾ ਹੈ ਕਿ ਉਹ ਆਲਮੀ ਵਿੱਤੀ ਪ੍ਰਣਾਲੀ ’ਚ ਅਮਰੀਕਾ ਦੇ ਦਬਦਬੇ ਤੋਂ ਤੰਗ ਆ ਚੁੱਕੇ ਹਨ। ਕੌਮਾਂਤਰੀ ਮੁਦਰਾ ਫੰਡ ਮੁਤਾਬਕ ਦੁਨੀਆਂ ਦੇ ਵਿਦੇਸ਼ੀ ਮੁਦਰਾ ਭੰਡਾਰ ’ਚ ਡਾਲਰ ਦੀ ਪ੍ਰਤੀਨਿਧਤਾ ਕਰੀਬ 58 ਫ਼ੀਸਦੀ ਹੈ ਅਤੇ ਤੇਲ ਵਰਗੀਆਂ ਅਹਿਮ ਵਸਤਾਂ ਦੀ ਵੇਚ-ਵੱਟ ਡਾਲਰ ’ਚ ਹੀ ਹੁੰਦੀ ਹੈ।

ਟਰੁੱਥ ਸੋਸ਼ਲ ਪੋਸਟ ’ਚ ਟਰੰਪ ਨੇ ਕਿਹਾ, “ਅਸੀਂ ਇਨ੍ਹਾਂ ਮੁਲਕਾਂ ਤੋਂ ਵਚਨਬੱਧਤਾ ਚਾਹੁੰਦੇ ਹਾਂ ਕਿ ਉਹ ਨਾ ਤਾਂ ਨਵੀਂ ਬ੍ਰਿਕਸ ਕਰੰਸੀ ਲਿਆਉਣਗੇ ਅਤੇ ਨਾ ਹੀ ਅਮਰੀਕੀ ਡਾਲਰ ਦੀ ਥਾਂ ’ਤੇ ਹੋਰ ਕਰੰਸੀ ਨੂੰ ਹਮਾਇਤ ਦੇਣਗੇ। ਜੇ ਉਨ੍ਹਾਂ ਅਮਰੀਕੀ ਕਰੰਸੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ’ਤੇ 100 ਫ਼ੀਸਦੀ ਦਰਾਮਦ ਟੈਕਸ ਲਾਇਆ ਜਾਵੇਗਾ।” ਜ਼ਿਕਰਯੋਗ ਹੈ ਕਿ ਅਕਤੂਬਰ ’ਚ ਬ੍ਰਿਕਸ ਮੁਲਕਾਂ ਦੇ ਸਿਖਰ ਸੰਮੇਲਨ ਦੌਰਾਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਮਰੀਕਾ ’ਤੇ ਡਾਲਰ ਨੂੰ ‘ਹਥਿਆਰ’ ਬਣਾ ਕੇ ਵਰਤਣ ਦਾ ਦੋਸ਼ ਲਾਉਂਦਿਆਂਕਿਹਾ ਸੀ ਕਿ ਇਹ ਉਸ ਦੀ ਵੱਡੀ ਭੁੱਲ ਹੈ। ਪੂਤਿਨ ਨੇ ਕਿਹਾ ਸੀ ਕਿ ਜੇ ਅਮਰੀਕਾ ਵਪਾਰ ਅਤੇ ਹੋਰ ਕੰਮਾਂ ’ਚ ਅੜਿੱਕੇ ਡਾਹੇਗਾ ਤਾਂ ਮੁਲਕਾਂ ਨੂੰ ਬਦਲ ਲੱਭਣ ਲਈ ਮਜਬੂਰ ਹੋਣਾ ਪਵੇਗਾ। ਖਾਸ ਤੌਰ ’ਤੇ ਰੂਸ ਨੇ ਨਵੀਂ ਅਦਾਇਗੀ ਪ੍ਰਣਾਲੀ ਬਣਾਉਣ ਲਈ ਦਬਾਅ ਬਣਾਇਆ ਹੋਇਆ ਹੈ ਤਾਂ ਜੋ ਪੱਛਮੀ ਮੁਲਕਾਂ ਵੱਲੋਂ ਲਾਗੂ ਪਾਬੰਦੀਆਂ ਤੋਂ ਬਚਿਆ ਜਾ ਸਕੇ। ਉਂਜ ਡਾਲਰ ਨੂੰ ਨੇੜ ਭਵਿੱਖ ’ਚ ਕੋਈ ਖ਼ਤਰਾ ਨਹੀਂ ਹੈ ਅਤੇ ਹੋਰ ਕਰੰਸੀਆਂ ’ਤੇ ਉਸ ਦਾ ਦਬਦਬਾ ਬਰਕਰਾਰ ਰਹੇਗਾ। ਟਰੰਪ ਵੱਲੋਂ ਟੈਕਸ ਲਗਾਉਣ ਦੀ ਧਮਕੀ ਉਸ ਸਮੇਂ ਆਈ ਹੈ ਜਦੋਂ ਉਨ੍ਹਾਂ ਗ਼ੈਰਕਾਨੂੰਨੀ ਪਰਵਾਸੀਆਂ ਅਤੇ ਨਸ਼ੇ ਅਮਰੀਕਾ ’ਚ ਦਾਖ਼ਲ ਹੋਣ ਤੋਂ ਰੋਕਣ ਦੇ ਇਰਾਦੇ ਨਾਲ ਮੈਕਸਿਕੋ ਅਤੇ ਕੈਨੇਡਾ ਤੋਂ ਆਉਣ ਵਾਲੀਆਂ ਵਸਤਾਂ ’ਤੇ 25 ਫ਼ੀਸਦ ਅਤੇ ਚੀਨ ਦੀਆਂ ਵਸਤਾਂ ’ਤੇ 10 ਫ਼ੀਸਦ ਵਾਧੂ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ। ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬਾਮ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਮਸਲੇ ’ਤੇ ਟਰੰਪ ਨਾਲ ਗੱਲਬਾਤ ਕੀਤੀ ਹੈ ਪਰ ਉਨ੍ਹਾਂ ਨੂੰ ਟੈਕਸ ’ਚ ਛੋਟ ਦਾ ਕੋਈ ਭਰੋਸਾ ਨਹੀਂ ਮਿਲਿਆ ਹੈ।

# ਮੈਕਸੀਕੋ, ਚੀਨ ਅਤੇ ਕੈਨੇਡਾ ’ਤੇ ਅਮਰੀਕਾ ਦੇ ਟੈਰਿ.ਫ ਕੀ ਹਨ ?

ਰਾਇਟਰਜ਼ ਪੋਲ ਦੇ ਅਨੁਸਾਰ, ਡੋਨਾਲਡ ਟਰੰਪ ਚੀਨੀ ਸਮਾਨ ’ਤੇ 60% ਟੈਰਿਫ ਲਗਾਉਣ ਤੋਂ ਬਚਣਗੇ। ਜਨਵਰੀ ਵਿੱਚ ਅਹੁਦਾ ਸੰਭਾਲਣ ਵਾਲੇ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ‘ਅਮਰੀਕਾ ਫਸਟ’ ਵਪਾਰਕ ਉਪਾਵਾਂ ਦੇ ਇੱਕ ਪੈਕੇਜ ਦੇ ਹਿੱਸੇ ਵਜੋਂ ਚੀਨੀ ਦਰਾਮਦਾਂ ’ਤੇ ਭਾਰੀ ਟੈਰਿਫ ਲਗਾਉਣ ਦਾ ਵਾਅਦਾ ਕੀਤਾ ਸੀ, ਜਿਸ ਨਾਲ ਬੀਜਿੰਗ ਵਿੱਚ ਬੇਚੈਨੀ ਪੈਦਾ ਹੋ ਗਈ ਹੈ ਅਤੇ ਚੀਨ ਲਈ ਵਿਕਾਸ ਦੇ ਜੋਖਮ ਵਧ ਗਏ ਹਨ। ਟੈਰਿਫ ਦਰਾਂ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਚੀਨ ’ਤੇ ਲਗਾਏ ਗਏ 7.5% -25% ਤੋਂ ਬਹੁਤ ਜ਼ਿਆਦਾ ਹਨ, ਜਦੋਂ ਕਿ ਲੰਬੇ ਸਮੇਂ ਤੋਂ ਸੰਪੱਤੀ ਦੀ ਮੰਦੀ, ਕ੍ਰੈਡਿਟ ਜੋਖਮ ਅਤੇ ਕਮਜ਼ੋਰ ਘਰੇਲੂ ਮੰਗ ਦੇ ਕਾਰਨ ਆਰਥਿਕਤਾ ਵੀ ਬਹੁਤ ਜ਼ਿਆਦਾ ਕਮਜ਼ੋਰ ਸਥਿਤੀ ਵਿੱਚ ਹੈ।

13-20 ਨਵੰਬਰ ਦੇ ਰਾਇਟਰਜ਼ ਪੋਲ ਤੋਂ ਪਤਾ ਚਲਿਆ ਕਿ ਚੀਨ ਨੂੰ ਉਮੀਦ ਹੈ ਕਿ ਟਰੰਪ ਅਗਲੇ ਸਾਲ ਦੇ ਸ਼ੁਰੂ ਵਿੱਚ ਟੈਰਿਫ ਲਗਾਉਣਗੇ, ਜਿਸ ਦਾ ਔਸਤ ਅਨੁਮਾਨ 38% ਹੈ।

ਨਵੇਂ ਯੂਐਸ ਟੈਰਿਫ ਚੀਨ ਦੀ 2025 ਦੇ ਆਰਥਿਕ ਵਿਕਾਸ ਨੂੰ ਲਗਭਗ 0.5% -1.0% ਪ੍ਰਤੀਸ਼ਤ ਅੰਕਾਂ ਤਕ ਪ੍ਰਭਾਵਿਤ ਕਰ ਸਕਦਾ ਹੈ। ਹਾਲਾਂਕਿ, ਰਾਇਟਰਜ਼ ਪੋਲ ਵਿਚ ਸ਼ਾਮਿਲ ਜ਼ਿਆਦਾਤਰ ਅਰਥਸ਼ਾਸਤਰੀਆਂ ਨੇ ਇਸ ਸਾਲ ਅਤੇ 2025 ਲਈ ਆਪਣੇ ਔਸਤ ਵਿਕਾਸ ਪੂਰਵ ਅਨੁਮਾਨਾਂ ਨੂੰ ਕ੍ਰਮਵਾਰ 4.8% ਅਤੇ 4.5% ਲਈ ਬਣਾਈ ਰੱਖਿਆ, ਜੋ ਲਗਭਗ ਯੂਐਸ ਚੋਣਾਂ ਤੋਂ ਪਹਿਲਾਂ ਕੀਤੇ ਗਏ ਅਨੁਮਾਨਾਂ ਦੇ ਸਮਾਨ ਹੈ। ਚੀਨ ਦੀ ਵਿਕਾਸ ਦਰ 2026 ਵਿੱਚ ਹੋਰ ਘੱਟ ਕੇ 4.2% ਰਹਿਣ ਦੀ ਉਮੀਦ ਹੈ।

ਇਕਨਾਮਿਸਟ ਇੰਟੈਲੀਜੈਂਸ ਯੂਨਿਟ (ਈ.ਆਈ.ਯੂ.) ਦੇ ਅਨੁਸਾਰ, ਅਮਰੀਕਾ ਦੇ ਤਿੰਨ ਸਭ ਤੋਂ ਵੱਡੇ ਵਪਾਰਕ ਭਾਈਵਾਲ ਮੈਕਸੀਕੋ, ਚੀਨ ਅਤੇ ਕੈਨੇਡਾ, ਟਰੰਪ ਦੀਆਂ ਪ੍ਰਸਤਾਵਿਤ ਨੀਤੀਆਂ ਕਾਰਨ ਸਭ ਤੋਂ ਵੱਧ ਅਸੁਰੱਖਿਅਤ ਹਨ। ਇਕਨਾਮਿਸਟ ਇੰਟੈਲੀਜੈਂਸ ਯੂਨਿਟ ਨੇ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਅੱਠਵੇਂ ਸਥਾਨ ’ਤੇ ਰੱਖਿਆ ਹੈ ਜੋ ਟਰੰਪ ਦੇ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਵਪਾਰਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਚੀਨ ਅਤੇ ਹੋਰ ਦੇਸ਼ਾਂ ਦੀ ਆਰਥਿਕਤਾ ’ਤੇ ਪ੍ਰਭਾਵ**

ਅਮਰੀਕੀ ਟੈਰਿਫ ਦਾ ਤੁਰੰਤ ਪ੍ਰਭਾਵ ਇਹ ਹੋਵੇਗਾ ਕਿ ਕੈਨੇਡਾ, ਮੈਕਸੀਕੋ ਅਤੇ ਚੀਨ ਦੀਆਂ ਕੰਪਨੀਆਂ ਲਈ ਅਮਰੀਕਾ ਨੂੰ ਮਾਲ ਨਿਰਯਾਤ ਕਰਨਾ ਹੋਰ ਮਹਿੰਗਾ ਹੋ ਜਾਵੇਗਾ, ਜਿਸ ਨਾਲ ਉਨ੍ਹਾਂ ਦੀ ਆਮਦਨ ਘਟੇਗੀ ਅਤੇ ਡਰ ਇਹ ਹੈ ਕਿ ਇਹ ਕੰਪਨੀਆਂ ਆਪਣੇ ਉਤਪਾਦਾਂ ਦੀਆਂ ਕੀਮਤਾਂ ਵਧਾ (ਬਾਕੀ ਸਫ਼ਾ 30 ’ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਨੇ ਬਾਦਲ ਸੀਨੀਅਰ ਦੀ ਸਿਆਸੀ ਵਿਰਾਸਤ ਕਲੰਕਿਤ ਐਲਾਨੀ

## ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੂੰ ਸਿੱਖ ਪੰਥ ਦਾ ਅਪਰਾਧੀ ਐਲਾਨਿਆ, ਪਰ ਸਿਆਸਤ ਉੱਪਰ ਪਾਬੰਦੀ ਨਹੀਂ

### ਅਕਾਲੀ ਦਲ ਦੀ ਲੀਡਰਸ਼ਿਪ ਨੈਤਿਕ ਅਧਿਕਾਰ ਗੁਆ ਚੁੱਕੀ ਹੈ: ਜਥੇਦਾਰ

### ਅਕਾਲੀ ਦਲ ਦੀ ਹੋਏਗੀ ਮੁੜ ਸਿਰਜਣਾ, ਜਥੇਦਾਰ ਧਾਮੀ ਦੀ ਅਗਵਾਈ ਵਿੱਚ ਕਮੇਟੀ ਬਣੀ

ਪ੍ਰੋ.ਫੈਸਰ ਬਲਵਿੰਦਰ ਪਾਲ ਸਿੰਘ
9815700916



ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਵੱਲੋਂ 2007 ਤੋਂ 2017 ਦੇ ਸਮੇਂ ਵਿੱਚ ਸੱਤਾਧਾਰੀ ਹੁੰਦਿਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਵਿੱਚ ਹੁੰਦਿਆਂ ਕੀਤੀਆਂ ਗਈਆਂ ਅਨੇਕਾਂ ਤਰ੍ਹਾਂ ਦੇ ਧਾਰਮਿਕ ਤੇ ਰਾਜਨੀਤਕ ਗਲਤੀਆਂ ਤੇ ਗੁਨਾਹਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੁੱਜੇ ਮਾਮਲੇ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵੱਲੋਂ ਸੁਣਾਏ ਜਾਣ ਵਾਲੇ ਫ਼ੈਸਲੇ ਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ।ਹੁਣੇ ਜਿਹੇ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਲੰਬੀ ਉਡੀਕ ਤੋਂ ਬਾਅਦ ਸੁਣਾਈ ਗਈ ‘ਤਨਖਾਹ’ (ਧਾਰਮਿਕ ਸਜ਼ਾ) ਅਨੁਸਾਰ 2007 ਤੋਂ 2017 ਤੱਕ ਦੀਆਂ ਸਰਕਾਰਾਂ ਸਮੇਂ ਜਿਥੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੋਈਆਂ ਭੁੱਲਾਂ ਲਈ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਲੀਡਰਸ਼ਿਪ ਨੂੰ ਧਾਰਮਿਕ ਸਜ਼ਾ ਦਾ ਐਲਾਨ ਕੀਤਾ ਹੈ, ਉਥੇ ਇਸ ਤੋਂ ਇਲਾਵਾ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ 7 ਮੈਂਬਰੀ ਕਮੇਟੀ ਦਾ ਗਠਨ ਕਰਦਿਆਂ ਇਸ ਨੂੰ 6 ਮਹੀਨੇ ਦੇ ਅੰਦਰ-ਅੰਦਰ ਦਲ ਦੀ ਨਵੀਂ ਤੇ ਯੋਗ ਭਰਤੀ ਕਰਕੇ ਪ੍ਰਧਾਨ ਸਮੇਤ ਅਹੁਦੇਦਾਰਾਂ ਦੀ ਚੋਣ ਕਰਵਾਉਣ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਸ ਅਹਿਮ ਇਕੱਤਰਤਾ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਤੇ ਗਿਆਨੀ ਬਲਜੀਤ ਸਿੰਘ ਸ਼ਾਮਿਲ ਹੋਏ ।

ਇਸ ਮੌਕੇ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਅਕਾਲੀ ਦਲ ਦੀਆਂ 2007 ਤੋਂ 2017 ਤੱਕ ਦੀਆਂ ਸਰਕਾਰਾਂ ਦੌਰਾਨ ਸਿੱਖ ਕੈਬਨਿਟ ਮੰਤਰੀਆਂ ਤੋਂ ਇਲਾਵਾ ਅਕਾਲੀ ਦਲ ਦੀ 2015 ਵਾਲੀ ਕੋਰ ਕਮੇਟੀ ਦੇ ਮੈਂਬਰ ਤੇ ਸ਼੍ਰੋਮਣੀ ਕਮੇਟੀ ਦੀ 2015 ਵਾਲੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਅਕਾਲ ਤਖ਼ਤ ਸਾਹਿਬ ਸਨਮੁਖ ਗਲ ਵਿੱਚ ਪੱਲਾ ਪਾ ਕੇ ਨਿਮਾਣੇ ਸਿੱਖਾਂ ਵਾਂਗ ਪੇਸ਼ ਹੋਏ ।

ਅਕਾਲ ਤਖ਼ਤ ਸਾਹਿਬ ਤੋਂ ਪ੍ਰਕਾਸ਼ ਸਿੰਘ ਬਾਦਲ ਦੇ ਮਰਨ ਬਾਅਦ ਪੰਥ ਰਤਨ ਫਖ਼ਰ-ਏ-ਕੌਮ ਦੀ ਉਪਾਧੀ ਦਾ ਖਿਤਾਬ ਵਾਪਸ ਲੈ ਕੇ ਉਸਦੀ ਪੰਥ ਵਿਰੋਧੀ ਸਿਆਸੀ ਵਿਰਾਸਤ ਨੂੰ ਕਲੰਕਿਤ ਕਰਾਰ ਦਿੱਤਾ। ਯਾਦ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਦੇ ਉਸ ਸਮੇਂ ਦੇ ਜਥੇਦਾਰ ਗੁਰਬਚਨ ਸਿੰਘ ਨੇ 13 ਸਾਲ ਪਹਿਲਾਂ ਫਖ਼ਰ ਏ ਕੌਮ ਐਵਾਰਡ ਦਿੱਤਾ ਸੀ।ਇਹ ਫੈਸਲਾ ਸਿੱਖ ਪੰਥ ਲਈ ਸੰਤੁਸ਼ਟੀਜਨਕ ਸਾਬਿਤ ਹੋਇਆ, ਜਿਸ ਨਾਲ ਅਕਾਲ ਤਖ਼ਤ ਸਾਹਿਬ ਦਾ ਅਕਸ ਬਹਾਲ ਹੋਇਆ ਹੈ।

ਸਿੰਘ ਸਾਹਿਬਾਨ ਵੱਲੋਂ ਇਹ ਫੁਰਮਾਨ ਸੁਖਬੀਰ ਬਾਦਲ ਦੀ ਸਿਆਸਤ ਲਈ ਕਰਾਰਾ ਝਟਕਾ ਤੇ ਪ੍ਰਸ਼ਨਚਿੰਨ ਹੈ ਕਿ ਇਸ ਅਕਾਲੀ ਲੀਡਰਸ਼ਿਪ ਨੇ ਸਿੱਖ ਪੰਥ ਦੀ ਸਿਆਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਦਿੱਤਾ ਹੈ।

ਹਾਲਾਂਕਿ, ਜਥੇਦਾਰਾਂ ਦਾ ਇਹ ਫੈਸਲਾ ਸੁਖਬੀਰ ਸਿੰਘ ਬਾਦਲ ਤੇ ਗੁਨਾਹਗਾਰ ਅਕਾਲੀ ਲੀਡਰਸ਼ਿੱਪ ਲਈ ਸਿਆਸੀ ਜੀਵਨ ਰੇਖਾ ਛੱਡਦਾ ਹੈ, ਕਿਉਂਕਿ ਉਨ੍ਹਾਂ ’ਤੇ ਕੋਈ ਸਿਆਸੀ ਰੋਕ ਨਹੀਂ ਲਗਾਈ ਗਈ, ਸਿਵਾਏ ਉਨ੍ਹਾਂ ਦੇ ਪ੍ਰਧਾਨਗੀ ਅਸਤੀਫੇ ਨੂੰ ਸਵੀਕਾਰ ਕਰਨ ਤੋਂ ਇਲਾਵਾ।ਉਹ ਤਨਖਾਹ ਪੂਰੀ ਕਰਨ ਬਾਅਦ ਸਿਆਸਤ ਵਿੱਚ ਫਿਰ ਸਰਗਰਮ ਹੋ ਸਕਦੇ ਹਨ। ਇੱਕ ਤਰ੍ਹਾਂ ਨਾਲ ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਸਿੰਘ ਬਾਦਲ ਦੀ ਸਿਆਸੀ ਕਿਸਮਤ ਉਪਰ ਮੋਹਰ ਲਾਉਣ ਦੀ ਥਾਂ ਗੁਰੂ ਪੰਥ ਦੀ ਕਚਹਿਰੀ ਵਿੱਚ ਮਾਮਲਾ ਛੱਡ ਦਿੱਤਾ ਹੈ ਕਿ ਉਸਦੀ ਸਿਆਸਤ ਮਨਜ਼ੂਰ ਕਰਨੀ ਹੈ ਜਾਂ ਨਹੀਂ।

ਪਰ, ਜਿਸ ਤਰ੍ਹਾਂ ਅਕਾਲ ਤਖ਼ਤ ਸਾਹਿਬ ਸਾਹਮਣੇ ਗੁਰੂ ਪੰਥ ਦੇ ਅਪਰਾਧੀ ਵਜੋਂ ਖੜੇ ਹੋਕੇ ਸੁਖਬੀਰ ਸਿੰਘ ਬਾਦਲ ਤੇ ਉਸਦੇ ਸਾਥੀਆਂ ਨੇ ਸਪੱਸ਼ਟ ਤੌਰ ’ਤੇ ਖਾਸ ਗੁਨਾਹ (ਅਪਰਾਧਾਂ) ਨੂੰ ਸਵੀਕਾਰ ਕੀਤਾ ਸੀ, ਉਸ ਕਰਕੇ ਇਨ੍ਹਾਂ ਦੀ ਸਿਆਸਤ ਦਾ ਸਿੱਖ ਪੰਥ ਵਿੱਚ ਪੁਨਰ ਸਵੀਕਾਰ ਹੋਣਾ ਇੱਕ ਵੱਡੀ ਚੁਣੌਤੀ ਹੈ। ਅਕਾਲ ਤਖਤ ਸਾਹਿਬ ਤੋਂ ਗੁਨਾਹਗਾਰ ਠਹਿਰਾਈ ਅਕਾਲੀ ਲੀਡਰਸ਼ਿਪ ਦੀ ਸਿਆਸੀ ਹੋਂਦ ਹੁਣ ਉਸਦੇ ਆਚਰਣ ’ਤੇ ਨਿਰਭਰ ਕਰੇਗੀ।

## ਕਿਉਂ ਲੱਗੀ ਧਾਰਮਿਕ ਸਜ਼ਾ ?

ਬਹੁਤ ਸਾਰੇ ਸਿੱਖ ਚਿੰਤਕ ਤੇ ਜਥੇਬੰਦੀਆਂ ਇਸ ਗੱਲ ਦੀ ਵਕਾਲਤ ਕਰ ਰਹੀਆਂ ਸਨ ਕਿ ਸੁਖਬੀਰ ਸਿੰਘ ਬਾਦਲ ਨੂੰ ਕਿਸੇ ਤਰ੍ਹਾਂ ਦੀ ਰੋਕ ਲਗਾ ਕੇ ਉਸ ਨੂੰ ਸਿਆਸੀ ਕੀਮਤ ਚੁਕਾਉਣੀ ਚਾਹੀਦੀ ਹੈ ਅਤੇ ਇਹ ਸੁਖਬੀਰ ਸਿੰਘ ਬਾਦਲ ਦੇ ਖੇਮੇ ਦੀ ਸਭ ਤੋਂ ਵੱਡੀ ਚਿੰਤਾ ਸੀ ਜਿਸ ਨੇ ਸਿੰਘ ਸਾਹਿਬਾਨ ਦਾ ਕੰਮ ਵੀ ਔਖਾ ਕਰ ਦਿੱਤਾ ਸੀ।ਸੁਖਬੀਰ ਸਿੰਘ ਬਾਦਲ ਦਾ ਗਰੁੱਪ ਤੇ ਆਈਟੀ ਵਿੰਗ ਲਗਾਤਾਰ ਸ਼ੋਸ਼ਲ ਮੀਡੀਆ ਉਪਰ ਜਥੇਦਾਰਾਂ ਉਪਰ ਹਮਲੇ ਕਰ ਰਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਸਜ਼ਾ ਨਹੀਂ ਹੋਣੀ ਚਾਹੀਦੀ।ਸੁਖਬੀਰ ਸਿੰਘ ਬਾਦਲ ਲਈ ਇਹ ਇਕੱਲੀ ਸਕਾਰਾਤਮਕ ਗੱਲ ਸੀ ਕਿ ਉਸਨੂੰ ਸਿਆਸੀ ਸਜ਼ਾ ਨਹੀਂ ਮਿਲੀ ਪਰ ਇਸ ਦੀ ਭਾਰੀ ਕੀਮਤ ਚੁਕਾਉਣੀ ਪਈ ਹੈ ਕਿ ਉਸਨੂੰ ਆਪਣੇ ਗੁਨਾਹ ਅਕਾਲ ਤਖ਼ਤ ਸਾਹਿਬ ਤੋਂ ਕਬੂਲ ਕਰਨੇ ਪਏ ਹਨ।ਉਸ ਦੇ ਖੇਮੇ ਲਈ ਦੂਸਰੀ ਤਸੱਲੀ ਇਹ ਹੋ ਸਕਦੀ ਹੈ ਕਿ ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲ ਤਖ਼ਤ ਸਾਹਿਬ ਤੋਂ ਦਿੱਤੀ ਫ਼ਖਰ ਏ ਕੌਮ ਦੀ ਉਪਾਧੀ ਵਾਪਸ ਲੈਣ ਤੋਂ ਇਲਾਵਾ ਸਮੂਹਿਕ ਸਜ਼ਾ ਦਿਤੀ ਗਈ ਸੀ।ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਕੁਝ ਹੋਰ ਆਗੂਆਂ ਦੇ ਬਰਾਬਰ ਖੜ੍ਹਾ ਕਰ ਦਿੱਤਾ ਗਿਆ।

ਭਾਵੇਂ ਇਸ ਫੈਸਲੇ ਨੇ ਸੁਖਬੀਰ ਸਿੰਘ ਬਾਦਲ ਨੂੰ ਇਕੱਲੇ ਦੋਸ਼ੀ ਹੋਣ ਤੋਂ ਬਚਾਇਆ, ਜੋ ਕਿ ਸੁਖਬੀਰ ਸਿੰਘ ਬਾਦਲ ਦਾ ਖੇਮਾ ਚਾਹੁੰਦਾ ਸੀ ਪਰ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈ ਦਾ ਬਿਰਤਾਂਤ ਦਿਲਚਸਪ ਤੇ ਇਤਿਹਾਸਕ ਪਹਿਲੂ ਇਹ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਬਾਦਲ ਸ਼ਾਸਨ ਦੌਰਾਨ ਕੀਤੇ ਗਏ ਅਪਰਾਧਾਂ ਲਈ ‘ਹਾਂ ਜਾਂ ਨਾਂਹ’ ਵਿੱਚ ਸਵੀਕਾਰ ਕਰਨ (ਬਾਕੀ ਸਫ਼ਾ 30 ’ਤੇ)

## ਅਠਾਰਵੀਂ ਸਦੀ ਤੇ ਅਜੌਕੇ ਸਮੇਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਈ ਮਹੱਤਵਪੂਰਨ ਫ਼ੈਸਲੇ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਰੰਪਰਾ ਹੈ ਕਿ ਅਠਾਰਵੀਂ ਸਦੀ ਦੌਰਾਨ ਸਿੱਖ ਪੰਥ ਦੇ ਜਥੇਦਾਰ ਵੱਲੋਂ ਪਹਿਲਾਂ ਪੰਥ ਦਾ ਨੁਮਾਇੰਦਾ ਇਕੱਠ ਬੁਲਾਕੇ ਪੰਜ ਸਿੰਘ ਚੁਣਕੇ ਫ਼ੈਸਲੇ ਲਏ ਜਾਂਦੇ ਸਨ, ਸਿੱਖ ਧਰਮ ਦੀਆਂ ਦਰਪੇਸ਼ ਸਮੱਸਿਆਵਾਂ ਉੱਪਰ ਵਿਚਾਰ ਕੀਤੀ ਜਾਂਦੀ ਸੀ ਅਤੇ ਹੁਣ ਅਕਾਲ ਤਖ਼ਤ ਦੇ ਜਥੇਦਾਰ ਪੰਜ ਸਿੰਘ ਸਾਹਿਬਾਨ ਦੇ ਰੂਪ ਵਿਚ ਫ਼ੈਸਲੇ ਲੈਂਦੇ ਹਨ।

* ਫ਼ਰਵਰੀ 1762 ਦੇ ਵੱਡੇ ਘੱਲੂਘਾਰੇ ਤੋਂ ਬਾਅਦ ਇਸੇ ਸਾਲ ਅਕਤੂਬਰ ਵਿੱਚ ਸਿੱਖਾਂ ਵੱਲੋਂ ਅਕਾਲ ਤਖ਼ਤ ਸਾਹਿਬ ’ਤੇ ਸਰਬੱਤ ਖ਼ਾਲਸਾ ਦੌਰਾਨ ਇਕੱਤਰ ਹੋ ਕੇ ਫ਼ੈਸਲਾ ਲਿਆ ਕਿ ਅਹਿਮਦ ਸ਼ਾਹ ਅਬਦਾਲੀ ਦਾ ਜਥੇਬੰਦ ਹੋਕੇ ਮੁਕਾਬਲਾ ਕੀਤਾ ਜਾਵੇਗਾ।ਅਬਦਾਲੀ ਉਸ ਵੇਲੇ ਲਾਹੌਰ ਸੀ ਅਤੇ ਸਿੱਖਾਂ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ ਹੀ ਕੂਚ ਕੀਤਾ ਗਿਆ। ਅਬਦਾਲੀ ਲਾਹੌਰ ਤੋਂ ਆਇਆ, ਅੰਮ੍ਰਿਤਸਰ ਨਜ਼ਦੀਕ ਜੰਗ ਹੋਈ ਅਤੇ ਉਸ ਦੇ ਇਤਿਹਾਸਕਾਰਾਂ ਵੱਲੋਂ ਲਿਖਿਆ ਗਿਆ ਹੈ ਕਿ ਸਿੱਖ ਬਹੁਤ ਬਹਾਦਰੀ ਨਾਲ ਲੜੇ। ਸ਼ਾਮ ਤੱਕ ਅਬਦਾਲੀ ਲੜਾਈ ਵਿੱਚੋਂ ਹਾਰ ਕੇ ਲਾਹੌਰ ਪਹੁੰਚ ਗਿਆ ਸੀ।ਇਸ ਤੋਂ ਬਾਅਦ 1764 ਵਿੱਚ ਵੀ ਅਬਦਾਲੀ ਨੇ ਹਮਲਾ ਕੀਤਾ, ਨੁਕਸਾਨ ਵੀ ਹੋਇਆ ਅਤੇ ਅੰਤ ਸਿੱਖਾਂ ਨੇ ਫ਼ਿਰ ਉਸ ਨੂੰ ਹਰਾ ਦਿੱਤਾ।1765 ਵਿੱਚ ਸਿੱਖਾਂ ਨੇ ਲਾਹੌਰ ਵਿੱਚ ਖ਼ਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ।

ਸਪੱਸ਼ਟ ਹੈ ਕਿ ਖ਼ਾਲਸਾ ਰਾਜ ਦੀ ਸਥਾਪਨਾ ਦਾ ਮੁੱਢ ਅਕਾਲ ਤਖ਼ਤ ਸਾਹਿਬ ਤੋਂ ਹੀ ਬੱਝਿਆ ਸੀ।

* ਵਿਸਾਖੀ 1799 ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਨੇ ਸਰਬੱਤ ਖ਼ਾਲਸਾ ਵਿੱਚ ਐਲਾਨ ਕੀਤਾ ਕਿ ਅਬਦਾਲੀ ਦੇ ਪੋਤਰੇ ਸ਼ਾਹ ਜਮਾਨ ਨਾਲ ਟੱਕਰ ਲਈ ਜਾਵੇਗੀ ਤੇ ਉਸਦੀਆਂ ਜਾਗੀਰਾਂ ਖ਼ਾਲਸਾ ਪੰਥ ਸਵੀਕਾਰ ਨਹੀਂ ਕਰੇਗਾ।ਖ਼ਾਲਸਾ ਰਾਜ ਖੁਦ ਸਥਾਪਤ ਕਰੇਗਾ।

* 1801 ਦੌਰਾਨ ਬਾਬਾ ਸਾਹਿਬ ਸਿੰਘ ਬੇਦੀ ਨੇ ਲਾਹੌਰ ਤਖ਼ਤ ਉੱਪਰ ਮਹਾਰਾਜਾ ਰਣਜੀਤ ਸਿੰਘ ਨੂੰ ਬਿਠਾਕੇ ਖ਼ਾਲਸਾ ਰਾਜ ਦੀ ਹੋਂਦ ਦਾ ਐਲਾਨ ਕਰ ਦਿਤਾ।

* 1978-ਆਧੁਨਿਕ ਸਮੇਂ ਦੀ ਗੱਲ ਕੀਤੀ ਜਾਵੇ ਤਾਂ 10 ਜੂਨ,1978 ਨੂੰ ਨਿਰੰਕਾਰੀਆਂ ਦੇ ਬਾਈਕਾਟ ਦਾ ਹੁਕਮਨਾਮਾ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਸੀ। ਅਪ੍ਰੈਲ 1978 ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਹੋਏ ਝੜਪ ਤੋਂ ਬਾਅਦ 13 ਸਿੱਖਾਂ ਅਤੇ 3 ਨਿਰੰਕਾਰੀ ਸਮਰਥਕਾਂ ਦੀ ਜਾਨ ਗਈ ਸੀ।

* 2007-ਡੇਰਾ ਸੌਦਾ ਮੁਖੀ ਰਾਮ ਰਹੀਮ ਵੱਲੋਂ ਸਲਾਮਤਪੁਰਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਵਰਗੀ ਵੇਸ਼ ਭੂਸ਼ਾ ਅਤੇ ਅੰਮ੍ਰਿਤ ਸੰਚਾਰ ਦੀ ਨਕਲ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖਾਂ ਨੂੰ ਡੇਰੇ ਦਾ ਬਾਈਕਾਟ ਕਰਨ ਨੂੰ ਆਖਿਆ ਗਿਆ ਸੀ।

* 2015- 2015 ਵਿੱਚ ਅਕਾਲ ਤਖ਼ਤ ਸਾਹਿਬ ਵੱਲੋਂ ਡੇਰਾ ਮੁਖੀ ਨੂੰ ਮੁਆਫ਼ੀ ਦਿੱਤੀ ਗਈ, ਸਿੱਖਾਂ ਦੇ ਵਿਰੋਧ ਤੋਂ ਬਾਅਦ ਅਕਤੂਬਰ 2015 ਵਿੱਚ ਇਹ ਫ਼ੈਸਲਾ ਵਾਪਸ ਲੈਂਦੇ ਹੋਏ

## ਕੀ ਹੋਵੇਗਾ ਅਕਾਲੀ ਲੀਡਰਸ਼ਿਪ ਦਾ ਭਵਿੱਖ ?



ਤੇਰ੍ਹਾਂ ਸਾਲਾਂ ਬਾਅਦ, ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੇਸ਼ ਹੋ ਕੇ ਗੁਨਾਹ (ਅਪਰਾਧਾਂ) ਨੂੰ ਸਵੀਕਾਰ ਕੀਤਾ, ਜਦੋਂ ਉਸਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਤੇ ਪੰਜਾਬ ਸਰਕਾਰ ਦੀ ਕਮਾਂਡ ਸੀ। ਹੁਣ ਤਕ ਸੁਖਬੀਰ ਸਿੰਘ ਬਾਦਲ ਐਲਾਨੀਆ ਕਹਿੰਦਾ ਰਿਹਾ ਸੀ ਕਿ ਉਸ ਉੱਪਰ ਲੱਗੇ ਦੋਸ਼ ਅਕਾਲੀ ਦਲ ਤੇ ਖ਼ਾਲਸਾ ਪੰਥ ਵਿਰੁੱਧ ਸਾਜਿਸ਼ ਹੈ। ਇਹ ਸਾਜਿਸ਼ੀ ਲੋਕ ਅਕਾਲੀ ਦਲ ਖਤਮ ਕਰਨਾ ਚਾਹੁੰਦੇ ਹਨ।

ਅਸਲ ਵਿੱਚ, ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਵਜੋਂ ਪੰਜਵਾਂ ਕਾਰਜਕਾਲ ਹੀ ਨਹੀਂ, ਸਗੋਂ ਬਾਦਲ ਦਾ ਤੀਜਾ ਕਾਰਜਕਾਲ (1997-2002) ਤੋਂ ਬਾਅਦ ਲਗਭਗ ਪੂਰਾ ਕਾਰਜਕਾਲ ਨੁਕਸਦਾਰ ਸੀ ,ਜਿਸ ਕਾਰਨ ਸਿੱਖ ਪੰਥ ਦਾ ਭਰੋਸਾ ਅਕਾਲੀ ਦਲ ਤੋਂ ਹੋਲੀ ਹੋਲੀ ਉਠ ਗਿਆ ਸੀ।ਹੁਣ ਸਥਿਤੀ ਇਹ ਹੈ ਕਿ ਬਾਦਲ ਪਰਿਵਾਰ ਅਤੇ ਉਸ ਦੇ ਸਰਪ੍ਰਸਤਾਂ ਲਈ ਆਪਣੀ ਪਰਿਵਾਰਕ ਵਿਰਾਸਤ ਦੇ ਗੀਤ ਗਾਉਣੇ ਵੀ ਔਖੇ ਹੋ ਜਾਣਗੇ। ਜੇਕਰ ਪੂਰੀ ਹਲੀਮੀ ਨਾਲ ਅਕਾਲੀ ਲੀਡਰਸ਼ਿਪ ਸਿੰਘ ਸਾਹਿਬਾਨ ਦੇ ਆਦੇਸ਼ਾਂ ’ਤੇ ਅਮਲ ਕਰਦੀ ਹੈ ਅਤੇ ਭਵਿੱਖ ਵਿੱਚ ਇਕਮੁੱਠ ਹੋ ਕੇ ਤੁਰਦੀ ਹੈ, ਤਾਂ ਉਹ ਇਕ ਵਾਰ ਫਿਰ ਪਾਰਟੀ ਦੀ ਪੁਨਰ ਸੁਰਜੀਤੀ ਵਿੱਚ ਕਾਮਯਾਬ ਹੋ ਸਕੇਗੀ। ਬੀਬੀ ਕਿਰਨਜੋਤ ਕੌਰ ਨੇ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਨੂੰ ਕੁਝ ਹੱਦ ਤਕ ਤਸਲੀਬਖਸ਼ ਕਿਹਾ ਹੈ।

ਸਿੱਖ ਵਿਦਵਾਨ ਗੁਰਤੇਜ ਸਿੰਘ ਆਈ.ਏ.ਐਸ. ਨੇ ਕਿਹਾ ਕਿ ਸਿੰਘ ਸਾਹਿਬਾਨ ਵਲੋਂ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿੱਚ ਅਕਾਲੀ ਦਲ ਦੀ ਪੁਨਰ ਸਿਰਜਣਾ ਤੇ ਭਰਤੀ ਲਈ ਟੀਮ ਬਣਾਉਣੀ ਠੀਕ ਨਹੀਂ ,ਕਿਉਂਕਿ ਧਾਮੀ ਦਾ ਵਰਤਾਰਾ ਸਿੱਖ ਪੰਥ ਦੇ ਹੱਕ ਵਿੱਚ ਖੜਨ ਦੀ ਥਾਂ ਬਾਦਲ ਪਰਿਵਾਰ ਤੇ ਸੁਖਬੀਰ ਦੀ ਪ੍ਰਧਾਨਗੀ ਬਚਾਉਣ ਦੇ ਹੱਕ ਵਿੱਚ ਰਿਹਾ। ਇਸ ਕਮੇਟੀ ਵਿੱਚ ਭਾਈ ਅੰਮ੍ਰਿਤ ਪਾਲ ਸਿੰਘ ਧੜਾ, ਬਾਬਾ ਸਰਬਜੋਤ ਸਿੰਘ ਬੇਦੀ ਤੇ ਹੋਰ ਪੰਥਕ ਸੰਸਥਾਵਾਂ ਦੇ ਆਗੂ ਲਏ ਜਾਣੇ ਚਾਹੀਦੇ ਸਨ ਜੋ ਅਕਾਲੀ ਦਲ ਦਾ ਪੰਥਕ ਸਰੂਪ ਘੜ ਸਕਦੇ ਤੇ ਸਿੱਖ ਜਜਬਾ ਜਗਾ ਸਕਦੇ। ਅਯੋਗ ਬੰਦੇ ਕਦੇ ਵੀ ਅਕਾਲੀ ਵਿਰਾਸਤ ਖੜੀ ਨਹੀਂ ਕਰ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਸੁਖਬੀਰ ਨੂੰ ਸਿਆਸੀ ਸਜ਼ਾ ਲਗਾਉਣੀ ਚਾਹੀਦੀ ਸੀ। ਇਸ ਦੇ ਦੋਸ਼ ਸਭ ਤੋਂ ਵੱਡੇ ਹਨ। ਜੇ ਵਿਰਸਾ ਸਿੰਘ ਵਲਟੋਹਾ ਨੂੰ ਅਕਾਲੀ ਦਲ ਤੋਂ ਕੱਢਿਆ ਜਾ ਸਕਦਾ ਹੈ ਤਾਂ ਸੁਖਬੀਰ ਦੀ ਸਜ਼ਾ ਏਨੀ ਘੱਟ ਕਿਉਂ ?

ਸਿੱਖ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ‘ਇਤਿਹਾਸਕ, ਸੁਚੱਜਾ ਅਤੇ ਸਮੇਂ ਮੁਤਾਬਕ ਲਿਆ ਗਿਆ (ਬਾਕੀ ਸਫ਼ਾ 30 ’ਤੇ)

# ਭਾਰਤੀਆਂ 'ਚ ਡੌਂਕੀ ਲਗਾ ਕੇ ਅਮਰੀਕਾ ਜਾਣ ਦਾ ਵਧਿਆ ਰੁਝਾਨ

## ਅਮਰੀਕਾ ਦੇ ਸਖ਼ਤ ਕਾਨੂੰਨ ਵੀ ਭਾਰਤੀਆਂ ਦਾ ਨਹੀਂ ਰੋਕ ਸਕੇ ਰਾਹ

## ਇਸ ਸਾਲ ਅਮਰੀਕਾ ਦੀ ਸਰਹੱਦ 'ਤੇ ਫ਼ੜੇ ਗਏ 40 ਹਜ਼ਾਰ ਤੋਂ ਵੱਧ ਭਾਰਤੀ




ਅਮਰੀਕਾ ਜਾਣ ਦੇ ਚਾਹਵਾਨ ਭਾਰਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਵਿੱਚ ਵੀ ਭਾਰੀ ਵਾਧਾ ਹੋਇਆ ਹੈ। ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀਆਂ ਵਿੱਚ ਵੱਡੀ ਗਿਣਤੀ ਕੈਨੇਡਾ ਦੀ ਸਰਹੱਦ ਤੋਂ ਆਉਣ ਵਾਲਿਆਂ ਦੀ ਹੈ।

ਹਾਲਾਂਕਿ, ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਦੀ ਜਿੱਤ ਤੋਂ ਬਾਅਦ ਵਾਲੀ ਸਰਕਾਰ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਵਿਚਕਾਰ ਇੱਕ ਵੱਡਾ ਦੁਵੱਲਾ ਮੁੱਦਾ ਬਣ ਗਿਆ ਹੈ ਪਰ ਹਾਲ ਹੀ ਦੇ ਸਾਲਾਂ ਵਿੱਚ ਕੈਨੇਡਾ ਅਤੇ ਅਮਰੀਕਾ ਦੀ ਸਰਹੱਦ 'ਤੇ ਭਾਰਤੀ ਨਾਗਰਿਕਾਂ ਦੁਆਰਾ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸ ਵਿੱਚ ਭਾਰੀ ਵਾਧਾ ਹੋਇਆ ਹੈ।

**.ਗੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲਿਆਂ ਵਿੱਚੋਂ 22 ਫ਼ੀਸਦੀ ਭਾਰਤੀ**

ਯੂਐਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੁਆਰਾ ਉੱਤਰੀ ਸਰਹੱਦ 'ਤੇ ਮੁੱਠਭੇੜਾਂ ਦੇ ਅੰਕੜਿਆਂ ਦੇ ਅਨੁਸਾਰ, ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਕੁੱਲ ਲੋਕਾਂ ਦੀ ਗਿਣਤੀ ਦਾ 22 ਪ੍ਰਤੀਸ਼ਤ ਭਾਰਤੀ ਹਨ। ਜੋ ਆਪਣੇ ਆਪ ਵਿਚ ਹੈਰਾਨ ਕਰਨ ਵਾਲਾ ਹੈ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਅਕਤੂਬਰ ਤੋਂ ਸਤੰਬਰ ਤੱਕ ਆਪਣੇ ਵਿੱਤੀ ਸਾਲ ਦਾ ਡਾਟਾ ਪ੍ਰਦਾਨ ਕਰਦਾ ਹੈ।ਸਾਲ 2022 ਵਿੱਚ ਅਮਰੀਕਾ ਵਿੱਚ ਦਾਖ਼ਲ ਹੋਣ ਲਈ ਕੁੱਲ 109,535 ਲੋਕਾਂ ਨੇ ਕੋਸ਼ਿਸ਼ਾਂ ਕੀਤੀਆਂ। ਜਿਸ ਵਿੱਚ ਭਾਰਤੀਆਂ ਦੀ ਗਿਣਤੀ ਲਗਭਗ 16 ਫ਼ੀਸਦੀ ਸੀ। ਸਾਲ 2023 'ਚ ਰੂਸ ਤੋਂ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਦੀ ਗਿਣਤੀ 'ਚ ਵੀ ਵਾਧਾ ਹੋਇਆ, ਉਸ ਸਾਲ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਦੀ ਕੁੱਲ ਗਿਣਤੀ 189,402 ਸੀ, ਜਿਨ੍ਹਾਂ 'ਚੋਂ ਭਾਰਤੀਆਂ ਦੀ ਗਿਣਤੀ 30,010 ਸੀ।

**43 ਹਜ਼ਾਰ ਤੋਂ ਵੱਧ ਭਾਰਤੀਆਂ ਨੇ .ਗੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਦੀ ਕੀਤੀ ਕੋਸ਼ਿਸ਼**

ਇਸ ਸਾਲ ਕੁੱਲ 198,929 ਲੋਕਾਂ ਨੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਜਦਕਿ ਭਾਰਤੀਆਂ ਦੀ ਕੁੱਲ ਗਿਣਤੀ 43,764 ਸੀ, ਜੋ ਕੁੱਲ ਅੰਕੜੇ ਦਾ ਲਗਭਗ 22 ਫ਼ੀਸਦੀ ਹੈ। ਹਾਲਾਂਕਿ ਇਹ ਅੰਕੜਾ ਉਨ੍ਹਾਂ ਦਾ ਹੀ ਹੈ, ਜਿਨ੍ਹਾਂ ਨੂੰ ਸਰਹੱਦ 'ਤੇ ਤਾਇਨਾਤ ਅਧਿਕਾਰੀਆਂ ਨੇ ਫ਼ੜਿਆ ਹੈ। ਜਦੋਂ ਕਿ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਿੱਚ ਕਾਮਯਾਬ ਰਹੇ ਲੋਕਾਂ ਦਾ ਡਾਟਾ ਉਪਲਬਧ ਨਹੀਂ ਹੈ।

**ਟਰੰਪ ਦੀ ਸਰਹੱਦ 'ਤੇ ਕਾਰਵਾਈ**

ਤੁਹਾਨੂੰ ਦੱਸ ਦੇਈਏ ਕਿ ਸਰਹੱਦੀ ਮੁੱਦਾ ਉਨ੍ਹਾਂ ਮੁੱਦਿਆਂ ਵਿੱਚੋਂ ਇੱਕ ਹੈ, ਜਿਸ ਬਾਰੇ ਡੋਨਾਲਡ ਟਰੰਪ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਜੇਕਰ ਕੈਨੇਡਾ 25 ਫ਼ੀਸਦੀ ਟੈਰਿਫ਼ ਤੋਂ ਬਚਣਾ ਚਾਹੁੰਦਾ ਹੈ ਤਾਂ ਇਸ ਨੂੰ ਹੱਲ ਕਰਨਾ ਹੋਵੇਗਾ। ਕੈਨੇਡੀਅਨ ਮੀਡੀਆ ਮੁਤਾਬਕ ਸ਼ੁੱਕਰਵਾਰ ਨੂੰ ਟਰੂਡੋ ਨੇ ਟਰੰਪ ਨਾਲ ਚਰਚਾ ਵੀ ਕੀਤੀ। ਟਰੂਡੋ ਦੇ ਨਾਲ ਕੈਨੇਡਾ ਦੇ ਪਬਲਿਕ ਸੇਫ਼ਟੀ ਮੰਤਰੀ ਡੋਮਿਨਿਕ ਲੇਬਲੈਂਕ ਵੀ ਸਨ, ਜੋ ਸੀਬੀਪੀ ਦੇ ਮੁਖੀ ਹਨ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਦੀ ਇੰਚਾਰਜ ਹੈ।

# ਅਮਰੀਕਾ: ਸਿੱਖ ਸੰਸਥਾ ਨੇ ਵੱਖ-ਵੱਖ ਥਾਵਾਂ 'ਤੇ ਲਾਇਆ ਲੰਗਰ

## ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਉਪਦੇਸ਼ਾਂ ਤੋਂ ਪ੍ਰੇਰਨਾ ਲੈ ਕੇ ਕੰਮ ਕਰ ਰਹੀ ਹੈ ਸੰਸਥਾ



ਵਾਸ਼ਿੰਗਟਨ/ਏ.ਟੀ.ਨਿਊਜ਼: ਨਿਊ ਜਰਸੀ ਦੀ ਗੈਰ-ਮੁਨਾਫ਼ਾ ਸੰਸਥਾ ਵੱਲੋਂ ਦੇਸ਼ ਭਰ ਵਿੱਚ ਲੰਗਰ ਲਗਾਏ ਗਏ।

ਇਸ ਦੌਰਾਨ ਹਜ਼ਾਰਾਂ ਵਿਅਕਤੀਆਂ ਨੇ ਲੰਗਰ ਛਕਿਆ। ਪ੍ਰੈੱਸ ਬਿਆਨ ਰਾਹੀਂ ਦੱਸਿਆ ਗਿਆ ਕਿ 'ਲੈਟਸ ਸ਼ੇਅਰ ਮੀਲ' ਸੰਸਥਾ ਦੇ 700 ਤੋਂ ਵੱਧ ਸਵੈਮ ਸੇਵਕਾਂ ਨੇ ਨਿਊ ਜਰਸੀ, ਪੈਨਸਿਲਵੇਨੀਆ, ਮੈਸਾਚੁਸੇਟਸ ਅਤੇ ਕਨੈਕਟਿਕਟ ਵਿੱਚ 80 ਥਾਵਾਂ 'ਤੇ 10,000 ਤੋਂ ਵੱਧ ਵਿਅਕਤੀਆਂ ਨੂੰ ਲੰਗਰ ਵਰਤਾਇਆ। ਇਸ ਲੰਗਰ ਦੇ ਮੁੱਖ ਪ੍ਰਬੰਧਕਾਂ 'ਚੋਂ ਇੱਕ ਓਂਕਾਰ ਸਿੰਘ ਨੇ ਕਿਹਾ, "ਇਹ ਸੰਸਥਾ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਉਪਦੇਸ਼ਾਂ ਤੋਂ ਪ੍ਰੇਰਣਾ ਲੈ ਕੇ ਕੰਮ ਕਰ ਰਹੀ ਹੈ। ਲੰਗਰ ਦੀ ਧਾਰਨਾ ਗੁਰੂ ਨਾਨਕ ਦੇਵ ਜੀ ਦੀ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਸੰਸਥਾ ਆਪਣੀ ਸਥਾਪਨਾ ਦੇ ਬਾਅਦ ਤੋਂ ਪੂਰੇ ਅਮਰੀਕਾ ਵਿੱਚ 10 ਲੱਖ ਤੋਂ ਵੱਧ ਲੋਕਾਂ ਨੂੰ ਲੰਗਰ ਛਕਾ ਚੁੱਕੀ ਹੈ।

ਇੱਕ ਸਵੈਮ ਸੇਵੀ ਹਰਲੀਨ ਕੌਰ ਨੇ ਕਿਹਾ, "ਮੈਂ 15 ਸਾਲਾਂ ਤੋਂ ਇਸ ਕੋਸ਼ਿਸ਼ ਦਾ ਹਿੱਸਾ ਹਾਂ ਅਤੇ ਜਿਸ ਤਰ੍ਹਾਂ ਇਹ ਅੱਗੇ ਵੱਧ ਰਹੀ ਹੈ, ਇਸ ਨੂੰ ਦੇਖ ਕੇ ਮਾਣ ਮਹਿਸੂਸ ਹੁੰਦਾ ਹੈ। ਹਰੇਕ ਸਾਲ ਜ਼ਿਆਦਾ ਤੋਂ ਜ਼ਿਆਦਾ ਲੋਕ (ਸਵੈਮ ਸੇਵੀ ਤੇ ਦਾਨੀ) ਇਸ ਨੂੰ ਸੰਭਵ ਬਣਾਉਣ ਲਈ ਜੁੜ ਰਹੇ ਹਨ।"

# 'ਭਾਰਤ' ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ ਕਮਿਸ਼ਨ ਦਾ ਮੁੜ ਮੈਂਬਰ ਬਣਿਆ



ਨਿਊ ਯਾਰਕ/ਏ.ਟੀ.ਨਿਊਜ਼: ਭਾਰਤ ਨੂੰ ਸਾਲ 2025-26 ਲਈ ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ ਕਮਿਸ਼ਨ ਦੇ ਮੈਂਬਰ ਵਜੋਂ ਮੁੜ ਚੁਣਿਆ ਗਿਆ ਹੈ। ਕਮਿਸ਼ਨ 'ਚ ਭਾਰਤ ਦਾ ਮੌਜੂਦਾ ਕਾਰਜਕਾਲ 31 ਦਸੰਬਰ ਨੂੰ ਖਤਮ ਹੋ ਰਿਹਾ ਹੈ। ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਮਿਸ਼ਨ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ 'ਚ ਕਿਹਾ, 'ਭਾਰਤ ਨੂੰ 2025-26 ਲਈ ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ ਕਮਿਸ਼ਨ (ਪੀਬੀਸੀ) ਲਈ ਮੁੜ ਚੁਣਿਆ ਗਿਆ ਹੈ। ਬਾਨੀ ਮੈਂਬਰ ਅਤੇ ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ 'ਚ ਪ੍ਰਮੁੱਖ ਯੋਗਦਾਨ ਦੇਣ ਵਾਲੇ ਮੁਲਕ ਦੇ ਰੂਪ 'ਚ ਭਾਰਤ ਆਲਮੀ ਸ਼ਾਂਤੀ ਤੇ ਸਥਿਰਤਾ ਦੀ ਦਿਸ਼ਾ 'ਚ ਕੰਮ ਕਰਨ ਲਈ ਪੀਬੀਸੀ ਨਾਲ ਜੁੜੇ ਰਹਿਣ ਲਈ ਵਚਨਬੱਧ ਹੈ।' ਪੀਬੀਸੀ 'ਚ 31 ਮੈਂਬਰ ਮੁਲਕ ਹਨ ਜੋ ਸੰਯੁਕਤ ਰਾਸ਼ਟਰ ਮਹਾਸਭਾ, ਸੁਰੱਖਿਆ ਕੌਂਸਲ ਅਤੇ ਆਰਥਿਕ ਤੇ ਸਮਾਜਿਕ ਕੌਂਸਲ ਤੋਂ ਚੁਣੇ ਜਾਂਦੇ ਹਨ।

# ਟਰੰਪ ਵੱਲੋਂ ਕਾਸ਼ ਪਟੇਲ ਐਫ.ਬੀ.ਆਈ. ਦਾ ਡਾਇਰੈਕਟਰ ਨਾਮਜ਼ਦ

ਵਾਸ਼ਿੰਗਟਨ: ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੇ ਅਮਰੀਕੀ ਕਾਸ਼ ਪਟੇਲ (44) ਨੂੰ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ਼.ਬੀ.ਆਈ.) ਦਾ ਡਾਇਰੈਕਟਰ ਨਾਮਜ਼ਦ ਕੀਤਾ ਹੈ। ਪਟੇਲ ਇਸ ਨਾਮਜ਼ਦਗੀ ਨਾਲ ਅਗਾਮੀ ਟਰੰਪ ਪ੍ਰਸ਼ਾਸਨ ਵਿੱਚ ਸਿਖਰਲਾ ਅਹੁਦਾ ਹਾਸਲ ਕਰਨ ਵਾਲਾ ਪਹਿਲਾ ਭਾਰਤੀ ਅਮਰੀਕੀ ਬਣ ਗਿਆ ਹੈ। ਟਰੰਪ ਨੇ ਆਪਣੀ ਮਾਲਕੀ ਵਾਲੇ ਸੋਸ਼ਲ ਮੀਡੀਆ ਪਲੈਟਫਾਰਮ 'ਟਰੁਥ ਸੋਸ਼ਲ' ਉੱਤੇ ਐਲਾਨ ਕੀਤਾ, "ਮੈਨੂੰ ਇਹ ਐਲਾਨ ਕਰਨ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਕਸ਼ਯਪ 'ਕਾਸ਼' ਪਟੇਲ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਅਗਲੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਉਣਗੇ। ਕਾਸ਼ ਬਹੁਤ ਵਧੀਆ ਵਕੀਲ, ਤਫ਼ਤੀਸ਼ਕਾਰ ਅਤੇ 'ਅਮੈਰਿਕਾ ਫਸਟ' ਜੰਗਜੂ ਹੈ, ਜਿਸ ਨੇ ਆਪਣਾ ਕਰੀਅਰ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ, ਨਿਆਂ ਦੀ ਰੱਖਿਆ ਅਤੇ ਅਮਰੀਕੀ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਉੱਤੇ ਲਾ ਦਿੱਤਾ।" ਟਰੰਪ ਨੇ ਕਿਹਾ ਕਿ ਪਟੇਲ ਨੇ 'ਰਸ਼ੀਆ ਰਸ਼ੀਆ ਰਸ਼ੀਆ ਹੋਕਸ' ਬੇਨਕਾਬ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ। ਉਹ ਸੱਚ, ਜਵਾਬਦੇਹੀ ਤੇ ਸੰਵਿਧਾਨ ਦੀ ਵਕਾਲਤ ਲਈ ਖੜ੍ਹਿਆ ਰਿਹਾ।



ਪਟੇਲ ਨੇ 2017 ਵਿੱਚ ਟਰੰਪ ਪ੍ਰਸ਼ਾਸਨ ਦੇ ਆਖਰੀ ਕੁਝ ਹਫ਼ਤਿਆਂ ਵਿੱਚ ਅਮਰੀਕਾ ਦੇ ਕਾਰਜਕਾਰੀ ਰੱਖਿਆ ਮੰਤਰੀ ਦੇ ਚੀਫ਼ ਆਫ਼ ਸਟਾਫ਼ ਵਜੋਂ ਵੀ ਸੇਵਾਵਾਂ ਨਿਭਾਈਆਂ ਸਨ। ਮਨੋਨੀਤ ਰਾਸ਼ਟਰਪਤੀ ਨੇ ਕਿਹਾ, "ਕਾਸ਼ ਨੇ ਮੇਰੇ ਪਹਿਲੇ ਕਾਰਜਕਾਲ ਦੌਰਾਨ ਸ਼ਾਨਦਾਰ ਕੰਮ ਕੀਤਾ ਸੀ। ਕਾਸ਼ ਨੇ ਰੱਖਿਆ ਵਿਭਾਗ ਵਿੱਚ ਚੀਫ਼ ਆਫ਼ ਸਟਾਫ, ਨੈਸ਼ਨਲ ਇੰਟੈਲੀਜੈਂਸ ਦੇ ਡਿਪਟੀ ਡਾਇਰੈਕਟਰ ਅਤੇ ਕੌਮੀ ਸੁਰੱਖਿਆ ਕੌਂਸਲ ਵਿੱਚ ਅਤਿਵਾਦ ਦੇ ਟਾਕਰੇ ਨੂੰ ਲੈ ਕੇ ਵਿਭਾਗ ਦੇ ਸੀਨੀਅਰ ਡਾਇਰੈਕਟਰ ਵਜੋਂ ਵੀ ਕੰਮ ਕੀਤਾ। ਕਾਸ਼ 60 ਤੋਂ ਵੱਧ ਕੇਸਾਂ ਵਿੱਚ ਸਰਕਾਰ ਵੱਲੋਂ ਪੇਸ਼ ਹੋਇਆ।"

**ਪਟੇਲ ਦੀਆਂ ਜੜ੍ਹਾਂ ਗੁਜਰਾਤ ਵਿੱਚ**

ਨਿਊ ਯਾਰਕ ਵਿੱਚ ਪੈਦਾ ਹੋਏ ਪਟੇਲ ਦੀਆਂ ਜੜ੍ਹਾਂ ਗੁਜਰਾਤ ਵਿੱਚ ਹਨ। ਪਟੇਲ ਦੇ ਮਾਤਾ ਪਿਤਾ ਈਸਟ ਅਫ਼ਰੀਕਾ- ਮਾਂ ਤਨਜ਼ਾਨੀਆ ਅਤੇ ਪਿਤਾ ਯੁਗਾਂਡਾ ਤੋਂ ਹਨ। ਪਟੇਲ ਦੇ ਮਾਤਾ ਪਿਤਾ 1970 ਵਿੱਚ ਕੈਨੇਡਾ ਤੋਂ ਅਮਰੀਕਾ ਆਏ ਸਨ। ਪਟੇਲ ਨੇ ਇਸ ਖ਼ਬਰ ਏਜੰਸੀ ਨੂੰ ਪਹਿਲਾਂ ਦਿੱਤੀ ਇੰਟਰਵਿਊ ਵਿੱਚ ਕਿਹਾ ਸੀ, "ਅਸੀਂ ਗੁਜਰਾਤੀ ਹਾਂ।" ਪਟੇਲ ਪਰਿਵਾਰ 70ਵਿਆਂ ਦੇ ਅਖੀਰ ਵਿੱਚ ਨਿਊ ਯਾਰਕ ਦੇ ਕੁਈਨਜ਼ ਵਿੱਚ ਆਇਆ ਸੀ। ਪਟੇਲ ਦਾ ਜਨਮ ਤੇ ਪਰਵਰਿਸ਼ ਇਥੇ ਹੀ ਹੋਈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu

Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਹੁਣ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਹੀਂ ਦੇਵੇਗਾ ਪਨਾਹ

## ਕੈਨੇਡਾ ਸਰਕਾਰ ਇਮੀਗ੍ਰੇਸ਼ਨ ਅਤੇ ਸ਼ਰਨ ਪ੍ਰਣਾਲੀਆਂ ਵਿੱਚ ਕਰੇਗੀ ਹੋਰ ਸੁਧਾਰ

ਵਿਨੀਪੈਗ/ਏ.ਟੀ.ਨਿਊਜ਼: ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸ਼ਰਨ ਪ੍ਰਣਾਲੀਆਂ ਵਿੱਚ ਹੋਰ ਸੁਧਾਰਾਂ ਦਾ ਪ੍ਰਸਤਾਵ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਨੇ ਹਾਲ ਹੀ ਵਿੱਚ ਅਗਲੇ ਦੋ ਸਾਲਾਂ ਵਿੱਚ ਕੈਨੇਡਾ 'ਚ ਦਾਖਲ ਹੋਣ ਵਾਲੇ ਸਥਾਈ ਵਸਨੀਕਾਂ ਦੀ ਗਿਣਤੀ ਵਿੱਚ ਮਹੱਤਵਪੂਰਨ ਕਟੌਤੀ ਕੀਤੀ ਹੈ ਅਤੇ ਅਸਥਾਈ ਵਰਕਰ ਪਰਮਿਟਾਂ ਦੇ ਨਿਯਮਾਂ ਨੂੰ ਸਖ਼ਤ ਕੀਤਾ ਹੈ। ਕੈਨੇਡੀਅਨ ਅਧਿਕਾਰੀਆਂ ਵੱਲੋਂ ਪ੍ਰਦਾਨ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ ਸ਼ਰਨਾਰਥੀ ਅਤੇ ਪਨਾਹ ਦੇ ਦਾਅਵਿਆਂ 'ਤੇ ਕਾਰਵਾਈ ਕਰਨ ਲਈ ਔਸਤਨ ਉਡੀਕ ਦਾ ਸਮਾਂ ਲਗਭਗ 44 ਮਹੀਨੇ ਹੈ।

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਪਾਰਲੀਮਾਨੀ ਕਮੇਟੀ ਅੱਗੇ ਪੇਸ਼ ਹੋਣ ਦੌਰਾਨ ਕਿਹਾ ਕਿ ਅਸਾਇਲਮ ਸਿਸਟਮ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਰਿਹਾ ਜਿਸ ਨੂੰ ਮੁਕੰਮਲ ਤੌਰ 'ਤੇ ਬਦਲਣਾ ਹੋਵੇਗਾ। ਇਮੀਗ੍ਰੇਸ਼ਨ ਅਤੇ ਰਫ਼ਿਊਜੀ ਬੋਰਡ ਕੋਲ ਅਕਤੂਬਰ ਦੇ ਅੰਤ ਤੱਕ ਅਸਾਇਲਮ ਦੇ 2 ਲੱਖ 60 ਹਜ਼ਾਰ ਤੋਂ ਵੱਧ ਦਾਅਵੇ ਵਿਚਾਰ ਅਧੀਨ ਸਨ ਅਤੇ ਜਦਕਿ ਇਹ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ।

ਵਿਜ਼ਟਰ ਵੀਜ਼ਾ 'ਤੇ ਆਉਣ ਮਗਰੋਂ ਅਸਾਇਲਮ ਦਾ ਦਾਅਵਾ ਕਰਨ ਵਾਲਿਆਂ ਦੇ ਮਾਮਲਿਆਂ ਨੂੰ ਜਲਦ ਤੋਂ ਜਲਦ ਨਿਬੇੜਨ ਲਈ ਕੈਨੇਡਾ ਸਰਕਾਰ ਨੇ ਕਮਰ ਕਸ ਲਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹਜ਼ਾਰਾਂ ਦਾਅਵੇ ਰੱਦ ਹੋ ਸਕਦੇ ਹਨ। ਮਾਰਕ ਮਿਲਰ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਲੋਕਾਂ ਨੇ ਗ਼ੈਰਵਾਜਬ ਤਰੀਕੇ ਨਾਲ ਪਨਾਹ ਦੇ ਦਾਅਵੇ ਕੀਤੇ ਜਦਕਿ ਉਹ ਇਸ ਦੇ ਬਿਲਕੁਲ ਵੀ ਯੋਗ ਨਹੀਂ ਸਨ। ਇਹ ਹਜ਼ਾਰਾਂ ਸ਼ਰਨਾਰਥੀ ਦਾਅਵੇ ਦਾਇਰ ਕਰਨ



ਵਾਲੇ ਕੌਮਾਂਤਰੀ ਵਿਦਿਆਰਥੀ ਹਨ, ਜਿਨ੍ਹਾਂ ਦੀ ਸੱਚਾਈ 'ਤੇ ਮਿਲਰ ਨੇ ਸਵਾਲ ਚੁੱਕੇ ਹਨ।ਮਿਲਰ ਨੇ ਕਿਹਾ, ਸ਼ਰਨ ਦੇ ਦਾਅਵੇ ਕਰਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ, ਕਮੇਟੀ ਵਿੱਚ ਜਦੋਂ ਮਿਲਰ ਆਪਣੀ ਗਵਾਹੀ ਪੂਰੀ ਕਰ ਰਿਹਾ ਸੀ ਤਾਂ ਕਈ ਵਿਅਕਤੀ ਹੱਥਾਂ ਵਿੱਚ 'ਸਾਨੂੰ ਵਾਪਸ ਨਾ ਭੇਜੋ' ਦੇ ਬੈਨਰ ਫੜੇ ਹੋਏ ਸਨ।ਸੰਸਦੀ ਸੁਰੱਖਿਆ ਸੇਵਾ ਦੇ ਅਧਿਕਾਰੀਆਂ ਨੇ ਲਗਭਗ 20 ਲੋਕਾਂ ਦੇ ਸਮੂਹ ਨੂੰ ਇਮਾਰਤ ਤੋਂ ਬਾਹਰ ਕੱਢਿਆ। ਐਨ.ਡੀ.ਪੀ. ਇਮੀਗ੍ਰੇਸ਼ਨ ਆਲੋਚਕ ਜੈਨੀ ਕਵਾਨ ਨੇ ਹਾਲ ਹੀ ਵਿੱਚ ਇਮੀਗ੍ਰੇਸ਼ਨ ਤਬਦੀਲੀਆਂ ਨੂੰ ਵਾਪਸ ਲੈਣ ਦੀ ਮੰਗ ਕੀਤੀ।ਮਿਲਰ ਨੇ ਜਵਾਬ ਦਿੱਤਾ ਕਿ ਕੈਨੇਡੀਅਨ ਨਾਗਰਿਕ ਬਣਨਾ ਕੋਈ ਅਧਿਕਾਰ ਨਹੀਂ ਹੈ।ਅਕਤੂਬਰ ਵਿੱਚ 17,400 ਜਣਿਆਂ ਨੇ ਕੈਨੇਡਾ ਵਿੱਚ ਪਨਾਹ ਦਾ ਦਾਅਵਾ ਕੀਤਾ ਜਦਕਿ ਜੁਲਾਈ ਵਿੱਚ ਅੰਕੜਾ 20 ਹਜ਼ਾਰ ਦਰਜ ਕੀਤਾ ਗਿਆ ਸੀ। ਅਸਾਇਲਮ ਦੇ 14 ਹਜ਼ਾਰ ਤੋਂ ਵੱਧ ਦਾਅਵੇ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਕੀਤੇ ਗਏ। ਇਮੀਗ੍ਰੇਸ਼ਨ ਮੰਤਰੀ ਨੇ ਪਾਰਲੀਮਾਨੀ ਕਮੇਟੀ ਨੂੰ ਦੱਸਿਆ ਕਿ ਅਸਾਇਲਮ ਸਿਸਟਮ ਵਿੱਚ ਸੁਧਾਰਾਂ ਦੌਰਾਨ ਕੌਮਾਂਤਰੀ ਵਿਦਿਆਰਥੀਆਂ ਨੂੰ ਪਨਾਹ ਦਾ ਦਾਅਵਾ ਕਰਨ ਦੇ ਹੱਕ ਤੋਂ ਵਾਂਝਾ ਕੀਤਾ ਜਾ ਸਕਦਾ ਹੈ। ਇਮੀਗ੍ਰੇਸ਼ਨ ਮੰਤਰੀ ਵੱਲੋਂ ਨਵੇਂ ਨਿਯਮਾਂ ਬਾਰੇ ਵਿਸਤਾਰਤ ਜਾਣਕਾਰੀ ਨਹੀਂ ਦਿੱਤੀ ਗਈ।

### ਆਰਜ਼ੀ ਵੀਜ਼ਾ 'ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਟੱਪੀ

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਖ਼ੁਦ ਮੰਨ ਕਰਨ ਚੁੱਕੀ ਹੈ ਕਿ ਮੁਲਕ ਵਿੱਚ ਆਰਜ਼ੀ ਵੀਜ਼ਾ 'ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਤੋਂ ਟੱਪ ਚੁੱਕੀ ਹੈ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਸਟੱਡੀ ਵੀਜ਼ਾ ਅਤੇ ਵਿਜ਼ਟਰ ਵੀਜ਼ਾ ਵਾਲਿਆਂ ਦੀ ਹੈ। ਤਕਰੀਬਨ 2 ਲੱਖ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਖ਼ਤਮ ਹੋ ਰਹੇ ਹਨ ਜਾਂ ਖ਼ਤਮ ਹੋ ਚੁੱਕੇ ਹਨ ਜਿਸ ਦੇ ਮੱਦੇਨਜ਼ਰ ਆਉਣ ਵਾਲੇ ਸਮੇਂ ਦੌਰਾਨ ਮੁਲਕ ਵਿੱਚ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋ ਸਕਦਾ ਹੈ। ਪ੍ਰਵਾਸੀਆਂ ਦੇ ਵਕੀਲਾਂ ਨੇ ਵੀ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਬੋਰਡ ਦੀ ਬਿਹਤਰ ਰੀਸੋਰਸਿੰਗ ਦੀ ਦਲੀਲ ਦਿੱਤੀ ਹੈ।

# ਕੈਨੇਡਾ ਲਈ ਲਾਹੇਵੰਦ ਸਾਬਤ ਹੋਣਗੇ ਟਰੰਪ ਨਾਲ ਮਿਲਣੀ ਦੇ ਨਤੀਜੇ : ਟਰੂਡੋ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਅਮਰੀਕਾ ਫਲੋਰਿਡਾ ਸਥਿਤ ਟਰੰਪ ਦੇ ਰਿਜ਼ਾਰਟ ਵਿੱਚ ਕੀਤੀ ਗਈ ਮਿਲਣੀ ਨੂੰ ਕੈਨੇਡਾ ਲਈ ਲਾਹੇਵੰਦ ਦੱਸਿਆ ਹੈ। ਉਨ੍ਹਾਂ ਕਿਹਾ ਕਿ ਦੁਵੱਲੀ ਸਦਭਾਵਨਾ ਲਈ ਮਿਲਣੀ ਜ਼ਰੂਰੀ ਸੀ ਜਿਸ ਦੇ ਨਤੀਜੇ ਦੇਸ਼ ਲਈ ਚੰਗੇ ਹੋਣਗੇ।



ਦੋਹਾਂ ਆਗੂਆਂ ਵਲੋਂ ਆਪਣੇ ਸੋਸ਼ਲ ਮੀਡੀਆ ਖਾਤਿਆਂ ਰਾਹੀਂ ਰਾਤ ਦੇ ਖਾਣੇ 'ਤੇ ਹੋਈ ਸਾਢੇ ਤਿੰਨ ਘੰਟੇ ਮਿਲਣੀ ਨੂੰ ਉਤਸ਼ਾਹੀ ਤੇ ਚੰਗਾ ਕਰਾਰ ਦਿੱਤਾ ਗਿਆ। ਟਰੰਪ ਵਲੋਂ ਕਿਹਾ ਗਿਆ ਕਿ ਉਨ੍ਹਾਂ ਨੇ ਨਜਾਇਜ਼ ਨਸ਼ਾ ਤਸਕਰੀ, ਸਰਹੱਦੀ ਸੁਰੱਖਿਆ ਅਤੇ ਵਪਾਰਕ ਮਾਮਲਿਆਂ ਬਾਰੇ ਲੰਮੀ ਚੌੜੀ ਵਿਚਾਰ ਚਰਚਾ ਕੀਤੀ ਹੈ। ਟਰੰਪ ਨੇ ਮਿਲਣੀ ਨੂੰ ਲਾਹੇਵੰਦਾ ਕਹਿੰਦੇ ਹੋਏ ਕਿਹਾ ਕਿ ਉਨ੍ਹਾਂ ਅਗਲੇ ਮਹੀਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਉਹ ਆਪਣੇ ਦੇਸ਼ ਵਾਸੀਆਂ ਨੂੰ ਨਸ਼ਿਆਂ ਦੀ ਪਕੜ ਤੋਂ ਬਚਾਉਣ ਲਈ ਪੂਰੀ ਵਾਹ ਲਾਉਣਗੇ ਤੇ ਇਸ ਮਾਮਲੇ 'ਤੇ ਕਿਸੇ ਨਾਲ ਲਿਹਾਜ਼ ਨਹੀਂ ਕੀਤਾ ਜਾਏਗਾ।

ਦੂਸਰੀ ਵਾਰ ਰਾਸ਼ਟਰਪਤੀ ਚੁਣੇ ਗਏ ਟਰੰਪ ਨੇ ਕਿਹਾ ਹੈ ਕਿ ਜਸਟਿਨ ਟਰੂਡੋ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਨਸ਼ਿਆਂ ਦੇ ਰੁਝਾਨ ਨੂੰ ਨੱਥ ਪਾਉਣ ਵਿੱਚ ਕੋਈ ਕਸਰ ਨਹੀਂ ਛੱਡਣਗੇ ਤੇ ਗਵਾਂਢੀ ਦੇਸ਼ ਦੇ ਹਰੇਕ ਕਦਮ ਨਾਲ ਕਦਮ ਮਿਲਾ ਕੇ ਚਲਣਗੇ। ਡੋਨਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਵਲੋਂ ਟਰੂਡੋ ਨਾਲ ਉਹ ਸਾਰੇ ਮਾਮਲੇ ਵਿਚਾਰੇ ਗਏ ਜਿਨ੍ਹਾਂ ਬਾਰੇ ਉਨ੍ਹਾਂ ਕੁਰਸੀ 'ਤੇ ਬੈਠਣ ਦੇ ਪਹਿਲੇ ਦਿਨ ਫੈਸਲੇ ਲੈ ਕੇ ਕੰਮ ਸ਼ੁਰੂ ਕਰਨਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਤੋਂ ਅਮਰੀਕਾ ਆਉਂਦੇਸਾਮਾਨ ਉੱਤੇ 25 ਫੀਸਦ ਟੈਰਿਫ ਬਾਰੇ ਵਿਚਾਰ ਚਰਚਾ ਤਾਂ ਹੋਈ, ਪਰ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ।

ਪ੍ਰਧਾਨ ਮੰਤਰੀ ਟਰੂਡੋ ਦੀ ਅਚਾਨਕ ਫਲੋਰਿਡਾ ਫੇਰੀ ਨੇ ਕਈਆਂ ਨੂੰ ਹੈਰਾਨ ਕੀਤਾ ਹੈ। ਟਰੰਪ ਦੇ ਰਿਜ਼ਾਰਟ ਦੀ ਅਚਾਨਕ ਫੇਰੀ ਮੌਕੇ ਪ੍ਰਧਾਨ ਮੰਤਰੀ ਦੇ ਨਾਲ ਉਨ੍ਹਾਂ ਦੇ ਖਾਸ ਮੰਤਰੀ, ਸਲਾਹਕਾਰ ਫਲੋਰਿਡਾ ਪਹੁੰਚੇ। ਪਰ ਪਹਿਲੇ ਦੌਰ ਦੀ ਮਿਲਣੀ ਮੌਕੇ ਸਿਰਫ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਮੌਜੂਦ ਦੱਸੇ ਗਏ ਹਨ। ਉਂਝ ਰਾਸ਼ਟਰਪਤੀ ਵਲੋਂ ਦਿੱਤੇ ਰਾਤ ਦੇ ਖਾਣੇ ਦੀ ਦਾਅਵਤ ਦਾ ਅਨੰਦ ਉੱਥੇ ਪਹੁੰਚੇ ਕੈਨੇਡੀਅਨ ਜਥੇ ਨੇ ਵੀ ਮਾਣਿਆ।

# ਟਰੰਪ ਦੀ ਚਿਤਾਵਨੀ ਬਾਅਦ ਕੈਨੇਡਾ ਵੱਲੋਂ ਸਰਹੱਦ 'ਤੇ ਸਖ਼ਤੀ ਦਾ ਫ਼ੈਸਲਾ

## ਟਰੂਡੋ ਵੱਲੋਂ ਸੀ.ਬੀ.ਐਸ.ਏ. ਦੇ ਫ਼ੰਡ ਵਧਾਉਣ ਨੂੰ ਹਰੀ ਝੰਡੀ

ਵੈਨਕੂਵਰ/ਏ.ਟੀ.ਨਿਊਜ਼: ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਹੁਦਾ ਸੰਭਾਲਦਿਆਂ ਹੀ ਕੈਨੇਡਾ ਤੇ ਮੈਕਸੀਕੋ ਤੋਂ ਦਰਾਮਦ ਹੁੰਦੇ ਸਾਮਾਨ 'ਤੇ 25 ਫ਼ੀਸਦੀ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਨੇ ਪੂਰਬ ਤੋਂ ਪੱਛਮ ਤੱਕ ਅਮਰੀਕਾ ਨਾਲ ਜੁੜਦੀ 8891 ਕਿਲੋਮੀਟਰ ਲੰਮੀ ਸਰਹੱਦ 'ਤੇ ਸਖ਼ਤੀ ਵਧਾਉਣ ਦਾ ਫ਼ੈਸਲਾ ਕੀਤਾ ਹੈ। ਸਰਹੱਦ ਤੋਂ ਆਰ-ਪਾਰ ਜਾਣ ਲਈ ਛੋਟੇ-ਵੱਡੇ 100 ਦੇ ਕਰੀਬ ਪ੍ਰਵਾਨਿਤ ਲਾਂਘੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਕੀਤੀ ਮੀਟਿੰਗ ਤੋਂ ਬਾਅਦ ਇਸ ਵਾਸਤੇ ਵਾਧੂ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ।



ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਦੋਵਾਂ ਗੁਆਂਢੀ ਮੁਲਕਾਂ ਨਾਲ ਜੁੜਦੀਆਂ ਸਰਹੱਦਾਂ 'ਤੇ ਸਖ਼ਤੀ ਨਾ ਹੋਣ ਕਾਰਨ ਗਲਤ ਅਨਸਰ ਤੇ ਸਾਮਾਨ ਅਮਰੀਕਾ 'ਚ ਦਾਖ਼ਲ ਹੁੰਦਾ ਹੈ, ਜਿਸ 'ਤੇ ਰੋਕ ਲੱਗਣੀ ਜ਼ਰੂਰੀ ਹੈ। ਉਨ੍ਹਾਂ ਸਖ਼ਤੀ ਨਾ ਹੋਣ ਦਾ ਠੀਕਰਾ ਕੈਨੇਡਾ ਅਤੇ ਮੈਕਸੀਕੋ ਸਿਰ ਭੰਨਿਆ ਸੀ। ਬਰਾਮਦ ਟੈਕਸ ਵਿੱਚ ਵਾਧਾ ਕੈਨੇਡਾ ਦੀ ਸਨਅਤ ਲਈ ਘਾਤਕ ਸਾਬਤ ਹੋ ਸਕਦਾ ਹੈ। ਕੈਨੇਡਾ ਵੱਲੋਂ ਦੇਸ਼ ਦੀ ਸਰਹੱਦ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀਬੀਐੱਸਏ) ਜ਼ਿੰਮੇ ਹੁੰਦੀ ਹੈ, ਜਿਸਦੀ ਨਫ਼ਰੀ ਤੇ ਸਾਜ਼ੋ ਸਾਮਾਨ ਵਿੱਚ ਵਾਧੇ ਲਈ ਕੇਂਦਰ ਨੇ ਹੋਰ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ।

# ਅਮਰੀਕਾ 'ਚ ਇਮੀਗ੍ਰੇਸ਼ਨ ਨੀਤੀਆਂ ਬਾਰੇ ਬੇਯਕੀਨੀ ਕਾਰਨ ਕੌਮਾਂਤਰੀ ਵਿਦਿਆਰਥੀਆਂ 'ਚ ਬੇਚੈਨੀ

## ਅਨੇਕਾਂ ਯੂਨੀਵਰਸਿਟੀਆਂ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਤੇ ਸਟਾਫ਼ ਨੂੰ ਹਦਾਇਤਾਂ ਜਾਰੀ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੀਆਂ ਅਨੇਕਾਂ ਯੂਨੀਵਰਸਿਟੀਆਂ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਅਗਲੇ ਸਾਲ ਸੱਤਾ ਸੰਭਾਲਣ ਤੋਂ ਪਹਿਲਾਂ ਕੌਮਾਂਤਰੀ ਵਿਦਿਆਰਥੀਆਂ ਤੇ ਸਟਾਫ਼ ਨੂੰ ਜਾਰੀ ਕੀਤੀਆਂ ਜਾ ਰਹੀਆਂ ਹਦਾਇਤਾਂ ਤੋਂ ਇਮੀਗ੍ਰੇਸ਼ਨ ਨੀਤੀਆਂ ਸਬੰਧੀ ਪਾਈ ਜਾ ਰਹੀ ਬੇਯਕੀਨੀ ਦਾ ਪਤਾ ਲੱਗਦਾ ਹੈ। ਬੀ ਬੀ ਸੀ ਦੀ ਇੱਕ ਰਿਪੋਰਟ ਅਨੁਸਾਰ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀ ਤੇ ਸਕਾਲਰ ਅਮਰੀਕਾ ਵਿੱਚ ਆਪਣੇ ਭਵਿੱਖ ਨੂੰ ਲੈ ਕੇ ਫ਼ਿਕਰਮੰਦ ਹਨ ਕਿਉਂਕਿ ਰਾਸ਼ਟਰਪਤੀ ਦੀ ਚੋਣ ਜਿੱਤੇ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਇਮੀਗ੍ਰੇਸ਼ਨ ਸਬੰਧੀ ਸਖਤਾਈ ਵਰਤਣ ਦਾ ਵਾਅਦਾ ਕੀਤਾ ਸੀ।

ਚੋਣ ਜਿੱਤਣ ਉਪਰੰਤ ਟਰੰਪ ਨੇ ਅਮਰੀਕਾ ਦੇ ਇਤਿਹਾਸ ਵਿੱਚ ਦੇਸ਼ ਨਿਕਾਲੇ ਦੀ ਸਭ ਤੋਂ ਵੱਡੀ ਕਾਰਵਾਈ ਕਰਨ ਦਾ ਸੰਕਲਪ ਲਿਆ ਹੈ ਤੇ ਇਥੋਂ ਤੱਕ ਕਿਹਾ ਹੈ ਕਿ ਇਸ ਕਾਰਵਾਈ ਨੂੰ ਸਿਰੇ ਚਾੜਨ ਲਈ



ਫ਼ੌਜ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਟਰੰਪ ਦੇ ਪਿਛੋਕੜ ਨੂੰ ਵੇਖਦਿਆਂ ਹੋਇਆਂ ਵੀ ਕੌਮਾਂਤਰੀ ਵਿਦਿਆਰਥੀ ਤੇ ਸਟਾਫ਼ ਘਬਰਾਇਆ ਹੋਇਆ ਹੈ ਕਿਉਂਕਿ ਟਰੰਪ ਵੱਲੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਡੈਫ਼ਰਡ ਐਕਸ਼ਨ ਫ਼ਾਰ ਚਾਈਲਡਹੁੱਡ ਅਰਾਈਵਲਜ (ਡੀ ਏ ਸੀ ਏ) ਪ੍ਰੋਗਰਾਮ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਪ੍ਰੋਗਰਾਮ ਤਹਿਤ ਅਮਰੀਕਾ ਵਿੱਚ ਬਚਪਨ ਵਿੱਚ ਆਏ 5 ਲੱਖ ਤੋਂ ਵਧ ਪ੍ਰਵਾਸੀਆਂ ਨੂੰ ਸੁਰੱਖਿਆ ਮਿਲੀ ਹੋਈ ਹੈ।

ਯੂਨੀਵਰਸਿਟੀ ਆਫ਼ ਮਾਸਾਚੂਸੈਟਸ ਨੇ ਜਾਰੀ ਯਾਤਰਾ ਹਦਾਇਤਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਤੇ ਸਟਾਫ਼ ਨੂੰ ਕਿਹਾ ਹੈ ਕਿ ਉਹ ਅਗਲੇ ਸਾਲ 20 ਜਨਵਰੀ ਨੂੰ ਟਰੰਪ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਵਾਪਿਸ ਆ ਜਾਣ। ਵੈਸਲੇਯਾਨ ਯੂਨੀਵਰਸਿਟੀ ਤੇ ਮਾਸਾਚੂਸੈਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਨੇ ਕੌਮਾਂਤਰੀ ਭਾਈਚਾਰੇ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੀ ਯਾਤਰਾ ਯੋਜਨਾ ਨੂੰ ਛੇਤੀ ਅੰਤਿਮ ਰੂਪ ਦੇ ਲਵੇ ਤਾਂ ਜੋ ਸੰਭਾਵੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ। ਇਸ ਮਹੀਨੇ ਦੇ ਸ਼ੁਰੂ ਵਿੱਚ ਯੇਲ ਯੁਨੀਵਰਸਿਟੀ ਵਿਖੇ ਕੌਮਾਂਤਰੀ ਵਿਦਿਆਰਥੀਆਂ ਤੇ ਸਕਾਲਰਾਂ ਦੇ ਦਫ਼ਤਰ ਵੱਲੋਂ ਇੱਕ ਵੈਬੀਨਾਰ ਦਾ ਅਯੋਜਨ ਕੀਤਾ ਗਿਆ ਸੀ ਜਿਸ ਵਿੱਚ ਨਵੇਂ ਪ੍ਰਸ਼ਾਸਨ ਤਹਿਤ ਵੀਜ਼ੇ ਦੀ ਭਰੋਸੇਯੋਗਤਾ ਤੇ ਸੰਭਾਵੀ ਨੀਤੀ ਤਬਦੀਲੀ ਬਾਰੇ ਫ਼ਿਕਰਮੰਦੀ ਪ੍ਰਗਟ ਕੀਤੀ ਗਈ ਸੀ ਤੇ ਇਸ ਦੇ ਹੱਲ ਲਈ ਵਿਚਾਰਾਂ ਕੀਤੀਆਂ ਗਈਆਂ ਸਨ। ਪ੍ਰੋਫ਼ੈਸਰ ਕੋਲ ਯੁਨੀਵਰਸਿਟੀ ਆਫ਼ ਕੋਲੋਰਾਡੋ ਡੈਨਵਰ ਨੇ ਬੀ ਬੀ ਸੀ ਨੂੰ ਦੱਸਿਆ ਕਿ ਬਹੁਤ ਸਾਰੇ ਵਿਦਿਆਰਥੀ ਇਮੀਗ੍ਰੇਸ਼ਨ ਨੀਤੀ ਸਬੰਧੀ ਅਸਥਿੱਰਤਾ ਕਾਰਨ ਪ੍ਰੇਸ਼ਾਨੀ ਦੇ ਆਲਮ ਵਿੱਚ ਹਨ। ਉਹ ਆਪਣੇ ਵੀਜ਼ੇ ਤੇ ਸਿੱਖਿਆ ਜਾਰੀ ਰੱਖਣ ਨੂੰ ਲੈ ਕੇ ਫ਼ਿਕਰਮੰਦ ਹਨ। ਇੱਕ ਅਨੁਮਾਨ ਅਨੁਸਾਰ ਅਮਰੀਕਾ ਭਰ ਦੀਆਂ ਉੱਚ ਸਿੱਖਿਆ ਸੰਸਥਾਵਾਂ ਵਿੱਚ 4,08,000 ਬਿਨਾਂ ਦਸਤਾਵੇਜ਼ ਵਿਦਿਆਰਥੀ ਦਾਖਲ ਹਨ ਜੋ ਕੁਲ ਪੋਸਟ ਸੈਕੰਡਰੀ ਵਿਦਿਆਰਥੀਆਂ ਦਾ ਤਕਰੀਬਨ 1.9% ਹਿੱਸਾ ਬਣਦਾ ਹੈ।

ਚੀਨ ਨੂੰ ਲੱਗੇਗਾ ਵੱਡਾ ਵਿੱਤੀ ਝਟਕਾ

# 200 ਵੱਡੀਆਂ ਕੰਪਨੀਆਂ ’ਤੇ ਪਾਬੰਦੀ ਕਾਰਨ ਵਧ ਸਕਦੈ ਵਿਵਾਦ

ਨਵੀਂ ਦਿੱਲੀ/ਏ.ਟੀ.ਨਿਊਜ਼: ਅਮਰੀਕਾ ਚੀਨ ਦੇ ਸੈਮੀਕੰਡਕਟਰ ਉਦਯੋਗ ’ਤੇ ਇੱਕ ਹੋਰ ਵੱਡਾ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਸਾਊਥ ਚਾਈਨਾ ਮਾਰਨਿੰਗ ਪੋਸਟ ਦੀ ਰਿਪੋਰਟ ਮੁਤਾਬਕ 200 ਚੀਨੀ ਕੰਪਨੀਆਂ ਨੂੰ ਪਾਬੰਦੀਸ਼ੁਦਾ ਵਪਾਰਕ ਸੂਚੀ ’ਚ ਰੱਖਿਆ ਜਾ ਰਿਹਾ ਹੈ, ਜਿਸ ’ਚ ਚਿੱਪ ਨਿਰਮਾਣ ਉਪਕਰਣ ਅਤੇ ਸਮੱਗਰੀ ਦੀ ਸਪਲਾਈ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਸ਼ਾਮਲ ਹੋਣਗੀਆਂ।

**ਚੀਨ ਦੀ ਸਵੈ-ਨਿਰਭਰਤਾ ਨੂੰ ਝਟਕਾ**

ਇਹ ਕਦਮ ਚੀਨ ਦੇ ਸੈਮੀਕੰਡਕਟਰ ਉਦਯੋਗ ਨੂੰ ਸਵੈ-ਨਿਰਭਰ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਹੋਰ ਗੁੰਝਲਦਾਰ ਬਣਾ ਸਕਦਾ ਹੈ। ਹੁਆਵੇਈ ਨੂੰ 2019 ਤੋਂ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ ਦੀਆਂ ਇਹ ਨਵੀਆਂ ਪਾਬੰਦੀਆਂ ਚੀਨ ਦੀ ਚਿੱਪ ਸਪਲਾਈ ਚੇਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੀਆਂ ਹਨ।

ਚੀਨ ਦਾ ਵਿਰੋਧ ਅਤੇ ਪ੍ਰਤੀਕਿਰਿਆ

ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਇਨ੍ਹਾਂ ਪਾਬੰਦੀਆਂ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਨ੍ਹਾਂ ਪਾਬੰਦੀਆਂ ਨੂੰ ਗਲਤ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਨ੍ਹਾਂ ਕਦਮਾਂ ਨਾਲ ਅਮਰੀਕਾ ਅਤੇ ਚੀਨ ਦੇ ਆਰਥਿਕ ਸਬੰਧਾਂ ਨੂੰ



ਨੁਕਸਾਨ ਪਹੁੰਚ ਰਿਹਾ ਹੈ। ਇਨ੍ਹਾਂ ਅਮਰੀਕੀ ਪਾਬੰਦੀਆਂ ਦਾ ਮਕਸਦ ਚੀਨ ਨੂੰ ਉੱਨਤ ਤਕਨੀਕਾਂ ਤੱਕ ਪਹੁੰਚ ਤੋਂ ਰੋਕਣਾ ਹੈ, ਜਿਸ ਨਾਲ ਉਸ ਦੀ ਫੌਜੀ ਤਾਕਤ ਵਧ ਸਕਦੀ ਹੈ।

ਪਿਛਲੀਆਂ ਪਾਬੰਦੀਆਂ ਦੇ ਤਹਿਤ, ਅਮਰੀਕਾ ਨੇ ਚੀਨ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਉਦਯੋਗ ਨੂੰ ਚੀਨੀ ਕੰਪਨੀਆਂ ਤੋਂ ਉੱਨਤ ਚਿਪਸ ਅਤੇ ਉਪਕਰਣਾਂ ਤੋਂ ਵਾਂਝਾ ਕਰ ਦਿੱਤਾ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨਵਾਂ ਕਦਮ ਚੀਨ ਦੇ ਸੈਮੀਕੰਡਕਟਰ ਉਦਯੋਗ ਲਈ ਵੱਡਾ ਝਟਕਾ ਹੋਵੇਗਾ।

ਚੀਨ ਦੇ ਸਵੈ-ਨਿਰਭਰ ਯਤਨ

ਚੀਨ ਨੇ ਘੱਟ ਉੱਨਤ ਚਿੱਪ ਨਿਰਮਾਣ ਉਪਕਰਣ ਵਿਕਸਤ ਕੀਤੇ ਹਨ ਪਰ ਅਜੇ ਵੀ ਉੱਚ-ਤਕਨੀਕੀ ਉਪਕਰਣ ਜਿਵੇਂ ਕਿ ਲਿਥੋਗ੍ਰਾਫੀ ਲਈ ਆਯਾਤ ’ਤੇ ਨਿਰਭਰ ਰਹਿੰਦਾ ਹੈ।ਨੌਰਾ ਟੈਕਨਾਲੋਜੀ ਗਰੁੱਪ ਅਤੇ ਐਡਵਾਂਸਡ ਮਾਈਕ੍ਰੋ-ਫੈਬਰੀਕੇਸ਼ਨ ਵਰਗੀਆਂ ਘਰੇਲੂ ਕੰਪਨੀਆਂ ਤੇਜ਼ੀ ਨਾਲ ਤਰੱਕੀ ਕਰ ਰਹੀਆਂ ਹਨ।ਚੀਨ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਚੀਨ ਦੀ ਜਵਾਬੀ ਕਾਰਵਾਈ

ਅਮਰੀਕਾ ਨੇ ਪਹਿਲਾਂ ਵੀ ਚੀਨੀ ਕੰਪਨੀਆਂ ’ਤੇ ਪਾਬੰਦੀਆਂ ਲਗਾਈਆਂ ਹਨ।ਹੁਆਵੇਈ ਅਤੇ ਹੋਰ ਚੀਨੀ ਕੰਪਨੀਆਂ ਵਿਦੇਸ਼ੀ ਉਪਕਰਣਾਂ ’ਤੇ ਨਿਰਭਰਤਾ ਘਟਾਉਣ ਲਈ ਖੋਜ ਅਤੇ ਵਿਕਾਸ ਵਿੱਚ ਭਾਰੀ ਨਿਵੇਸ਼ ਕਰ ਰਹੀਆਂ ਹਨ। ਇਹ ਟੈਕਨਾਲੋਜੀ ਵਿਵਾਦ ਅਮਰੀਕਾ ਅਤੇ ਚੀਨ ਵਿਚਾਲੇ ਮੁਕਾਬਲੇ ਨੂੰ ਹੋਰ ਤੇਜ਼ ਕਰ ਰਿਹਾ ਹੈ, ਜਿਸ ਦਾ ਗਲੋਬਲ ਸੈਮੀਕੰਡਕਟਰ ਉਦਯੋਗ ’ਤੇ ਡੂੰਘਾ ਅਸਰ ਪੈ ਸਕਦਾ ਹੈ।

## ਪੰਜਾਬਣ ਵੈਂਡੀ ਮੇਹਟ ਕੈਨੇਡਾ ਦੀ ਪੁਲਿਸ ਵਿੱਚ ਚੀਫ਼ ਸੁਪਰਡੈਂਟ ਬਣੀ

ਐਬਟਸਫੋਰਡ/ਏ.ਟੀ.ਨਿਊਜ਼: ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਸੀਨੀਅਰ ਪੰਜਾਬਣ ਅਧਿਕਾਰੀ ਵੈਂਡੀ ਮੇਹਟ ਨੂੰ ਚੀਫ਼ ਸੁਪਰਡੈਂਟ ਬਣਾਇਆ ਗਿਆ ਹੈ। ਵੈਂਡੀ ਮੇਹਟ ਨੂੰ ਬੀ.ਸੀ.ਆਰ.ਸੀ.ਐਮ.ਪੀ. ਵਿੱਚ ਸਰੀ ਆਰ.ਸੀ.ਐਮ.ਪੀ. ਪ੍ਰੋਵਿੰਸ਼ਲ ਓਪਰੇਸ਼ਨਜ਼ ਸਪੋਰਟ ਯੂਨਿਟ ਦੀ ਅਫ਼ਸਰ ਇੰਚਾਰਜ ਨਿਯੁਕਤ ਕੀਤਾ ਹੈ।



ਯੂਨੀਵਰਸਿਟੀ ਤੋਂ ਉੱਚ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਵੈਂਡੀ ਮੇਹਟ ਸੰਨ 2000 ਵਿੱਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿੱਚ ਬਤੌਰ ਪੈਟਰੋਲ ਕਾਂਸਟੇਬਲ ਭਰਤੀ ਹੋਈ ਸੀ, ਫਿਰ ਸਾਰਜੈਂਟ ਤੋਂ ਇੰਸਪੈਕਟਰ ਤੇ ਫਿਰ ਮਈ 2021 ਵਿੱਚ ਵੈਂਡੀ ਮੇਹਟ ਨੂੰ ਤਰੱਕੀ ਦੇ ਕੇ ਬ੍ਰਿਗਸ਼ ਕੋਬੰਲੀਆ ਸੂਬੇ ਦੇ 2 ਸ਼ਹਿਰਾਂ ਮੈਪਲ ਰਿੱਜ ਤੇ ਪਿੱਟਮਿੱਡੋ ਦੀ ਪੁਲਿਸ ਸੁਪਰਡੈਂਟ ਨਿਯੁਕਤ ਕੀਤਾ ਸੀ। ਕੈਨੇਡਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ’ਚ ਕਿਸੇ ਪੰਜਾਬਣ ਪੁਲਿਸ ਅਧਿਕਾਰੀ ਨੂੰ 2 ਸ਼ਹਿਰਾਂ ਦੀ ਸੁਪਰਡੈਂਟ ਪੁਲਿਸ ਬਣਾਇਆ ਗਿਆ ਹੋਵੇ। ਬ੍ਰਿਗਸ਼ ਕੋਲੰਬੀਆ ਐਸੋਸੀਏਸ਼ਨ ਆਫ਼ ਚੀਫ਼ਸ ਆਫ਼ ਪੁਲਿਸ ਦੀ ਉਪ ਪ੍ਰਧਾਨ ਵੈਂਡੀ ਮੇਹਟ ਦੇ ਪਤੀ ਵੀ ਆਰ.ਸੀ.ਐਮ.ਪੀ. ’ਚ ਸੇਵਾਵਾਂ ਨਿਭਾਅ ਰਹੇ ਹਨ। ਚੀਫ਼ ਸੁਪਰਡੈਂਟ ਵੈਂਡੀ ਮੇਹਟ ਕੈਨੇਡਾ ਦੀ ਇੰਟੈਗਰੇਟਿਡ ਨੈਸ਼ਨਲ ਸਕਿਉਰਿਟੀ ਐਨਫੋਰਸਮੈਂਟ ਟੀਮ, ਫੈਡਰਲ ਸੀਰੀਅਸ ਤੇ ਓਰਗੇਨਾਈਜ਼ਡ ਕਰਾਈਮ ਯੂਨਿਟ ਸਮੇਤ ਕਈ ਪੁਲਿਸ ਏਜੰਸੀਆਂ ਨਾਲ ਆਪਣੀਆਂ ਸੇਵਾਵਾਂ ਨਿਭਾਅ ਚੁੱਕੀ ਹੈ।

## ਆਸਟ੍ਰੇਲੀਆ ਜਾ ਕੇ ਪੜ੍ਹਨਾ ਹੋਇਆ ਮਹਿੰਗਾ, ਸਰਕਾਰ ਨੇ ਵਧਾਈ ਵੀਜ਼ਾ ਫ਼ੀਸ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਨੇ ਵਿਦਿਆਰਥੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਜਿਸ ਨਾਲ ਆਸਟ੍ਰੇਲੀਆ ਜਾ ਕੇ ਪੜ੍ਹਾਈ ਕਰਨ ਦਾ ਸੁਪਨਾ ਦੇਖਣ ਵਾਲੇ ਵਿਦਿਆਰਥੀਆਂ ਲਈ ਆਪਣੇ ਸੁਪਨਿਆਂ ਨੂੰ ਸਾਕਾਰ ਕਰਨਾ ਥੋੜ੍ਹਾ ਔਖਾ ਹੋ ਗਿਆ ਹੈ। ਆਸਟ੍ਰੇਲੀਆ ਨੇ 1 ਜੁਲਾਈ ਤੋਂ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਫੀਸ 710 ਆਸਟ੍ਰੇਲੀਅਨ ਡਾਲਰ ਤੋਂ ਵਧਾ ਕੇ 1600 ਆਸਟ੍ਰੇਲੀਅਨ ਡਾਲਰ ਕਰ ਦਿੱਤੀ ਹੈ। ਇਹ ਜਾਣਕਾਰੀ ਕੇਂਦਰ ਨੇ ਪਿਛਲੇ ਦਿਨੀਂ ਸੰਸਦ ਨੂੰ ਦਿੱਤੀ। ਆਸਟ੍ਰੇਲੀਆ ਸਰਕਾਰ ਦੇ ਇਸ ਫ਼ੈਸਲੇ ਨਾਲ ਭਾਰਤੀ ਵਿਦਿਆਰਥੀ ਵੱਡੀ ਗਿਣਤੀ ਵਿੱਚ ਪ੍ਰਭਾਵਿਤ ਹੋਣਗੇ।



ਮੰਤਰੀ ਨੇ ਲਿਖਤੀ ਜਵਾਬ ਵਿੱਚ ਦਿੱਤੀ ਜਾਣਕਾਰੀ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ। ਉਸ ਨੂੰ ਆਸਟ੍ਰੇਲੀਆ ਵੱਲੋਂ ਹਾਲ ਹੀ ਵਿੱਚ ਵਿਦਿਆਰਥੀਆਂ ਲਈ ਵਧਾਈ ਵੀਜ਼ਾ ਫ਼ੀਸ ਸਬੰਧੀ ਸਵਾਲ ਪੁੱਛਿਆ ਗਿਆ ਸੀ। ਉਸ ਨੂੰ ਪੁੱਛਿਆ ਗਿਆ ਕਿ ਕੀ ਇਹ ਸੱਚ ਹੈ ਕਿ ਆਸਟ੍ਰੇਲੀਆ ਨੇ ਹਾਲ ਹੀ ਵਿੱਚ ਵਿਦਿਆਰਥੀ ਵੀਜ਼ਾ ਫ਼ੀਸਾਂ ਨੂੰ ਪਿਛਲੀ ਰਕਮ ਤੋਂ ਦੁੱਗਣਾ ਕਰ ਦਿੱਤਾ ਹੈ। ਮੰਤਰੀ ਨੇ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਦਿੱਤੇ।

ਆਸਟ੍ਰੇਲੀਅਨ ਸਰਕਾਰ ਅੱਗੇ ਉਠਾਏ ਗਏ ਮੁੱਦੇ ਮੰਤਰੀ ਨੂੰ ਇਹ ਵੀ ਪੁੱਛਿਆ ਗਿਆ ਕੀ ਭਾਰਤ ਸਰਕਾਰ ਨੇ ਵਿਦਿਆਰਥੀ ਵੀਜ਼ਾ ਫ਼ੀਸਾਂ ਘਟਾਉਣ ਲਈ ਆਸਟ੍ਰੇਲੀਆ ਤੱਕ ਪਹੁੰਚ ਕੀਤੀ ਹੈ ਤਾਂ ਸਿੰਘ ਨੇ ਦੱਸਿਆ,‘ਆਸਟ੍ਰੇਲੀਅਨ ਸਰਕਾਰ ਨੇ 1 ਜੁਲਾਈ, 2024 ਤੋਂ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਫ਼ੀਸ 710 ਆਸਟ੍ਰੇਲੀਆਈ ਡਾਲਰ ਤੋਂ ਵਧਾ ਕੇ 1,600 ਆਸਟ੍ਰੇਲੀਆਈ ਡਾਲਰ ਕਰ ਦਿੱਤੀ ਹੈ। ਵਿਦਿਆਰਥੀਆਂ ਨਾਲ ਸਬੰਧਤ ਹੋਰ ਮੁੱਦਿਆਂ ਦੇ ਨਾਲ ਇਹ ਮਾਮਲਾ ਆਸਟ੍ਰੇਲੀਆਈ ਸਰਕਾਰ ਦੇ ਸਬੰਧਤ ਅਧਿਕਾਰੀਆਂ ਕੋਲ ਉਠਾਇਆ ਗਿਆ ਹੈ।’ ਮੰਤਰੀ ਨੇ ਅੱਗੇ ਕਿਹਾ ਕਿ ਵੀਜ਼ਾ ਫ਼ੀਸਾਂ ਵਿੱਚ ਵਾਧੇ ਨਾਲ ਆਸਟ੍ਰੇਲੀਆ ਵਿੱਚ ਆਪਣੀ ਪੜ੍ਹਾਈ ਜਾਰੀ ਰੱਖਣ ਦੇ ਚਾਹਵਾਨ ਭਾਰਤ ਦੇ ਵਿਦਿਆਰਥੀਆਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਿੱਤੀ ਚੁਣੌਤੀਆਂ ਪੈਦਾ ਹੋਣ ਦੀ ਸੰਭਾਵਨਾ ਹੈ।

ਉਨ੍ਹਾਂ ਕਿਹਾ ਕਿ ਸਿੱਖਿਆ ਵਿੱਚ ਭਾਰਤ-ਆਸਟ੍ਰੇਲੀਆ ਭਾਈਵਾਲੀ ਦੁਵੱਲੇ ਸਬੰਧਾਂ ਦਾ ਇੱਕ ਅਹਿਮ ਹਿੱਸਾ ਹੈ, ਜਿਸ ਵਿੱਚ ਆਰਥਿਕ, ਵਿੱਦਿਅਕ ਅਤੇ ਲੋਕਾਂ ਨਾਲ ਸਬੰਧ ਸ਼ਾਮਲ ਹਨ। ਮੰਤਰਾਲਾ ਆਸਟ੍ਰੇਲੀਆ ਵਿੱਚ ਪੜ੍ਹ ਰਹੇ ਭਾਰਤ ਦੇ ਵਿਦਿਆਰਥੀਆਂ ਨਾਲ ਸਬੰਧਤ ਮਾਮਲਿਆਂ ਨੂੰ ਆਸਟ੍ਰੇਲੀਆ ਸਰਕਾਰ ਕੋਲ ਉਠਾਉਣਾ ਅਤੇ ਫ਼ਾਲੋ-ਅੱਪ ਕਰਨਾ ਜਾਰੀ ਰੱਖਦਾ ਹੈ।

## ਸਿੱਖ ਮੋਟਰਸਾਈਕਲ ਕਲੱਬਾਂ ਨੇ ਵਿਸ਼ੇਸ਼ ਮੰਗਾਂ ਤਹਿਤ ਕੱਢੀ ਜਾਗਰੂਕਤਾ ਰੈਲੀ

ਮੈਲਬੌਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਕਾਫੀ ਸਮੇਂ ਤੋਂ ਸਿੱਖ ਮੋਟਰਸਾਈਕਲ ਚਾਲਕਾਂ ਵੱਲੋਂ ਹੈਲਮੇਟ ਤੋਂ ਛੋਟ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ ਜਿਸ ਦੇ ਚਲਦਿਆਂ ਬੀਤੇ ਦਿਨੀਂ ਮੈਲਬੌਰਨ ਵਿੱਖੇ ਦਸਤਾਧਾਰੀ ਮੋਟਰਸਾਈਕਲ ਚਾਲਕਾਂ ਵੱਲੋਂ ਹੈਲਮੇਟ ਤੋਂ ਛੋਟ ਤੇ ਪੁਰਸ਼ਾਂ ਦੀ ਮਾਨਸਿਕ ਸਿਹਤ ਨੂੰ ਲੈ ਇੱਕ ਮੋਟਰਸਾਈਕਲ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਸਿੱਖ ਮੋਟਰਸਾਈਕਲ ਕਲੱਬ ਆਸਟ੍ਰੇਲੀਆ ਅਤੇ ਸਿੰਘਜ਼ ਸੋਸ਼ਲ ਮੋਟਰਸਾਈਕਲ ਕਲੱਬ ਆਸਟ੍ਰੇਲੀਆ ਨੇ ਭਾਗ ਲਿਆ, ਜੋ ਕਿ ਇਸ ਰੈਲੀ ਵਿੱਚ ਭਾਗ ਲੈਣ ਲਈ ਸਿਡਨੀ ਤੋਂ ਵਿਸ਼ੇਸ਼ ਰੂਪ ਵਿੱਚ ਪੁੱਜੇ ਸਨ। ਉਨ੍ਹਾਂ ਨੇ ਸਾਂਝੇ ਤੌਰ ’ਤੇ ਇਸ ਮੋਟਰਸਾਈਕਲ ਰੈਲੀ ਵਿੱਚ ਸ਼ਿਰਕਤ ਕੀਤੀ।



ਇਹ ਮੋਟਰਸਾਈਕਲ ਰੈਲੀ, ਜਿਸ ਨੂੰ ਕਿ ‘ਦਾ ਮੋ ਬਰੋਜ਼ ਰਾਈਡ’ ਦਾ ਨਾਂਅ ਦਿੱਤਾ ਗਿਆ ਸੀ, ਨੂੰ ਮੈਂਬਰ ਪਾਰਲੀਮੈਂਟ ਸਟੀਵ ਮੈਗਈ ਨੇ ਝੰਡੀ ਦੇ ਕੇ ਰਵਾਨਾ ਕੀਤਾ। ਇਹ ਰੈਲੀ ਮੈਲਬੌਰਨ ਦੇ ਉੱਤਰ ਪੱਛਮ ਵਿੱਚ ਸਥਿਤ ਇਲਾਕੇ ਦੀ ‘ਗੈਲੀ ਵਾਇਨਰੀ’ ਪਲੰਪਟਨ ਤੋਂ ਰਵਾਨਾ ਹੋ ਕੇ ਆਰਥਰ ਰਿਜ਼ਰਵ ਮੈਲਟਨ ਵਿੱਖੇ ਸਮਾਪਤ ਹੋਈ, ਜਿੱਥੇ ਸਿੱਖ ਮੋਟਸਾਈਕਲ ਕਲੱਬ ਵੱਲੋਂ ਯੰਗ ਫੁੱਟਬਾਲ ਕਲੱਬ ਦੇ ਸਹਿਯੋਗ ਨਾਲ ਇੱਕ ਖੇਡ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਵੱਖ-ਵੱਖ ਉਮਰ ਵਰਗ ਦੇ ਪਹੁੰਚੇ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ।

ਇਸ ਸਮਾਗਮ ਵਿੱਚ ਫੈਡਰਲ ਮੈਂਬਰ ਪਾਰਲੀਮੈਂਟ ਸੈਮ ਰੇਅ, ਸਟੀਵ ਮੈਗਈ ਮੈਂਬਰ ਪਾਰਲੀਮੈਂਟ ਤੇ ਸ਼ਿਵਾਲੀ ਚੇਟਲੀ ਕੌਂਸਲਰ ਬੈਂਡਿਗੋ ਦੇ ਨਾਲ-ਨਾਲ ਸਮਾਜਿਕ ਤੇ ਧਾਰਮਿਕ ਸ਼ਖਸੀਅਤਾਂ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕਾਂ ਨੇ ਦਸਿਆ ਕਿ ਇਸ ਰੈਲੀ ਦਾ ਮਕਸਦ ਲੰਮੇ ਸਮੇਂ ਤੋ ਚੱਲੀ ਆ ਰਹੀ ਮੰਗ ਸਿੱਖ ਮੋਟਰਸਾਈਕਲ ਸਵਾਰਾਂ ਲਈ ਹੈਲਮੈਟ ਤੋਂ ਛੋਟ ਲਈ ਆਵਾਜ਼ ਬੁਲੰਦ ਕਰਨਾ ਸੀ ਤੇ ਇਸ ਦੇ ਨਾਲ ਹੀ ਪੁਰਸ਼ਾਂ ਦੇ ਮਾਨਸਿਕ ਸਿਹਤ, ਖੁਦਕੁਸ਼ੀ ਰੋਕਥਾਮ ਅਤੇ ਪ੍ਰੋਸਟੇਟ ਤੇ ਟੈਸਟਿਕੁਲਰ ਕੈਂਸਰ ਵਰਗੀਆਂ ਬਿਮਾਰੀਆਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਇਸ ਮੌਕੇ ਕਰਮ ਇਸ਼ਰਸਰ ਸੇਵਾ ਅਤੇ ਸਿਮਰਨ ਸੋਸਾਇਟੀ ਸੰਸਥਾ ਵਲੋਂ ਸਮਾਗਮ ਵਿੱਚ ਆਏ ਨੌਜਵਾਨਾਂ ਨੂੰ ਜਿੱਥੇ ਦਸਤਾਰ ਦੀ ਮਹੱਤਤਾ ਬਾਰੇ ਦਸਿਆ ਉੱਥੇ ਹੀ ਦਸਤਾਰ ਸਿਖਲਾਈ ਤੇ ਦਸਤਾਰਾਂ ਦਾ ਲੰਗਰ ਵੀ ਲਗਾਇਆ ਗਿਆ ਸੀ।

ਇਸ ਮੌਕੇ ਫੈਡਰਲ ਐਮ.ਪੀ ਸੈਮ ਰੇਅ, ਐਮ.ਪੀ ਸਟੀਵ ਮੈਗਈ ਅਤੇ ਬੈਂਡੀਗੋ ਇਲਾਕੇ ਤੋ ਪੰਜਾਬੀ ਕੌਂਸਲਰ ਸ਼ਿਵਾਲੀ ਚੈਟਲੇ ਤੋਂ ਇਲਾਵਾ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਮਾਗਮ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ ਜਿੰਨਾ ਇਹ ਪ੍ਰੋਗਰਾਮ ਉਲੀਕੀਆ ਹੈ। ਬੁਲਾਰਿਆਂ ਨੇ ਕਿਹਾ ਕਿ ਅਜੋਕੀ ਦੌੜ ਭੱਜ ਵਾਲੀ ਜ਼ਿੰਦਗੀ, ਕੰਮ ਤੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਚਲਦਿਆਂ ਕਦੋਂ ਪੁਰਸ਼ ਮਾਨਸਿਕ ਦਾ ਤਣਾਅ ਦਾ ਸ਼ਿਕਾਰ ਹੋ ਜਾਂਦਾ ਉਸ ਨੂੰ ਖੁਦ ਹੀ ਪਤਾ ਨਹੀ ਚਲਦਾ। ਸਿੱਟੇ ਵਜੋਂ ਕਈ ਵਾਰ ਨਤੀਜੇ ਭਿਆਨਕ ਵੀ ਹੋ ਜਾਂਦੇ ਹਨ ਪਰ ਇੰਨਾਂ ਸੰਸਥਾਵਾਂ ਨੇ ਜੋ ਇਹ (ਬਾਕੀ ਸਫ਼ਾ 31 ’ਤੇ)

## ਕੈਨੇਡਾ: ਇਮੀਗ੍ਰੇਸ਼ਨ ਐਪਲੀਕੇਸ਼ਨ ਫੀਸਾਂ ਵਿੱਚ ਭਾਰੀ ਵਾਧਾ




ਬਰੈਂਪਟਨ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਇਮੀਗ੍ਰੇਸ਼ਨ ਸਮੇਤ ਇਥੇ ਪਹੁੰਚਣ ਦੇ ਸਾਰੇ ਚਾਹਵਾਨਾਂ ਲਈ ਪਹਿਲੀ ਦਸੰਬਰ ਤੋਂ ਫੀਸਾਂ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਇਸ ਫ਼ੈਸਲੇ ਨਾਲ ਪੰਜਾਬੀਆਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਉਨ੍ਹਾਂ ਦਾ ਵਿਦੇਸ਼ ’ਚ ਪੜ੍ਹਾਈ ਕਰਨ ਤੇ ਰਹਿਣ ਦਾ ਸੁਪਨਾ ਟੁੱਟ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਐਪਲੀਕੇਸ਼ਨ ਫੀਸਾਂ ਵਧਣ ਕਾਰਨ ਪ੍ਰੋਸੈਸਿੰਗ ਫੀਸਾਂ ਵੀ ਦੁੱਗਣੀਆਂ ਹੋ ਸਕਦੀਆਂ ਹਨ। ਜਿਹੜੀਆਂ ਐਪਲੀਕੇਸਨ ਫੀਸਾਂ ਵਿੱਚ ਕੈਨੇਡਾ ਸਰਕਾਰ ਨੇ ਵਾਧੇ ਦਾ ਐਲਾਨ ਕੀਤਾ ਹੈ, ਉਨ੍ਹਾਂ ਵਿੱਚ ਵਿਦਿਆਰਥੀ, ਵਿਜ਼ਿਟਰ ਵੀਜ਼ਾ, ਟੈਂਪਰੇਰੀ ਰਿਹਾਇਸ਼, ਨਵੇਂ ਸਟੱਡੀ ਪਰਮਿਟ, ਵਰਕ ਪਰਮਿਟ ਆਦਿ ਵਰਗ ਆਉਂਦੇ ਹਨ। ਉਂਝ ਇਹ ਕੋਈ ਗਾਰੰਟੀ ਨਹੀਂ ਕਿ ਇਨ੍ਹਾਂ ਵਰਗਾਂ ਨੂੰ ਵੀਜ਼ਾ ਮਿਲ ਵੀ ਸਕਦਾ ਹੈ। ਕੈਨੇਡਾ ’ਚ ਵਿਜ਼ਿਟਰ ਵੀਜ਼ੇ ’ਤੇ ਪਹੁੰਚਣ ਵਾਲੇ ਕਰਮੀ ਪਹਿਲਾਂ ਐੱਲ.ਐੱਮ.ਆਈ.ਏ. ਪਰਮਿਟ ਲੈ ਕੇ ਪੱਕੇ ਹੋ ਜਾਂਦੇ ਸਨ ਪਰ ਹੁਣ ਇਸ ਸ਼੍ਰੇਣੀ ਵਿੱਚ ਉਹ ਪਰਮਿਟ ਨਹੀਂ ਲੈ ਸਕਦੇ ਹਨ। ਇਸੇ ਤਰ੍ਹਾਂ ਵਿਦਿਆਰਥੀ ਵਰਕ ਪਰਮਿਟ ਲੈ ਕੇ ਆਪਣੇ ਪੱਕੇ ਹੋਣ ਦੇ ਸਕੋਰ ਵਿੱਚ 55 ਅੰਕਾਂ ਦਾ ਵਾਧਾ ਕਰ ਲੈਂਦੇ ਸਨ ਪਰ ਸਰਕਾਰ ਨੇ ਇਹ ਵੀ ਬੰਦ ਕਰ ਦਿੱਤੇ ਹਨ। ਪਰਮਿਟ ਦੀ ਮਾਰਕਿਟ ਕੀਮਤ 40 ਹਜ਼ਾਰ ਡਾਲਰ ਤੱਕ ਹੈ। ਕਰੀਬ ਢਾਈ ਲੱਖ ਵਿਦਿਆਰਥੀਆਂ ’ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਪੰਜਾਬੀਆਂ ਵੱਲੋਂ ਫੀਸਾਂ ’ਚ ਵਾਧੇ ਦੇ ਪਹਿਲੇ ਹੀ ਦਿਨ ਸਿਆਸੀ ਪਨਾਹ ਲਈ 14 ਹਜ਼ਾਰ ਅਰਜ਼ੀਆਂ ਪੁੱਜ ਗਈਆਂ ਹਨ।

# ਐਂਜੇਲਾ ਮਾਰਕੇਲ ਦੀ ਕਿਤਾਬ 'ਫ਼ਰੀਡਮ' ਨੇ ਭਾਰਤ ਦੀ ਫ਼ਿਰਕੂ ਰਾਜਨੀਤੀ ਤੇ ਵਿਸ਼ਵ ਨੀਤੀ ਬਾਰੇ ਕੀਤੇ ਖ਼ੁਲਾਸੇ

## 30 ਭਾਸ਼ਾਵਾਂ ਵਿੱਚ ਲਾਂਚ ਹੋਈ

## ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਮੁਸਲਮਾਨਾਂ ਅਤੇ ਇਸਾਈਆਂ 'ਤੇ ਹੋਰ ਹਮਲੇ ਹੋਏ

ਐਂਜੇਲਾ ਮਰਕੇਲ ਦੀ ਕਿਤਾਬ ਨੂੰ ਇੱਕੋ ਸਮੇਂ 30 ਭਾਸ਼ਾਵਾਂ ਵਿੱਚ ਲਾਂਚ ਕੀਤਾ ਗਿਆ ਹੈ। ਇਹ ਕਿਤਾਬ ਜਰਮਨ ਵਿੱਚ 'ਫ਼੍ਰੀਹਾਈਟ' ਅਤੇ ਅੰਗਰੇਜ਼ੀ ਵਿੱਚ 'ਫ਼੍ਰੀਡਮ' ਦੇ ਨਾਂ ਨਾਲ ਇਸ ਹਫ਼ਤੇ ਮਾਰਕੀਟ ਵਿੱਚ ਉਤਾਰੀ ਗਈ ਸੀ। ਇਹ 30 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਈ ਹੈ। ਲੰਬੇ ਸਮੇਂ ਤੋਂ ਇਸ ਦੀ ਉਡੀਕ ਕੀਤੀ ਜਾ ਰਹੀ ਸੀ। ਐਂਜੇਲਾ ਮਾਰਕੇਲ 16 ਸਾਲਾਂ ਤੱਕ ਯੂਰਪ ਦੀ ਸਭ ਤੋਂ ਵੱਡੀ ਅਰਥਵਿਵਸਥਾ ਜਰਮਨੀ ਦੀ ਚਾਂਸਲਰ ਰਹੀ। 736 ਪੰਨਿਆਂ ਦੀ ਇਸ ਕਿਤਾਬ ਵਿੱਚ ਮਰਕੇਲ ਨੇ ਆਪਣੀਆਂ ਨੀਤੀਆਂ, ਫ਼ੈਸਲਿਆਂ ਅਤੇ ਤਜ਼ਰਬਿਆਂ ਦਾ ਵਿਸਥਾਰਪੂਰਵਕ ਵੇਰਵਾ ਦਿੱਤਾ ਹੈ ਅਤੇ ਆਪਣਾ ਬਚਾਅ ਵੀ ਕੀਤਾ ਹੈ।

ਸਾਬਕਾ ਜਰਮਨ ਚਾਂਸਲਰ ਐਂਜੇਲਾ ਮਾਰਕੇਲ ਦੀ ਹਾਲ ਹੀ ਵਿੱਚ ਪ੍ਰਕਾਸ਼ਿਤ ਕਿਤਾਬ ਫ਼੍ਰੀਡਮ: ਮੈਮੋਇਰਜ਼ 1951-2021 ਦੇ ਅਨੁਸਾਰ, ਉਸਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਜਦੋਂ ਤੋਂ ਮੋਦੀ ਪ੍ਰਧਾਨ ਮੰਤਰੀ ਬਣੇ ਹਨ, 'ਦੂਜੇ ਧਰਮਾਂ ਦੇ ਲੋਕਾਂ, ਮੁੱਖ ਤੌਰ 'ਤੇ ਮੁਸਲਮਾਨ ਅਤੇ ਇਸਾਈ, ਉਪਰ ਹਿੰਦੂ, ਰਾਸ਼ਟਰਵਾਦੀਆਂ ਦੁਆਰਾ ਹਮਲੇ ਵਧ ਗਏ ਹਨ।' ਉਸ ਦਾ ਕਹਿਣਾ ਹੈ ਕਿ ਉਸ ਨੇ ਮੋਦੀ ਨੂੰ ਆਪਣੀ ਚਿੰਤਾ ਤੋਂ ਜਾਣੂ ਕਰਵਾਇਆ ਸੀ।

ਮਰਕੇਲ ਨੇ ਲਿਖਿਆ ਕਿ ਜਦੋਂ ਉਸਨੇ ਮੋਦੀ ਕੋਲ ਇਹ ਮੁੱਦਾ ਉਠਾਇਆ ਤਾਂ ਮਰਕੇਲ ਦੇ ਅਨੁਸਾਰ ਮੋਦੀ ਨੇ ਇਸਦਾ ਜ਼ੋਰਦਾਰ ਖੰਡਨ ਕੀਤਾ ਅਤੇ ਜ਼ੋਰ ਦਿੱਤਾ ਕਿ ਭਾਰਤ ਇੱਕ ਧਾਰਮਿਕ ਸਹਿਣਸ਼ੀਲ ਦੇਸ਼ ਹੈ ਅਤੇ ਰਹੇਗਾ। ਉਸ ਦੇ ਇਨਕਾਰ ਦਾ ਸਾਬਕਾ ਜਰਮਨ ਚਾਂਸਲਰ ਦੁਆਰਾ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ, ਜਿਸ ਨੇ ਕਿਹਾ ਸੀ ਕਿ ਬਦਕਿਸਮਤੀ ਨਾਲ, ਤੱਥ ਕੁਝ ਹੋਰ ਕਹਿੰਦੇ ਹਨ। ਇਨ੍ਹਾਂ ਤਥਾਂ ਅਨੁਸਾਰ ਭਾਰਤ ਵਿੱਚ ਘੱਟ ਗਿਣਤੀਆਂ ਅਸੁਰੱਖਿਅਤ ਹਨ। ਉਹ ਅੱਗੇ ਕਹਿੰਦੀ ਹੈ ਕਿ ਉਸ ਦੀਆਂ ਚਿੰਤਾਵਾਂ ਅਜੇ ਵੀ ਬਰਕਰਾਰ ਹਨ - ਆਖ਼ਿਰਕਾਰ, ਧਾਰਮਿਕ ਆਜ਼ਾਦੀ ਹਰ ਲੋਕਤੰਤਰ ਦਾ ਇੱਕ ਮੁੱਖ ਹਿੱਸਾ ਹੈ। ਅਪਰੈਲ 2015 ਵਿੱਚ ਜਰਮਨੀ ਵਿੱਚ ਮੋਦੀ ਨਾਲ ਆਪਣੀ ਸ਼ੁਰੂਆਤੀ ਮੁਲਾਕਾਤ ਨੂੰ ਯਾਦ ਕਰਦੇ ਹੋਏ, ਮਾਰਕੇਲ ਨੇ ਕਿਹਾ, 'ਮੋਦੀ ਨੂੰ ਵਿਜ਼ੂਅਲ ਪ੍ਰਭਾਵ ਵੀਡਿਓ, ਫ਼ੋਟੋ ਪਸੰਦ ਸਨ । ਅਰਥਾਤ ਉਹ ਮੀਡੀਆ ਵਿੱਚ ਪ੍ਰਸੰਸਾ ਤੇ ਫ਼ੋਟੋਆਂ ਨੂੰ ਪਸੰਦ ਕਰਦੇ ਹਨ।' ਮੋਦੀ ਨੇ ਆਪਣੀਆਂ ਚੋਣ ਮੁਹਿੰਮਾਂ ਵਿੱਚ ਇਸ ਨੀਤੀ ਦੀ ਵਰਤੋਂ ਕੀਤੀ ਹੈ, ਜਿਸ ਵਿੱਚ ਉਸਨੇ ਇੱਕ ਸਟੂਡੀਓ ਵਿੱਚ ਭਾਸ਼ਣ ਦਿੱਤਾ ਅਤੇ 50 ਤੋਂ ਵੱਧ ਵੱਖ-ਵੱਖ ਸਥਾਨਾਂ 'ਤੇ ਆਪਣੀ ਤਸਵੀਰ ਨੂੰ ਲਾਈਵ ਪੇਸ਼ ਕੀਤਾ। ਹਰ ਪ੍ਰੋਗਰਾਮ ਵਿੱਚ ਹਜ਼ਾਰਾਂ ਲੋਕ ਉਨ੍ਹਾਂ ਨੂੰ ਸੁਣਦੇ ਸਨ। 2014 ਦੀਆਂ ਆਮ ਚੋਣਾਂ ਦੌਰਾਨ ਮੋਦੀ ਨੇ ਇਸ ਦੀ ਖੂਬ ਵਰਤੋਂ ਕੀਤੀ ਸੀ।

ਡਾਕਟਰ ਮਨਮੋਹਨ ਸਿੰਘ ਬਾਰੇ ਸਾਬਕਾ ਜਰਮਨ ਚਾਂਸਲਰ ਨੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨਾਲ ਆਪਣੀ ਮੁਲਾਕਾਤ ਬਾਰੇ ਵੀ ਦੱਸਿਆ। ਉਹ ਦੱਸਦੀ ਹੈ ਕਿ ਮਨਮੋਹਨ ਸਿੰਘ 'ਦੇਸ਼ ਦੇ ਪਹਿਲੇ ਗੈਰ-ਹਿੰਦੂ ਪ੍ਰਧਾਨ ਮੰਤਰੀ' ਸਨ ਅਤੇ ਉਨ੍ਹਾਂ ਦਾ 'ਮੁੱਖ ਉਦੇਸ਼ ਭਾਰਤ ਦੇ 1.2 ਬਿਲੀਅਨ ਲੋਕਾਂ ਦੇ ਦੋ ਤਿਹਾਈ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ ਸੀ ਜੋ ਪੇਂਡੂ ਖੇਤਰਾਂ ਵਿੱਚ ਰਹਿੰਦੇ ਸਨ।' ਸਿੰਘ ਵਿਆਪਕ ਅੰਤਰਰਾਸ਼ਟਰੀ




ਤਜ਼ਰਬੇ ਵਾਲੇ ਯੋਗ ਕੌਮਾਂਤਰੀ ਅਰਥ ਸ਼ਾਸਤਰੀ ਸਨ। ਇਹ ਅੰਕੜਾ 800 ਮਿਲੀਅਨ ਲੋਕਾਂ ਦੇ ਬਰਾਬਰ ਸੀ, ਜੋ ਕਿ ਜਰਮਨੀ ਦੀ ਕੁੱਲ ਆਬਾਦੀ ਦਾ 10 ਗੁਣਾਂ ਹੈ।

ਐਂਜੇਲਾ ਮਾਰਕੇਲ ਨੇ ਡਾ: ਮਨਮੋਹਨ ਸਿੰਘ ਬਾਰੇ ਲਿਖਿਆ - 'ਮੈਂ ਉਨ੍ਹਾਂ ਤੋਂ ਆਪਣੀਆਂ ਚਰਚਾਵਾਂ ਦੌਰਾਨ ਅਮੀਰ ਦੇਸ਼ਾਂ ਦੀਆਂ ਵਧਦੀਆਂ ਚਿੰਤਾਵਾਂ ਬਾਰੇ ਬਹੁਤ ਕੁਝ ਸਿੱਖਿਆ ਹੈ।' ਉਨ੍ਹਾਂ ਦੇ ਅਨੁਸਾਰ, ਅਸੀਂ ਸੋਚਿਆ ਸੀ ਕਿ ਉਹ ਸਾਡੇ ਮੁੱਦਿਆਂ ਵਿੱਚ ਬਹੁਤ ਦਿਲਚਸਪੀ ਲੈਣਗੇ, ਪਰ ਅਸੀਂ ਤਿਆਰ ਨਹੀਂ ਸੀ। ਉਨ੍ਹਾਂ ਵੱਲ ਬਹੁਤ ਧਿਆਨ ਦੇਣ ਲਈ ਮਰਕੇਲ ਲਿਖਦੀ ਹੈ - 'ਮੈਂ ਡਾਕਟਰ ਸਾਹਿਬ ਦੀ ਗੱਲ ਸਮਝ ਗਈ ਤੇ ਉੱਭਰਦੇ ਦੇਸ਼ਾਂ ਦੇ ਸਾਹਮਣੇ ਆਉਣ ਵਾਲੀਆਂ ਦਰਪੇਸ਼ ਚੁਣੌਤੀਆਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ।' ਜਰਮਨੀ ਦੀ ਸਾਬਕਾ ਚਾਂਸਲਰ ਮਰਕੇਲ ਨੂੰ ਕਿਹਾ ਕਿ ਅਮੀਰ ਦੇਸ਼ ਭਾਰਤ ਵਰਗੇ ਗਰੀਬ ਦੇਸ਼ਾਂ ਦੀ ਮਦਦ ਕਰਨ ਬਾਰੇ ਜ਼ਿਆਦਾ ਨਹੀਂ ਸੋਚਦੇ। ਉਸਦਾ ਕਹਿਣਾ ਸੀ ਕਿ ਉਹ ਯੋਗ ਪ੍ਰਧਾਨ ਮੰਤਰੀ ਤੇ ਵਿਸ਼ਵ ਪੱਧਰ ਦੇ ਆਰਥ ਸ਼ਾਸਤਰੀ ਸਨ।

ਡਾ: ਮਨਮੋਹਨ ਸਿੰਘ ਨੇ ਮਰਕੇਲ ਨੂੰ 5,000 ਸਾਲਾਂ ਤੋਂ ਵੱਧ ਦੇ ਇਤਿਹਾਸ ਵਾਲੇ ਆਪਣੇ ਦੇਸ਼ ਦੀ ਸੱਭਿਆਚਾਰਕ ਅਮੀਰੀ ਬਾਰੇ ਦੱਸਿਆ। ਇਕੱਲੇ ਭਾਰਤੀ ਸੰਵਿਧਾਨ ਅਧੀਨ 22 ਸਰਕਾਰੀ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ। ਇਸ ਦੀ ਵਿਭਿੰਨਤਾ ਦੇਸ਼ ਦੀ ਏਕਤਾ ਵਿੱਚ ਯੋਗਦਾਨ ਪਾਉਂਦੀ ਹੈ। ਇਸ ਪੱਖੋਂ ਭਾਰਤ ਆਪਣੇ ਗੁਆਂਢੀ ਦੇਸ਼ਾਂ ਨਾਲੋਂ ਵੱਧ ਯੂਰਪੀ ਸੰਘ ਵਰਗਾ ਹੈ। ਸਿੰਘ ਅਤੇ ਉਨ੍ਹਾਂ ਦੀ ਪਹਿਲੀ ਮੁਲਾਕਾਤ 2006 ਵਿੱਚ ਹੋਈ ਸੀ।

**ਵਿਸ਼ਵ ਨੀਤੀ ਬਾਰੇ ਖ਼ੁਲਾਸੇ**

2021 ਵਿੱਚ ਅਹੁਦਾ ਛੱਡਣ ਤੋਂ ਬਾਅਦ, ਮਰਕੇਲ ਉੱਤੇ ਰੂਸ ਪ੍ਰਤੀ ਬਹੁਤ ਨਰਮ ਰੁਖ ਅਪਣਾਉਣ ਦਾ ਦੋਸ਼ ਲਗਾਇਆ ਗਿਆ ਸੀ। ਦੋਸ਼ ਸੀ ਕਿ ਇਸ ਕਾਰਨ ਜਰਮਨੀ ਸਸਤੀ ਰੂਸੀ ਗੈਸ 'ਤੇ ਖ਼ਤਰਨਾਕ ਰੂਪ ਨਾਲ ਨਿਰਭਰ ਹੋ ਗਿਆ। ਇਸ ਦੇ ਨਾਲ ਹੀ ਪਰਵਾਸੀਆਂ ਨੂੰ ਲੈਕੇ ਉਸ ਦੀ ਖੁੱਲ੍ਹੀ ਨੀਤੀ ਨੇ ਦੇਸ਼ ਵਿੱਚ ਕਈ ਸਮੱਸਿਆਵਾਂ ਅਤੇ ਸੱਜੇ-ਪੱਖੀ ਤਾਕਤਾਂ ਦੇ ਉਭਾਰ ਦਾ ਰਾਹ ਪੱਧਰਾ ਕੀਤਾ।

ਮਰਕੇਲ ਦੀ ਆਤਮਕਥਾ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਯੂਕਰੇਨ ਅਤੇ ਰੂਸ ਵਿੱਚ ਜੰਗ ਚੱਲ ਰਹੀ ਹੈ। ਇਸ ਦੇ ਨਾਲ ਹੀ ਡੋਨਾਲਡ ਟਰੰਪ ਅਮਰੀਕਾ ਦੇ ਵ੍ਹਾਈਟ ਹਾਊਸ ਵਿੱਚ ਵਾਪਸੀ ਕਰਨ ਜਾ ਰਹੇ ਹਨ ਅਤੇ ਜਰਮਨੀ ਵਿੱਚ ਸੱਤਾਧਾਰੀ ਗਠਜੋੜ ਦੇ ਟੁੱਟਣ ਤੋਂ ਬਾਅਦ ਮੱਧਕਾਲੀ ਚੋਣਾਂ ਹੋਣ ਜਾ ਰਹੀਆਂ ਹਨ।

70 ਸਾਲਾ ਮਰਕੇਲ ਆਪਣੀ ਸ਼ਾਂਤ ਅਤੇ ਸਥਿਰ ਲੀਡਰਸ਼ਿਪ ਸ਼ੈਲੀ ਲਈ ਜਾਣੀ ਜਾਂਦੀ ਹੈ। ਉਨ੍ਹਾਂ ਮੌਜੂਦਾ ਵਿਵਾਦ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਮਰਕੇਲ ਨੇ ਇਹ ਕਿਤਾਬ ਆਪਣੇ ਲੰਬੇ ਸਮੇਂ ਤੋਂ ਸਲਾਹਕਾਰ ਬਿਆਟੇ ਬਾਉਮੈਨ ਨਾਲ ਮਿਲ ਕੇ ਲਿਖੀ ਹੈ। ਕਈ ਸਾਲਾਂ ਤੱਕ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਰਹਿਣ ਤੋਂ ਬਾਅਦ ਮਰਕੇਲ ਨੇ ਕਈ ਮੀਡੀਆ ਅਦਾਰਿਆਂ ਨੂੰ ਇੰਟਰਵਿਊ ਦਿੱਤੇ ਹਨ। ਇਸ ਵਿੱਚ ਉਸਨੇ ਕਮਿਊਨਿਸਟ ਪੂਰਬੀ ਜਰਮਨੀ ਵਿੱਚ ਆਪਣੇ ਬਚਪਨ ਦੇ ਦਿਨਾਂ ਦੇ ਨਾਲ-ਨਾਲ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਡੋਨਾਲਡ ਟਰੰਪ ਨਾਲ ਤਿੱਖੇ ਟਕਰਾਅ ਦਾ ਜ਼ਿਕਰ ਕੀਤਾ ਹੈ। ਜੋ ਕਿ, ਮਾਰਕੇਲ ਦੇ ਅਨੁਸਾਰ, 'ਅਜਿਹੇ ਰਾਜਨੇਤਾਵਾਂ ਦੇ ਸ਼ਿਕੰਜੇ ਵਿੱਚ ਸੀ, ਜਿਨ੍ਹਾਂ ਦੀ ਪ੍ਰਵਿਰਤੀ ਨਿਰਕੁੰਸ਼ ਅਤੇ ਤਾਨਾਸ਼ਾਹੀ ਸੀ।'

ਆਪਣੀ ਸੰਸਕਰਣ ਵਿੱਚ, ਮਰਕੇਲ ਨੇ ਆਪਣੇ ਵਿਚਾਰਾਂ ਅਤੇ ਕੰਮਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਹੈ। ਇਨ੍ਹਾਂ ਵਿੱਚ 2015 ਵਿੱਚ ਵੱਡੀ ਗਿਣਤੀ ਵਿੱਚ ਸ਼ਰਨਾਰਥੀਆਂ ਨੂੰ ਆਉਣ ਦੀ ਇਜਾਜ਼ਤ ਦੇਣਾ ਵੀ ਸ਼ਾਮਲ ਹੈ। ਇਸ ਘਟਨਾ ਨੇ ਉਸ ਦੀ ਅਗਵਾਈ ਦੇ ਆਖ਼ਰੀ ਸਾਲਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। (ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਲਗਾਉਣਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic. 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਕੀ ਮੁਸ਼ਕਿਲਾਂ ਵਿੱਚ ਘਿਰ ਚੁੱਕੇ ਨੇ ਮੋਦੀ ਦੇ ਚਹੇਤੇ ਅਡਾਨੀ ?

## ਸ੍ਰੀਲੰਕਾ ਅਤੇ ਬੰਗਲਾਦੇਸ਼ ਵਿੱਚ ਵੀ ਦਿੱਕਤਾਂ ਖੜ੍ਹੀਆਂ ਹੋਣ ਦੀ ਸੰਭਾਵਨਾ

## ਫ਼ਰਾਂਸ ਦੀ ਪਾਵਰ ਕੰਪਨੀ ਟੋਟਲ ਐਨਰਜੀਜ਼ ਵੱਲੋਂ ਅਡਾਨੀ ਸਮੂਹ ਵਿੱਚ ਨਿਵੇਸ਼ ਰੋਕਣ ਦਾ ਫ਼ੈਸਲਾ

ਵਿਵਾਦਾਂ ਵਿੱਚ ਘਿਰੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਹੇਤੇ ਉਦਯੋਗਪਤੀ ਗੌਤਮ ਅਡਾਨੀ ਦਾ ਭਾਰਤ ਵਿੱਚ ਭਾਵੇਂ ਹੀ ਕੁਝ ਨਾ ਵਿਗੜੇ, ਪਰ ਅਮਰੀਕਾ ਦੀ ਅਦਾਲਤ ਵਿੱਚ ਰਿਸ਼ਵਤਖੋਰੀ ਅਤੇ ਧੋਖਾਧੜੀ ਦਾ ਦੋਸ਼ੀ ਲਗਾਏ ਜਾਣ ਤੋਂ ਬਾਅਦ ਤੋਂ ਉਹ ਇੱਕ ਤੋਂ ਬਾਅਦ ਇੱਕ ਮੁਸ਼ਕਿਲਾਂ ਵਿੱਚ ਘਿਰਦੇ ਜਾ ਰਹੇ ਹਨ। ਜਿਸ ਦਿਨ ਅਮਰੀਕੀ ਅਦਾਲਤ ਨੇ ਸੰਮਨ ਜਾਰੀ ਕਰਕੇ 21 ਦਿਨ ਵਿੱਚ ਜਵਾਬ ਦੇਣ ਨੂੰ ਕਿਹਾ, ਉਸ ਦੇ ਅਗਲੇ ਹੀ ਦਿਨ ਕੀਨੀਆ ਨੇ ਅਡਾਨੀ ਸਮੂਹ ਦੇ ਨਾਲ ਆਪਣੇ ਸਾਰੇ ਸੌਦੇ ਰੱਦ ਕਰ ਦਿੱਤੇ ਸਨ। ਹੁਣ ਖ਼ਬਰ ਹੈ ਕਿ ਸ੍ਰੀਲੰਕਾ ਅਤੇ ਬੰਗਲਾਦੇਸ਼ ਵਿੱਚ ਵੀ ਸਮੱਸਿਆ ਵਧਣ ਵਾਲੀ ਹੈ। ਸ੍ਰੀਲੰਕਾ ਵਿੱਚ ਉਨ੍ਹਾਂ ਦੇ ਬਿਜਲੀ ਪ੍ਰਾਜੈਕਟ ਨੂੰ ਲੈ ਕੇ ਸਮੀਖਿਆ ਹੋਈ ਹੈ ਅਤੇ ਕੈਬਨਿਟ ਨੂੰ ਇਸ ਬਾਰੇ ਫ਼ੈਸਲਾ ਕਰਨ ਲਈ ਅਧਿਕਾਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਸ੍ਰੀਲੰਕਾ 'ਚ ਕਮਿਊਨਿਸਟ ਵਿਚਾਰਧਾਰਾ ਦੇ ਅਨੁਰਾ ਦਿਸਾਨਾਇਕੇ ਦੀ ਸਰਕਾਰ ਹੈ। ਬੰਗਲਾਦੇਸ਼ ਦੀ ਸਰਕਾਰ ਨੇ ਵੀ ਅਡਾਨੀ ਸਮੂਹ ਤੋਂ ਬਿਜਲੀ ਖਰੀਦ ਦੇ ਸੌਦੇ ਦੀ ਸਮੀਖਿਆ ਕਰਨ ਲਈ ਇੱਕ ਕਮੇਟੀ ਬਣਾਈ ਹੈ। ਇਸ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਸਰਕਾਰ ਅੱਗੇ ਫ਼ੈਸਲਾ ਕਰੇਗੀ। ਉੱਧਰ ਫ਼ਰਾਂਸ ਦੀ ਵੱਡੀ ਪਾਵਰ ਕੰਪਨੀ ਟੋਟਲ ਐਨਰਜੀਜ਼ ਨੇ ਵੀ ਨਵਾਂ ਰੁੱਖ ਅਪਣਾਇਆ ਹੈ। ਉਸ ਨੇ ਅਡਾਨੀ ਸਮੂਹ 'ਚ ਆਪਣਾ ਨਿਵੇਸ਼ ਰੋਕਣ ਦਾ ਫ਼ੈਸਲਾ ਕੀਤਾ ਹੈ। ਕੰਪਨੀ ਨੇ ਕਿਹਾ ਹੈ ਕਿ ਜਦੋਂ ਤੱਕ ਰਿਸ਼ਵਤਖੋਰੀ ਅਤੇ ਧੋਖਾਧੜੀ ਦੇ ਮਾਮਲੇ ਦਾ ਨਿਪਟਾਰਾ ਨਹੀਂ ਹੁੰਦਾ, ਉਦੋਂ ਤੱਕ ਉਹ ਨਿਵੇਸ਼ ਨਹੀਂ ਕਰੇਗੀ। ਅਡਾਨੀ ਸਮੂਹ 'ਚ ਨਿਵੇਸ਼ ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ ਇੱਕ-ਇੱਕ ਕਰਕੇ ਪੈਰ ਪਿੱਛੇ ਖਿੱਚ ਰਹੀਆਂ ਹਨ। ਉਨ੍ਹਾਂ ਨੇ ਸ਼ੇਅਰ ਬਾਜ਼ਾਰ ਵਿੱਚ ਆਪਣਾ ਨਿਵੇਸ਼ ਕੱਢਣਾ ਸ਼ੁਰੂ ਕਰ ਦਿੱਤਾ ਹੈ। ਇੱਕ ਅੰਤਰਰਾਸ਼ਟਰੀ ਏਜੰਸੀ ਦੀ ਰਿਪੋਰਟ ਹੈ ਕਿ ਅਡਾਨੀ ਸਮੂਹ ਨੂੰ ਹੁਣ ਵਿਦੇਸ਼ੀ ਨਿਵੇਸ਼ ਮਿਲਣਾ ਲਗਭਗ ਨਾਮੁਮਕਿਨ ਹੋ ਗਿਆ ਹੈ।




**ਅਮਰੀਕਨ ਅਰਬਪਤੀ ਸਮਾਜਸੇਵਕ ਜਾਰਜ ਸੋਰੋਸ ਦੀ ਟਿੱਪਣੀ**

ਇਥੇ ਜ਼ਿਕਰਯੋਗ ਹੈ ਕਿ ਅਮਰੀਕਨ ਅਰਬਪਤੀ ਸਮਾਜਸੇਵਕ ਜਾਰਜ ਸੋਰੋਸ ਦਾ ਮੰਨਣਾ ਹੈ ਕਿ ਗੌਤਮ ਅਡਾਨੀ ਦੇ ਵਪਾਰਕ ਸਾਮਰਾਜ ਵਿੱਚ ਉਥਲ-ਪੁਥਲ ਸਰਕਾਰ ਉਤੇ ਪ੍ਰਧਾਨ ਮੰਤਰੀ ਮੋਦੀ ਪਕੜ ਨੂੰ ਕਮਜ਼ੋਰ ਕਰ ਸਕਦੀ ਹੈ। ਹਾਲਾਂਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸੋਰੋਸ ਦੇ ਇਸ ਬਿਆਨ ਨੂੰ ਭਾਰਤੀ ਲੋਕਤੰਤਰ 'ਤੇ ਹਮਲੇ ਦੇ ਤੌਰ 'ਤੇ ਲੈਂਦੇ ਹੋਏ ਸਖ਼ਤ ਇਤਰਾਜ਼ ਪ੍ਰਗਟਾਇਆ ਸੀ। ਅਮਰੀਕਾ ਦੀ ਨਿਵੇਸ਼ ਖੋਜ ਕੰਪਨੀ 'ਹਿੰਡਨਬਰਗ ਰਿਸਰਚ' ਦੀ 24 ਜਨਵਰੀ ਨੂੰ ਜਾਰੀ ਰਿਪੋਰਟ ਤੋਂ ਬਾਅਦ ਅਡਾਨੀ ਸਮੂਹ ਨੂੰ ਭਾਰੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ 'ਤੇ ਸੋਰੋਸ ਨੇ ਮਿਊਨਿਖ ਸੁਰੱਖਿਆ ਸੰਮੇਲਨ ਵਿੱਚ ਇੱਕ ਸੰਬੋਧਨ ਵਿੱਚ ਕਿਹਾ ਕਿ ਮੋਦੀ ਨੂੰ ਅਡਾਨੀ ਸਮੂਹ ਦੇ ਦੋਸ਼ਾਂ 'ਤੇ ਵਿਦੇਸ਼ੀ ਨਿਵੇਸ਼ਕਾਂ ਅਤੇ ਸੰਸਦ ਦੇ 'ਸਵਾਲਾਂ ਦਾ ਜਵਾਬ ਦੇਣਾ ਹੋਵੇਗਾ।'ਸੋਰੋਸ ਨੇ ਕਿਹਾ ਸੀ ਕਿ ਅਡਾਨੀ ਸਮੂਹ ਵਿੱਚ ਉਥਲ-ਪੁਥਲ ਦੇਸ਼ ਵਿੱਚ ਮੁੜ ਲੋਕਤੰਤਰਕ ਬਹਾਲੀ ਦਾ ਦਰਵਾਜ਼ਾ ਖੋਲ੍ਹ ਸਕਦੀ ਹੈ।

**ਅਮਰੀਕਾ ਨੇ ਵੀ ਲਗਾਏ ਸਨ ਦੋਸ਼**

ਅਮਰੀਕੀ ਜਾਂਚ ਏਜੰਸੀਆਂ ਅਤੇ ਇਸਤਗਾਸਾ ਦੇ ਦੋਸ਼ਾਂ ਮੁਤਾਬਿਕ ਗੌਤਮ ਅਡਾਨੀ, ਅਡਾਨੀ ਗਰੀਨ ਦੇ ਸਾਗਰ ਅਡਾਨੀ ਅਤੇ ਛੇ ਅਧਿਕਾਰੀਆਂ ਨੇ ਸੌਰ ਊਰਜਾ ਦੇ ਆਪਣੇ ਕਾਰੋਬਾਰ ਨੂੰ ਚਮਕਾਉਣ ਲਈ ਭਾਰਤੀ ਅਧਿਕਾਰੀਆਂ ਨੂੰ ਕਥਿਤ ਤੌਰ 'ਤੇ 265 ਮਿਲੀਅਨ ਡਾਲਰ (ਕਰੀਬ 2265 ਕਰੋੜ ਰੁਪਏ) ਦੀ ਰਿਸ਼ਵਤ ਦਿੱਤੀ ਸੀ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਕਈ ਹੋਰ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਹੈ ਕਿ ਗੌਤਮ ਅਡਾਨੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਸਾਂਝੀ ਸੰਸਦੀ ਕਮੇਟੀ ਰਾਹੀਂ ਇਸ ਸਮੁੱਚੇ ਮਾਮਲੇ ਦੀ ਜਾਂਚ ਕਰਵਾਈ ਜਾਵੇ। ਭਾਰਤ ਦੀ ਸਿਆਸੀ ਅਤੇ ਚੁਣਾਵੀ ਪ੍ਰਕਿਰਿਆ ਵਿੱਚ ਜਿਉਂ-ਜਿਉਂ ਧਨ ਬਲ ਦਾ ਦਖ਼ਲ ਵਧ ਰਿਹਾ ਹੈ, ਤਿਉਂ-ਤਿਉਂ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੇ ਗੱਠਜੋੜ ਬਾਰੇ ਹੈਰਾਨਕੁਨ ਖੁਲਾਸੇ ਹੋ ਰਹੇ ਹਨ। ਦੇਸ਼ ਦੇ ਜਮਹੂਰੀ ਢਾਂਚੇ ਦੀ ਭਰੋਸੇਯੋਗਤਾ ਬਰਕਰਾਰ ਰੱਖਣ ਅਤੇ ਇਸ ਵਿੱਚ ਆਮ ਲੋਕਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਸਿਆਸਤ ਅਤੇ ਕਾਰੋਬਾਰ ਵਿਚਕਾਰ ਸਪੱਸ਼ਟ ਨਿਖੇੜਾ ਕਰਨ ਦੀ ਲੋੜ ਹੈ। ਇਸ ਸਬੰਧ ਵਿੱਚ ਸੁਪਰੀਮ ਕੋਰਟ ਦੀ ਅਗਵਾਈ ਹੇਠ ਜਾਂਚ ਇੱਕ ਰਾਹ ਹੋ ਸਕਦੀ ਹੈ ਅਤੇ ਇਸ ਦੇ ਨਾਲ ਹੀ ਕੇਂਦਰ ਤੇ ਸੂਬਿਆਂ ਅਤੇ ਦੂਜੇ ਬੰਨੇ ਭਾਰਤੀ ਤੇ ਅਮਰੀਕੀ ਅਧਿਕਾਰੀਆਂ ਵਿਚਕਾਰ ਕਰੀਬੀ ਤਾਲਮੇਲ ਦੀ ਲੋੜ ਪਵੇਗੀ। ਉਂਝ, ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਅਜੇ ਤੱਕ ਇਸ ਮਾਮਲੇ ਬਾਰੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਨਹੀਂ ਕੀਤੀ। ਅਡਾਨੀ 'ਤੇ ਦੋਸ਼ ਲੱਗਣ ਨਾਲ ਹੁਣ ਭਾਰਤ ਵਿੱਚ ਸਕਿਉਰਿਟੀਜ਼ ਤੇ ਐਕਸਚੇਂਜ ਬੋਰਡ (ਸੇਬੀ) ਵੱਲੋਂ ਉਸ ਖ਼ਿਲਾਫ਼ ਕੀਤੀ ਜਾ ਰਹੀ ਜਾਂਚ ਵੀ ਮੁੜ ਸੰਸਾਰ ਦੇ ਧਿਆਨ 'ਚ ਆ ਗਈ ਹੈ। ਅਮਰੀਕੀ ਸ਼ਾਰਟ-ਸੈੱਲਰ ਹਿੰਡਨਬਰਗ ਰਿਸਰਚ ਨੇ ਅਡਾਨੀ ਗਰੁੱਪ 'ਤੇ 'ਸਟਾਕ 'ਚ ਹੇਰ-ਫੇਰ ਤੇ ਅਕਾਊਂਟਿੰਗ ਧੋਖੇਬਾਜ਼ੀ' ਦੇ ਦੋਸ਼ ਲਾਏ ਸਨ। ਇਹ ਮਾਮਲਾ ਵੀ ਕੌਮਾਂਤਰੀ ਪੱਧਰ 'ਤੇ ਸੁਰਖੀਆਂ ਵਿੱਚ ਆਇਆ ਸੀ ਤੇ ਵਿਰੋਧੀ ਧਿਰ ਨੇ ਸੰਸਦ ਦੇ ਅੰਦਰ ਤੇ ਬਾਹਰ ਕਾਫ਼ੀ ਹੰਗਾਮਾ ਕੀਤਾ ਸੀ। ਹਿੰਡਨਬਰਗ ਰਿਪੋਰਟ ਤੋਂ ਬਾਅਦ ਅਡਾਨੀ ਗਰੁੱਪ ਦੇ ਸ਼ੇਅਰਾਂ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਸੀ ਤੇ ਨਿਵੇਸ਼ਕਾਂ ਨੂੰ ਨੁਕਸਾਨ ਝੱਲਣਾ ਪਿਆ ਸੀ। ਇਸ ਤੋਂ ਨਿਵੇਸ਼ਕਾਂ ਦੀ ਸੁਰੱਖਿਆ ਦਾ ਮਾਮਲਾ ਵੀ ਉੱਭਰਿਆ ਸੀ ਜਿਨ੍ਹਾਂ ਗਰੁੱਪ ਦੀਆਂ ਬਹੁਕੌਮੀ ਤੇ ਵੱਡੀਆਂ ਕੰਪਨੀਆਂ ਵਿੱਚ ਪੈਸਾ ਲਾਇਆ ਹੋਇਆ ਸੀ। ਕਾਂਗਰਸ ਸਣੇ ਅਹਿਮ ਵਿਰੋਧੀ ਧਿਰਾਂ ਨੇ ਇਸ ਮਾਮਲੇ 'ਤੇ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਬਣਾਉਣ ਦੀ ਮੰਗ ਵੀ ਕੀਤੀ ਸੀ ਤਾਂ ਕਿ ਦੋਸ਼ਾਂ ਦੀ ਜਾਂਚ ਨਿਰਪੱਖਤਾ ਨਾਲ ਹੋ ਸਕੇ।

(ਬਾਕੀ ਸਫ਼ਾ 31 'ਤੇ)

## ਚੀਨ ਤੇ ਪਾਕਿ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੇ ਹਾਂ: ਐਡਮਿਰਲ ਤ੍ਰਿਪਾਠੀ



ਨਵੀਂ ਦਿੱਲੀ/ਏ.ਟੀ.ਨਿਊਜ਼:ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਕੇ ਤ੍ਰਿਪਾਠੀ ਨੇ ਕਿਹਾ ਕਿ ਚੀਨ ਤੇ ਪਾਕਿਸਤਾਨ ਦੀਆਂ ਜਲ ਸੈਨਾਵਾਂ ਦੀਆਂ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਅਗਲੇ ਮਹੀਨੇ 26 ਰਾਫਾਲ ਜੰਗੀ ਜਹਾਜ਼ਾਂ ਦੇ ਸਮੁੰਦਰੀ ਰੂਪ ਅਤੇ ਤਿੰਨ ਵਾਧੂ ਸਕਾਰਪੀਨ ਪਣਡੁੱਬੀਆਂ ਦੀ ਖ਼ਰੀਦ ਲਈ ਵੱਖ-ਵੱਖ ਸਮਝੌਤਿਆਂ 'ਤੇ ਸਹੀ ਪਾ ਸਕਦਾ ਹੈ। ਜਲ ਸੈਨਾ ਦਿਵਸ ਤੋਂ ਪਹਿਲਾਂ ਮੀਡੀਆ ਨਾਲ ਗੱਲਬਾਤ ਦੌਰਾਨ ਐਡਮਿਰਲ ਤ੍ਰਿਪਾਠੀ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਦੋ ਐੱਸ.ਐੱਸ.ਐੱਨ. ਲਈ ਮਨਜ਼ੂਰੀ ਦੇ ਦਿੱਤੀ ਹੈ ਅਤੇ ਅਜਿਹੀਆਂ ਛੇ ਕਿਸ਼ਤੀਆਂ ਬਣਾਉਣ ਦੀ ਯੋਜਨਾ ਹੈ। ਜਲ ਸੈਨਾ ਮੁਖੀ ਨੇ ਕਿਹਾ ਕਿ ਪਹਿਲਾ ਐੱਸ.ਐੱਸ.ਐੱਨ. 2036-37 ਤੱਕ ਅਤੇ ਦੂਜਾ 2038-39 ਤੱਕ ਤਿਆਰ ਹੋ ਜਾਵੇਗਾ।

## ਬਾਬਾ ਸਿੱਦੀਕੀ ਦੇ ਕਤਲ ਦਾ ਮੁੱਖ ਸਾਜ਼ਿਸ਼ਕਰਤਾ ਅਨਮੋਲ ਬਿਸ਼ਨੋਈ: ਮੁੰਬਈ ਪੁਲਿਸ

ਮੁੰਬਈ, 4 ਦਸੰਬਰ: ਮੁੰਬਈ ਪੁਲਿਸ ਨੇ ਇੱਥੇ ਇੱਕ ਵਿਸ਼ੇਸ਼ ਅਦਾਲਤ ਨੂੰ ਦੱਸਿਆ ਕਿ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਮਨੋਲ ਬਿਸ਼ਨੋਈ ਦਾ ਨਾਮ ਐਨਸੀਪੀ ਆਗੂ ਬਾਬਾ ਸਿੱਦੀਕੀ ਦੀ ਹੱਤਿਆ ਵਿੱਚ ਮੁੱਖ ਸਾਜ਼ਿਸ਼ਕਰਤਾ ਵਜੋਂ ਸਾਹਮਣੇ ਆਇਆ ਹੈ।

ਪੁਲਿਸ ਨੇ ਇਹ ਦਾਅਵਾ ਮੰਗਲਵਾਰ ਨੂੰ ਮਹਾਰਾਸ਼ਟਰ ਸੰਗਠਿਤ ਅਪਰਾਧ ਨਿਯੰਤਰਣ ਕਾਨੂੰਨ (ਮਕੋਕਾ) ਦੇ ਸਖ਼ਤ ਪ੍ਰਬੰਧਾਂ ਦਾ ਹਵਾਲਾ ਦਿੰਦੇ ਹੋਏ ਮਾਮਲੇ ਦੇ ਅੱਠ ਮੁਲਜ਼ਮਾਂ ਦਾ ਰਿਮਾਂਡ ਮੰਗਦੇ ਹੋਏ ਕੀਤਾ। ਵਿਸ਼ੇਸ਼ ਮਕੋਕਾ ਅਦਾਲਤ ਦੇ ਜੱਜ ਏਐਮ ਪਾਟਿਲ ਨੇ ਕਥਿਤ ਮੁੱਖ ਸ਼ੂਟਰ ਸ਼ਿਵਕੁਮਾਰ ਗੌਤਮ ਸਮੇਤ ਅੱਠ ਮੁਲਜ਼ਮਾਂ ਨੂੰ 7 ਦਸੰਬਰ ਤੱਕ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ (66) ਦੀ 12 ਅਕਤੂਬਰ ਨੂੰ ਉਸ ਦੇ ਪੁੱਤਰ ਜੀਸ਼ਾਨ ਸਿੱਦੀਕੀ ਦੇ ਦਫ਼ਤਰ ਦੀ ਇਮਾਰਤ ਦੇ ਬਾਹਰ ਤਿੰਨ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।





ਅਮਨੋਲ ਬਿਸ਼ਨੋਈ ਜਿਸ ਨੂੰ ਹਾਲ ਹੀ ਵਿੱਚ ਅਮਰੀਕਾ 'ਚ ਨਜ਼ਰਬੰਦ ਕਰਦਿਆਂ ਉੱਥੇ ਇੱਕ ਜੇਲ੍ਹ ਭੇਜਿਆ ਗਿਆ ਸੀ, ਨੂੰ ਇਸ ਮਾਮਲੇ ਵਿੱਚ ਲੋੜੀਂਦੇ ਮੁਲਜ਼ਮ ਵਜੋਂ ਦਰਸਾਇਆ ਗਿਆ ਹੈ। ਰਿਮਾਂਡ ਦੀ ਸੁਣਵਾਈ ਦੌਰਾਨ ਮੁੰਬਈ ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੀ ਜਾਂਚ ਦੌਰਾਨ ਅਮਨੋਲ ਬਿਸ਼ਨੋਈ ਦਾ ਨਾਂ ਮਾਮਲੇ ਦੇ ਮੁੱਖ ਸਾਜ਼ਿਸ਼ਕਰਤਾ ਵਜੋਂ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਹੋਰ ਦੋਸ਼ੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰ ਰਿਹਾ ਸੀ ਅਤੇ ਫੰਡਾਂ ਦੇ ਸਰੋਤ ਅਤੇ ਵਰਤੋਂ ਦਾ ਪਤਾ ਲਗਾਉਣ ਲਈ ਜਾਂਚ ਦੀ ਲੋੜ ਹੈ। ਪੁਲਿਸ ਨੇ ਕਿਹਾ ਕਿ ਅਮਨੋਲ ਬਿਸ਼ਨੋਈ ਨੇ ਇੱਕ ਸੰਚਾਰ ਐਪ ਰਾਹੀਂ ਸਹਿ-ਮੁਲਜ਼ਮ ਨਾਲ ਸੰਪਰਕ ਕੀਤਾ ਸੀ, ਇਸ ਪਹਿਲੂ 'ਤੇ ਜਾਣਕਾਰੀ ਇਕੱਠੀ ਕਰਨ ਲਈ ਗ੍ਰਿਫਤਾਰ ਮੁਲਜ਼ਮਾਂ ਦੀ ਹਿਰਾਸਤ ਦੀ ਲੋੜ ਹੈ। ਕ੍ਰਾਈਮ ਬ੍ਰਾਂਚ ਨੇ ਇਸ ਮਾਮਲੇ 'ਚ ਹੁਣ ਤੱਕ ਕਥਿਤ ਮੁੱਖ ਸ਼ੂਟਰ ਸ਼ਿਵਕੁਮਾਰ ਗੌਤਮ ਸਮੇਤ 26 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਸਾਰੇ ਮੁਲਜ਼ਮਾਂ ਨੂੰ ਪਹਿਲਾਂ ਮੈਜਿਸਟ੍ਰੇਟ ਅਦਾਲਤ ਨੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਸੀ। 30 ਨਵੰਬਰ ਨੂੰ ਪੁਲਿਸ ਨੇ

(ਬਾਕੀ ਸਫ਼ਾ 30 'ਤੇ)

## ਭਾਰਤ ਦੀ ਕਾਰਵਾਈ: ਸਰਕਾਰ ਨੇ 2024 'ਚ ਰਿਕਾਰਡ 28,000 ਤੋਂ ਵੱਧ ਯੂ.ਆਰ.ਐਲ. ਕੀਤੇ ਬਲੌਕ

ਨਵੀਂ ਦਿੱਲੀ- ਭਾਰਤ ਸਰਕਾਰ ਨੇ 2024 ਵਿੱਚ ਰਿਕਾਰਡ 28,000 ਤੋਂ ਵੱਧ ਸੋਸ਼ਲ ਮੀਡੀਆ ਯੂ.ਆਰ.ਐਲ. ਨੂੰ ਬਲੌਕ ਕਰ ਦਿੱਤਾ ਹੈ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ ਜ਼ਿਆਦਾਤਰ ਸਮੱਗਰੀ ਖਾਲਿਸਤਾਨ ਪੱਖੀ ਵੱਖਵਾਦੀ ਅੰਦੋਲਨਾਂ, ਨਫ਼ਰਤ ਭਰੇ ਭਾਸ਼ਣ ਅਤੇ ਭਾਰਤ ਦੀ ਪ੍ਰਭੂਸੱਤਾ ਲਈ ਖਤਰਿਆਂ ਨਾਲ ਜੁੜੀ ਹੋਈ ਸੀ। ਇਹ ਕਾਰਵਾਈਆਂ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 69ਏ ਦੇ ਤਹਿਤ ਕੀਤੀਆਂ ਗਈਆਂ ਸਨ, ਜੋ ਅਧਿਕਾਰੀਆਂ ਨੂੰ ਦੇਸ਼ ਲਈ ਨੁਕਸਾਨਦੇਹ ਸਮੱਗਰੀ ਤੱਕ




(ਬਾਕੀ ਸਫ਼ਾ 30 'ਤੇ)

## ਦੇਵੇਂਦਰ ਫੜਨਵੀਸ ਨੂੰ ਮਹਾਰਾਸ਼ਟਰ ਭਾਜਪਾ ਵਿਧਾਇਕ ਦਲ ਦਾ ਆਗੂ ਚੁਣਿਆ

ਮੁੰਬਈ : ਇਥੇ ਭਾਜਪਾ ਦੇ ਵਿਧਾਇਕ ਦਲ ਦੀ ਇਕ ਮੀਟਿੰਗ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਨੇਤਾ ਦੇਵੇਂਦਰ ਫੜਨਵੀਸ ਨੂੰ ਬੁੱਧਵਾਰ ਨੂੰ ਸਰਬਸੰਮਤੀ ਨਾਲ ਮਹਾਰਾਸ਼ਟਰ ਭਾਜਪਾ ਵਿਧਾਇਕ ਦਲ ਦਾ ਆਗੂ ਚੁਣਿਆ ਗਿਆ ਹੈ। ਚੰਦਰਕਾਂਤ ਪਾਟਿਲ ਅਤੇ ਸੁਧੀਰ ਮੁਨਗੰਟੀਵਾਰ ਨੇ ਰਸਮੀ ਤੌਰ 'ਤੇ ਫੜਨਵੀਸ ਨੂੰ ਪਾਰਟੀ ਦਾ ਵਿਧਾਇਕ ਨੇਤਾ ਨਾਮਜ਼ਦ ਕੀਤਾ।

ਭਾਜਪਾ ਦੇ ਸੂਬਾਈ ਪ੍ਰਧਾਨ ਚੰਦਰਸ਼ੇਖਰ ਬਾਵਨਕੁਲੇ ਨੇ ਕਿਹਾ ਕਿ ਉਨ੍ਹਾਂ ਸਾਰਿਆਂ ਨੇ ਦੇਵੇਂਦਰ ਫੜਨਵੀਸ ਦੀ ਅਗਵਾਈ 'ਚ ਇਤਿਹਾਸਕ ਚੋਣ ਲੜੀ ਅਤੇ



ਮਹਾਯੁਤੀ ਗਠਜੋੜ ਲਈ ਇਤਿਹਾਸਕ ਫਤਵਾ ਜਿੱਤਿਆ। "ਅਸੀਂ ਪ੍ਰਧਾਨ ਮੰਤਰੀ ਮੋਦੀ ਦੀ ਮਦਦ ਨਾਲ ਮਹਾਰਾਸ਼ਟਰ ਨੂੰ ਪਹਿਲੇ ਨੰਬਰ 'ਤੇ ਲੈ ਜਾਣ ਲਈ ਵਚਨਬੱਧ ਹਾਂ। ਸਾਨੂੰ ਮਹਾਰਾਸ਼ਟਰ ਦੇ ਕਰੋੜਾਂ ਲੋਕਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਅਸੀਂ 149 ਸੀਟਾਂ 'ਤੇ ਚੋਣ ਲੜੀ ਅਤੇ 132 'ਤੇ ਜਿੱਤ ਦਰਜ ਕੀਤੀ, ਜੋ ਇਤਿਹਾਸ 'ਚ ਸਭ ਤੋਂ ਵੱਧ ਹੈ।" ਅੱਜ ਦੀ ਮੀਟਿੰਗ ਵਿੱਚ ਸੂਬੇ ਲਈ ਭਾਜਪਾ ਦੇ ਕੇਂਦਰੀ ਅਬਜ਼ਰਵਰ ਕੇਂਦਰੀ ਮੰਤਰੀ ਨਿਰਮਲਾ ਸੀਤਾਰਮਨ ਅਤੇ ਵਿਜੇ ਰੂਪਾਨੀ ਮੌਜੂਦ ਸਨ।

## ਦਰਪਣ ਝੂਠ ਨਹੀਂ ਬੋਲਦਾ

# ਹਰਿਆਣਾ ਵਿੱਚ ਸਿੱਖਾਂ ਦੀਆਂ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਅਕਾਲੀ ਦਲ ਆਜ਼ਾਦ ਬਣਾਇਆ

## ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੀ ਪੰਜ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਿਆਸੀ ਤੇ ਪੰਥਕ ਨਿਘਾਰ ਕਾਰਨ ਜਿਥੇ ਇਸ ਦਾ ਅਕਸ ਬੁਰੀ ਤਰ੍ਹਾਂ ਡਿੱਗਿਆ ਹੈ, ਉਥੇ ਪੰਜਾਬ ਤੋਂ ਬਾਹਰਲੇ ਰਾਜਾਂ ਨੇ ਆਪਣੇ ਮੰਚ ਤੇ ਜਥੇਬੰਦੀਆਂ ਸਿਰਜਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕੁਝ ਸਮਾਂ ਪਹਿਲਾਂ ਦਮਦਮੀ ਟਕਸਾਲ ਦੇ ਆਗੂ ਬਾਬਾ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਿੱਚ ਮਹਾਰਾਸ਼ਟਰ ਵਿਖੇ ਸਿੱਖਾਂ ਦੇ ਇੱਕ ਧੜੇ ਨੇ ਆਪਣੀਆਂ ਸਮੱਸਿਆਵਾਂ ਹੱਲ ਕਰਾਉਣ ਲਈ ਭਾਜਪਾ ਦੀ ਮਦਦ ਕੀਤੀ ਸੀ।

ਹੁਣ ਹਰਿਆਣਾ ਵਿੱਚ ਬਣੇ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਦੀ ਨਾਮਜ਼ਦਗੀ ਤੋਂ ਪਹਿਲਾਂ ਇਸ ਸਬੰਧੀ ਬਣਾਈ ਗਈ ਪੰਜ ਮੈਂਬਰੀ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਨਵੇਂ ਬਣਾਏ ਦਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਹੈ। ਪੰਜ ਮੈਂਬਰੀ ਕਮੇਟੀ ਵਿੱਚ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ, ਸਵਰਨ ਸਿੰਘ ਬੁੰਗਾ ਟਿੱਬੀ ਪੰਚਕੂਲਾ, ਮਲਕੀਤ ਸਿੰਘ ਪੰਨੀਵਾਲਾ ਸਿਰਸਾ, ਸਵਰਨ ਸਿੰਘ ਰਤੀਆ ਫ਼ਤਿਹਾਬਾਦ ਅਤੇ ਉਮਰਾਓ ਸਿੰਘ ਛੀਨਾ ਕੈਥਲ ਸ਼ਾਮਲ ਸਨ। ਉਨ੍ਹਾਂ ਇੱਥੇ ਦਰਬਾਰ ਸਾਹਿਬ ਵਿੱਚ ਨਤਮਸਤਕ ਹੋਣ ਮਗਰੋਂ ਅਕਾਲ ਤਖ਼ਤ ਵਿਖੇ ਨਵੀਂ ਬਣਾਈ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਸੀ। ਇਸ ਮੌਕੇ ਸੁਖਵਿੰਦਰ ਸਿੰਘ ਮੰਡੇਬਰ ਨੇ ਦੱਸਿਆ



ਕਿ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਜਥੇਬੰਦੀ ਦਾ ਹਾਲ ਹੀ ਵਿੱਚ ਐਲਾਨ ਕੀਤਾ ਗਿਆ ਹੈ ਅਤੇ ਇਸ ਦੇ ਪ੍ਰਧਾਨ ਦੀ ਨਾਮਜ਼ਦਗੀ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ 15 ਦਿਨਾਂ ਵਿੱਚ ਸਿੱਖ ਜਥੇਬੰਦੀਆਂ, ਸੰਤ ਮਹਾਂਪੁਰਸ਼ਾਂ ਅਤੇ ਸਿੱਖ ਸੰਗਤਾਂ ਦੀ ਰਾਏ ਲੈ ਕੇ ਪ੍ਰਧਾਨ ਦੀ ਚੋਣ ਕਰੇਗੀ। ਉਨ੍ਹਾਂ ਕਿਹਾ ਕਿ ਇਹ ਨਵੀਂ ਜਥੇਬੰਦੀ ਹਰਿਆਣਾ ਵਿੱਚ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਅਤੇ ਧਾਰਮਿਕ ਚੋਣਾਂ ਲੜਨ ਦੇ ਮੰਤਵ ਲਈ ਬਣਾਈ ਗਈ ਹੈ। ਇਹ ਜਥੇਬੰਦੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜੇਗੀ। ਉਨ੍ਹਾਂ ਕਿਹਾ ਕਿ ਸਮੁੱਚੇ ਤੌਰ 'ਤੇ ਰਾਏ ਲੈਣ ਮਗਰੋਂ ਉਹ ਹਰਿਆਣਾ ਵਿੱਚ ਇਕੱਠ ਸੱਦਣਗੇ ਅਤੇ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਦੇ ਨਾਂ ਦਾ ਐਲਾਨ ਕੀਤਾ ਜਾਵੇਗਾ।

ਇਸ ਤੋਂ ਸਪਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਘਰ ਵਿਚੋਂ ਹੀ ਚੈਲਿੰਜ ਮਿਲਣੇ ਸ਼ੁਰੂ ਹੋ ਗਏ ਹਨ। ਸਿੱਖ ਪੰਥ ਹੁਣ ਵੱਡੀ ਪੱਧਰ ਉੱਪਰ ਧੜੇਬੰਦੀਆਂ ਵਿਚ ਵੰਡਿਆ ਜਾ ਰਿਹਾ ਹੈ। ਇਸ ਪਿੱਛੇ ਸਰਕਾਰਾਂ ਦਾ ਹੱਥ ਵੀ ਹੈ ਤਾਂ ਜੋ ਸਿੱਖ ਸਿਆਸਤ ਕਮਜ਼ੋਰ ਹੋ ਸਕੇ। ਸੋ ਅਕਾਲੀ ਦਲ ਨੂੰ ਸੱਤਾ ਦਾ ਲੋਭ ਛਡਕੇ ਸਿੱਖ ਪੰਥ ਦੇ ਵਡੇਰੇ ਹਿੱਤਾਂ ਵੱਲ ਧਿਆਨ ਦੇਣਾ ਪਵੇਗਾ।

# ਬੇਅਦਬੀ ਮਾਮਲੇ 'ਚ ਦਿੱਲੀ ਦੇ 'ਆਪ' ਵਿਧਾਇਕ ਨਰੇਸ਼ ਨੂੰ ਦੋ ਸਾਲ ਦੀ ਸਜ਼ਾ, 11,000 ਹਜ਼ਾਰ ਜੁਰਮਾਨਾ

ਪੰਜਾਬ ਵਿੱਚ ਮਲੇਰਕੋਟਲਾ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਬੀਤੇ ਹਫ਼ਤੇ ਸਾਲ 2016 ਦੇ ਕੁਰਾਨ ਦੀ ਬੇਅਦਬੀ ਦੇ ਇੱਕ ਮਾਮਲੇ ਵਿੱਚ ਦਿੱਲੀ ਦੇ ਮਹਿਰੌਲੀ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਨਰੇਸ਼ ਯਾਦਵ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਸੀ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਮਿੰਦਰ ਸਿੰਘ ਗਰੇਵਾਲ ਦੀ ਅਦਾਲਤ ਨੇ ਸਜ਼ਾ ਸੁਣਾਏ ਜਾਣ ਸਮੇਂ ਅਦਾਲਤ ਵਿੱਚ ਮੌਜੂਦ ਯਾਦਵ ਨੂੰ 11,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਸੀ। ਅਦਾਲਤ ਨੇ ਦੋ ਹੋਰ ਵਿਅਕਤੀਆਂ (ਵਿਜੇ ਕੁਮਾਰ ਅਤੇ ਗੌਰਵ ਕੁਮਾਰ) ਦੀ ਦੋ ਸਾਲ ਦੀ ਸਜ਼ਾ ਨੂੰ ਬਰਕਰਾਰ ਰੱਖਿਆ। ਇੱਕ ਹੋਰ ਦੋਸ਼ੀ ਨੰਦ ਕਿਸ਼ੋਰ ਨੂੰ ਅਧੀਨ ਅਦਾਲਤ ਨੇ ਬਰੀ ਕਰ ਦਿੱਤਾ ਸੀ। ਯਾਦਵ ਨੂੰ ਭਾਰਤੀ ਦੰਡਾਵਲੀ ਦੀਆਂ



ਧਾਰਾਵਾਂ 295ਏ (ਕਿਸੇ ਵੀ ਵਰਗ ਦੇ ਧਰਮ ਜਾਂ ਧਾਰਮਿਕ ਵਿਸ਼ਵਾਸ ਦਾ ਅਪਮਾਨ ਕਰਕੇ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਕੀਤਾ ਗਿਆ ਖਤਰਨਾਕ ਕੰਮ), 153ਏ (ਧਰਮ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਉਤਸ਼ਾਹਿਤ ਕਰਨ) ਅਤੇ ਧਾਰਾ 120ਬੀ (ਅਪਰਾਧਿਕ ਸਾਜ਼ਿਸ਼) ਦੇ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ।

ਯਾਦ ਰਹੇ ਕਿ ਯਾਦਵ ਨੂੰ ਮਾਰਚ 2021 ਵਿੱਚ ਅਧੀਨ ਅਦਾਲਤ ਨੇ ਬੇਅਦਬੀ ਮਾਮਲੇ ਵਿੱਚ ਬਰੀ ਕਰ ਦਿੱਤਾ ਸੀ। ਇਸ ਤੋਂ ਬਾਅਦ ਸ਼ਿਕਾਇਤਕਰਤਾ ਮੁਹੰਮਦ ਅਸ਼ਰਫ਼ ਨੇ ਉਸ ਨੂੰ ਬਰੀ ਕਰਨ ਵਿਰੁੱਧ ਅਪੀਲ ਦਾਇਰ ਕੀਤੀ ਸੀ। ਪੁਲਿਸ ਨੇ ਪਹਿਲਾਂ ਵਿਜੇ, ਗੌਰਵ ਅਤੇ ਕਿਸ਼ੋਰ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ ਪਰ ਬਾਅਦ ਵਿੱਚ 'ਆਪ' ਵਿਧਾਇਕ ਯਾਦਵ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਦੱਸਣਯੋਗ ਹੈ ਕਿ 24 ਜੂਨ 2016 ਨੂੰ ਮਾਲੇਰਕੋਟਲਾ ਸ਼ਹਿਰ ਦੀ ਜਰਗ ਰੋਡ ਤੋਂ ਕੁਰਾਨ ਸ਼ਰੀਫ਼ ਦੇ ਅੰਗ ਬਰਾਮਦ ਹੋਣ ਦੀ ਘਟਨਾ ਤੋਂ ਬਾਅਦ ਪੁਲਿਸ ਨੇ ਵਿਜੈ ਕੁਮਾਰ, ਨੰਦ ਕਿਸ਼ੋਰ ਅਤੇ ਗੌਰਵ ਕੁਮਾਰ ਸਮੇਤ ਦੋ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਬਾਅਦ ਵਿੱਚ ਹਾਲਾਤੀ ਸਬੂਤਾਂ ਅਤੇ ਹੋਰ ਮੁਲਜ਼ਮਾਂ ਦੇ ਬਿਆਨਾਂ 'ਤੇ 'ਆਪ' ਵਿਧਾਇਕ ਨਰੇਸ਼ ਯਾਦਵ ਦਾ ਨਾਂ ਜੋੜਿਆ ਗਿਆ ਸੀ। ਪਟਿਆਲਾ ਤੋਂ ਵਿਜੈ ਕੁਮਾਰ ਦੀ ਗ੍ਰਿਫ਼ਤਾਰੀ ਮਗਰੋਂ ਉਸ ਦੇ ਬਿਆਨ 'ਤੇ ਨਰੇਸ਼ ਯਾਦਵ ਨੂੰ ਜਾਂਚ ਵਿੱਚ ਸ਼ਾਮਲ ਕੀਤਾ ਗਿਆ ਸੀ। ਯਾਦਵ ਵੱਲੋਂ ਵਿਜੈ ਕੁਮਾਰ ਦੇ ਬੈਂਕ ਖਾਤੇ ਵਿੱਚ ਟਰਾਂਸਫ਼ਰ ਕੀਤੇ 90 ਲੱਖ ਰੁਪਏ ਅਤੇ ਆਰ.ਐੱਸ.ਐੱਸ. ਨਾਲ ਉਸ ਦੇ ਸਬੰਧਾਂ ਦੀ ਜਾਂਚ ਲਈ ਅਰਜ਼ੀ ਦਾਇਰ ਕੀਤੀ ਗਈ ਸੀ।

# ਕੈਨੇਡਾ ਜਾਣ ਬਾਰੇ ਸੋਚ ਰਹੇ ਹੋ ? ਫਿਰ ਪੜ੍ਹੋ ਟਰੂਡੋ ਸਰਕਾਰ ਦਾ ਇਹ ਇਸ਼ਤਿਹਾਰ, ਉਮੀਦਾਂ 'ਤੇ ਪਾਣੀ ਫਿਰ ਜਾਵੇਗਾ !

## 50 ਲੱਖ ਵਿਦੇਸ਼ੀਆਂ ਦੇ ਅਸਥਾਈ ਪਰਮਿਟ ਹੋ ਰਹੇ ਨੇ ਖ਼ਤਮ, ਛੱਡਣਾ ਪੈ ਸਕਦਾ ਹੈ ਦੇਸ਼

ਕਦੇ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਲਈ ਦੁਨੀਆਂ ਦੇ ਸਭ ਤੋਂ ਮਸ਼ਹੂਰ ਦੇਸ਼ ਵਜੋਂ ਪੇਸ਼ ਕਰਨ ਵਾਲਾ ਕੈਨੇਡਾ ਹੁਣ ਨਵਾਂ ਕਦਮ ਚੁੱਕਣ ਜਾ ਰਿਹਾ ਹੈ। ਇਸ ਦੇ ਤਹਿਤ ਕੈਨੇਡੀਅਨ ਸਰਕਾਰ ਸ਼ਰਨਾਰਥੀਆਂ ਲਈ ਮੁਸ਼ਕਿਲਾਂ ਦਾ ਦਾਅਵਾ ਕਰਦੇ ਹੋਏ ਗਲੋਬਲ ਆਨਲਾਈਨ ਵਿਗਿਆਪਨ ਮੁਹਿੰਮ ਸ਼ੁਰੂ ਕਰਨ ਜਾ ਰਹੀ ਹੈ। ਇਸ ਇਸ਼ਤਿਹਾਰ ਵਿੱਚ ਦੱਸਿਆ ਜਾਵੇਗਾ ਕਿ ਕੈਨੇਡਾ ਵਿੱਚ ਸ਼ਰਨ ਲੈਣਾ ਹੁਣ ਆਸਾਨ ਨਹੀਂ ਰਿਹਾ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਹੈ ਕਿ ਸਰਕਾਰ ਸਪੈਨਿਸ਼, ਉਰਦੂ, ਯੂਕਰੇਨੀ, ਹਿੰਦੀ ਅਤੇ ਤਾਮਿਲ ਸਮੇਤ 11 ਭਾਸ਼ਾਵਾਂ ਵਿੱਚ ਮਾਰਚ ਤੱਕ 178,662 ਡਾਲਰ ਦਾ ਇਸ਼ਤਿਹਾਰ ਜਾਰੀ ਕਰੇਗੀ। ਇਸ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਰਵਾਸੀ ਵਿਰੋਧੀ ਸਰਕਾਰ ਵੱਲੋਂ ਇਮੀਗ੍ਰੇਸ਼ਨ ਵਿੱਚ ਵੱਡੇ ਬਦਲਾਅ ਕਰਨ ਅਤੇ ਸ਼ਰਨਾਰਥੀਆਂ ਦੀ ਵੱਧ ਰਹੀ ਭੀੜ ਨੂੰ ਘਟਾਉਣ ਦੀ ਕੋਸ਼ਿਸ਼ ਦੱਸਿਆ ਜਾ ਰਿਹਾ ਹੈ।

ਕੈਨੇਡਾ ਨੇ ਆਪਣੇ ਦੇਸ਼ ਵਿੱਚ ਪੈਦਾ ਹੋਏ ਰਿਹਾਇਸ਼ੀ ਸੰਕਟ ਲਈ ਪ੍ਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸਰਕਾਰ ਦਾ ਕਹਿਣਾ ਹੈ ਕਿ ਬਾਹਰੀ ਲੋਕਾਂ ਦੀ ਆਮਦ ਕਾਰਨ ਮਕਾਨਾਂ ਦੀਆਂ ਕੀਮਤਾਂ ਵਧ ਗਈਆਂ ਹਨ ਅਤੇ ਇਸ ਕਾਰਨ ਸਥਾਨਕ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ, ਕੁਝ ਮਾਹਿਰਾਂ ਨੇ ਦਲੀਲ ਦਿੱਤੀ ਹੈ ਕਿ ਇਹ ਟਰੂਡੋ ਸਰਕਾਰ ਵੱਲੋਂ ਸਥਿਤੀ ਨੂੰ ਵਿਗਾੜਨ ਦੀ ਕੋਸ਼ਿਸ਼ ਹੈ। ਸਰਵੇਖਣ ਦੱਸਦੇ ਹਨ ਕਿ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਆਬਾਦੀ ਦਾ ਵਾਧਾ ਉਨ੍ਹਾਂ ਲਈ






ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਚਾਰ ਮਹੀਨਿਆਂ ਦੀ ਇਸ ਮੁਹਿੰਮ ਦਾ ਬਜਟ ਪਿਛਲੇ ਸੱਤ ਸਾਲਾਂ ਵਿੱਚ ਇਸੇ ਤਰ੍ਹਾਂ ਦੇ ਇਸ਼ਤਿਹਾਰਾਂ 'ਤੇ ਖਰਚੇ ਗਏ ਕੁੱਲ ਖਰਚ ਦਾ ਇੱਕ ਤਿਹਾਈ ਹੈ। ਮੰਤਰਾਲੇ ਨੇ ਕਿਹਾ ਕਿ 'ਕੈਨੇਡਾ ਵਿੱਚ ਸ਼ਰਨ ਦਾ ਦਾਅਵਾ ਕਿਵੇਂ ਕਰੀਏ' ਅਤੇ 'ਸ਼ਰਨਾਰਥੀ ਕੈਨੇਡਾ' ਵਰਗੇ ਖੋਜ ਸਵਾਲ ਕੈਨੇਡਾ ਦੀ ਸ਼ਰਣ ਪ੍ਰਣਾਲੀ - ਸ਼ਰਨ ਤੱਥ' ਸਿਰਲੇਖ ਵਾਲੀ ਸਪਾਂਸਰਡ ਸਮੱਗਰੀ ਨੂੰ ਉਤਸ਼ਾਹਿਤ ਕਰਨਗੇ। ਇੱਕ ਇਸ਼ਤਿਹਾਰ ਵਿੱਚ ਲਿਖਿਆ ਹੈ, 'ਕੈਨੇਡਾ ਵਿੱਚ ਸ਼ਰਨ ਲਈ ਦਾਅਵਾ ਕਰਨਾ ਆਸਾਨ ਨਹੀਂ ਹੈ। ਯੋਗਤਾ ਪੂਰੀ ਕਰਨ ਲਈ ਸਖ਼ਤ ਦਿਸ਼ਾ-ਨਿਰਦੇਸ਼ ਹਨ। ਇਹ ਪਤਾ ਲਗਾਓ ਕਿ ਜੀਵਨ ਬਦਲਣ ਵਾਲਾ ਫ਼ੈਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ।'

ਕੈਨੇਡਾ ਵਿਚ ਹੁਣ ਆਰਜ਼ੀ ਪਰਮਿਟ 'ਤੇ ਰਹਿ ਰਹੇ ਭਾਰਤੀਆਂ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਦੇ ਮੰਤਰੀ ਮਾਰਕ ਮਿਲਰ ਨੇ ਇੱਕ ਸੰਸਦੀ ਕਮੇਟੀ ਨੂੰ ਦੱਸਿਆ ਹੈ ਕਿ ਲਗਭਗ 5 ਮਿਲੀਅਨ ਅਸਥਾਈ ਪਰਮਿਟ 2025 ਦੇ ਅੰਤ ਤੱਕ ਖਤਮ ਹੋਣ ਵਾਲੇ ਹਨ। ਪਰਮਿਟਾਂ ਦੀ ਮਿਆਦ ਪੁੱਗਣ ਵਾਲੇ 7,66,000 ਵਿਦੇਸ਼ੀ ਵਿਦਿਆਰਥੀਆਂ ਦੇ ਹਨ। ਜਸਟਿਨ ਟਰੂਡੋ ਦੀ ਸਰਕਾਰ ਦੁਆਰਾ ਹਾਲ ਹੀ ਵਿੱਚ ਕੀਤੀਆਂ ਗਈਆਂ ਨੀਤੀਗਤ ਤਬਦੀਲੀਆਂ ਕਾਰਨ ਕੈਨੇਡਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਵਧਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਖੋਲ੍ਹੇ ਭੇਦ

# ਬੇਅਦਬੀ ਤੇ ਗੋਲੀਕਾਂਡ ਦੇ ਦੋਸ਼ੀ ਬਾਦਲ ਪਿਉ-ਪੁੱਤਰ

## ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜਾਰੀ ਕੀਤੀ ਸਮਰੀ, ਪਰ ਮੇਰੀ ਰਿਪੋਰਟ 'ਚ ਸਭ ਵੇਰਵੇ ਨੇ

## ਬਾਦਲ, ਕੈਪਟਨ, ਭਗਵੰਤ ਮਾਨ ਨਿਆਂ ਨਾ ਕਰਨ ਲਈ ਦੋਸ਼ੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੁਖਬੀਰ ਬਾਦਲ ਸਮੇਤ ਅਕਾਲੀ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਗਈ ਧਾਰਮਿਕ ਸਜ਼ਾ ਤੋਂ ਬਾਅਦ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਟਿੱਪਣੀ ਕੀਤੀ ਕਿ ਜੋ ਉਨ੍ਹਾਂ ਨੇ ਕਬੂਲ ਕੀਤਾ ਹੈ, ਉਹੀ ਮੇਰੀ ਚਾਰਜਸ਼ੀਟ ਵਿੱਚ ਸੀ। ਬੇਅਦਬੀ ਅਤੇ ਬਰਗਾੜੀ ਦੀ ਲੜਾਈ ਲੜ ਰਹੇ ਅਤੇ ਇਸ ਮਾਮਲੇ ਵਿੱਚ ਆਪਣੀ ਆਈ.ਪੀ.ਐਸ. ਦੀ ਨੌਕਰੀ ਛੱਡ ਚੁੱਕੇ ਕੁੰਵਰ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਜੋ ਫੈਸਲਾ ਆਇਆ ਹੈ ਅਤੇ ਜੋ ਕਾਰਵਾਈ ਹੋਈ ਹੈ, ਉਸ ਵਿੱਚ ਮੁਲਜ਼ਮ ਬਾਦਲ ਪਰਿਵਾਰ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ, ਉਹ ਹਰ ਗੱਲ ਉਨ੍ਹਾਂ ਦੀ ਜਾਂਚ ਦਾ ਹਿੱਸਾ ਰਹੀ ਹੈ। ਜੋ ਕੁਝ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਇਆ, ਇਹ ਇੱਕ ਟ੍ਰੇਲਰ ਹੈ। ਦੇਖੋ ਅੱਗੇ-ਅੱਗੇ ਕੀ ਹੁੰਦਾ ਹੈ। ਸੱਚ ਸਾਹਮਣੇ ਆ ਜਾਵੇਗਾ। ਹਰ ਚਿਹਰੇ ਤੋਂ ਨਕਾਬ ਹਟ ਜਾਵੇਗਾ। ਬਾਦਲ ਪਿਉ ਪੁੱਤਰ ਵੱਡੇ ਦੋਸ਼ੀ ਹਨ।

ਕੁੰਵਰ ਨੇ ਆਪਣੇ ਸੋਸ਼ਲ ਅਕਾਊਂਟ 'ਤੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਕਾਨੂੰਨੀ ਅਤੇ ਸਿਆਸੀ ਟੀਮ ਨੇ ਉਨ੍ਹਾਂ ਦੀ ਰਿਪੋਰਟ ਨੂੰ ਰੱਦ ਕਰ ਦਿੱਤਾ ਸੀ। ਉਹ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਰਿਪੋਰਟ ਕੋਈ ਰਿਪੋਰਟ ਨਹੀਂ ਸਗੋਂ ਚਾਰਜਸ਼ੀਟ ਸੀ ਅਤੇ ਚਾਰਜਸ਼ੀਟ ਫਰੀਦਕੋਟ ਅਦਾਲਤ ਵਿੱਚ ਦਿੱਤੀ ਗਈ ਸੀ। ਜਦੋਂ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ, ਉਦੋਂ ਵੀ ਇਹ ਰਿਪੋਰਟ ਫਰੀਦਕੋਟ ਦੀ ਸੈਸ਼ਨ ਕੋਰਟ ਵਿੱਚ ਸੀ। ਉਨ੍ਹਾਂ ਨੇ ਹਮੇਸ਼ਾ ਜ਼ੋਰ ਦਿੱਤਾ ਕਿ ਘੱਟੋ-ਘੱਟ ਜਿਹੜੀ ਰਿਪੋਰਟ ਰੱਦ ਕੀਤੀ ਜਾ ਰਹੀ ਹੈ, ਉਸ ਨੂੰ ਹਾਈਕੋਰਟ ਲਿਜਾ ਕੇ ਦੇਖ ਲਿਆ ਜਾਣਾ ਚਾਹੀਦਾ ਹੈ ਕਿ ਉਹ ਕੀ ਹੈ? ਉਸ ਰਿਪੋਰਟ ਨੂੰ ਦੇਖੇ ਬਿਨਾਂ ਇਨਸਾਫ ਕਿਵੇਂ ਹੋ ਸਕਦਾ ਹੈ? ਇਸ ਤਰ੍ਹਾਂ ਇਨਸਾਫ਼ ਦਾ ਕਤਲ ਹੋਇਆ ਹੈ, ਉਹ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਵਿੱਚ।





ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਨ੍ਹਾਂ ਵਿਅਕਤੀਆਂ ਤੋਂ ਪੁੱਛ-ਗਿੱਛ ਕੀਤੀ ਸੀ। ਸੁਖਬੀਰ ਸਿੰਘ ਬਾਦਲ, ਪ੍ਰਕਾਸ਼ ਸਿੰਘ ਬਾਦਲ, ਅਕਸ਼ੈ ਕੁਮਾਰ ਤੋਂ ਪੁੱਛ-ਗਿੱਛ ਕੀਤੀ ਗਈ ਸੀ। ਕਈ ਨੇਤਾਵਾਂ ਅਤੇ ਅਧਿਕਾਰੀਆਂ ਤੋਂ ਪੁੱਛ-ਗਿੱਛ ਕੀਤੀ ਗਈ ਸੀ। ਐਸਆਈਟੀ ਨੇ ਉਨ੍ਹਾਂ ਨੂੰ ਸਹਿਯੋਗ ਨਹੀਂ ਦਿੱਤਾ ਸੀ। ਸੀਨੀਅਰ ਮੈਂਬਰਾਂ ਨੇ ਕੋਈ ਕੇਸ ਡਾਇਰੀ ਨਹੀਂ ਲਿਖੀ। ਉਨ੍ਹਾਂ ਇਸ ਬਾਰੇ ਪੰਜਾਬ ਵਿਧਾਨ ਸਭਾ ਵਿੱਚ ਜ਼ਿਕਰ ਕੀਤਾ ਹੈ। ਅੱਜ ਜੋ ਗੁਨਾਹ ਕਬੂਲ ਕੀਤਾ ਗਿਆ ਹੈ, ਉਹ ਇੱਕ ਸਮਰੀ ਹੈ। ਉਨ੍ਹਾਂ ਨੇ ਮੈਸੇਂਜਰ ਆਫ਼ ਗੌਡ ਅਤੇ ਅਕਸ਼ੈ ਕੁਮਾਰ ਦੀ ਫਿਲਮ ਸਿੰਘ ਇਜ਼ ਕਿੰਗ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਫਿਲਮਾਂ ਦਾ ਆਪਸੀ ਕੋਈ ਸਬੰਧ ਹੈ। ਉਨ੍ਹਾਂ ਰਿਪੋਰਟ ਦਾ ਜ਼ਿਕਰ ਕੀਤਾ ਕਿ ਜਦੋਂ ਮੁਆਫ਼ੀ ਦਿੱਤੀ ਗਈ, ਇਸ਼ਤਿਹਾਰਾਂ 'ਤੇ ਕਿੰਨਾ ਪੈਸਾ ਖ਼ਰਚਿਆ ਗਿਆ ਸੀ, ਇਹ ਸਭ ਕੁਝ ਰਿਪੋਰਟ ਵਿੱਚ ਲਿਖਿਆ ਗਿਆ ਸੀ। ਐਸਜੀਪੀਸੀ ਵੱਲੋਂ ਇਸ਼ਤਿਹਾਰਾਂ 'ਤੇ ਜਾਰੀ ਕੀਤਾ ਗਿਆ ਬਿੱਲ ਵੀ ਰਿਪੋਰਟ ਵਿੱਚ ਨੱਥੀ ਕੀਤਾ ਗਿਆ ਸੀ। ਇਸ ਰਿਪੋਰਟ ਤੋਂ ਹਰ ਕੋਈ ਡਰ ਗਿਆ ਸੀ। ਇਸ ਤੋਂ ਇਲਾਵਾ ਸਭ ਕੁਝ ਉਨ੍ਹਾਂ ਦੀ ਰਿਪੋਰਟ ਵਿੱਚ ਹੈ।

(ਬਾਕੀ ਸਫ਼ਾ 30 'ਤੇ)

# ਸਾਰਾਗੜ੍ਹੀ ਸ਼ਹੀਦਾਂ ਦੀ ਯਾਦਗਾਰ ਗੋਲਡਨ ਗੇਟ 'ਤੇ ਸਥਾਪਤ

## ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਾਰਾਗੜ੍ਹੀ ਮੈਮੋਰੀਅਲ ਦਾ ਉਦਘਾਟਨ

ਅੰਮ੍ਰਿਤਸਰ/ਏ.ਟੀ.ਨਿਊਜ਼ : ਸਾਰਾਗੜ੍ਹੀ ਫਾਊਂਡੇਸ਼ਨ ਵੱਲੋਂ ਗੋਲਡਨ ਗੇਟ ਵਿਖੇ ਸਥਾਪਤ ਸਾਰਾਗੜ੍ਹੀ ਮੈਮੋਰੀਅਲ ਦਾ ਉਦਘਾਟਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੀਤਾ। ਫਾਊਂਡੇਸ਼ਨ ਦੇ ਚੇਅਰਮੈਨ ਡਾ. ਗੁਰਿੰਦਰਪਾਲ ਸਿੰਘ ਜੋਸਨ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

ਇਸ ਮੌਕੇ ਸੰਧਵਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਸਾਰਾਗੜ੍ਹੀ ਦੀ ਲੜਾਈ ਦਾ ਇਤਿਹਾਸ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਪੜ੍ਹਾਇਆ ਜਾਵੇ। ਉਨ੍ਹਾਂ ਕਿਹਾ ਕਿ ਵਿਸ਼ਵ ਦੀਆਂ ਵੱਡੀਆਂ ਲੜਾਈਆਂ ਵਿੱਚੋਂ ਇੱਕ ਸਾਰਾਗੜ੍ਹੀ ਦੀ ਲੜਾਈ ਵਿੱਚ 21 ਬਹਾਦਰ ਸਿੱਖ ਫੌਜੀਆਂ ਨੇ ਜੋ ਬਹਾਦਰੀ ਦਿਖਾਈ ਹੈ, ਉਹ ਇਤਿਹਾਸਕ ਮਿਸਾਲ ਹੈ, ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਜਿਉਂਦਾ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸਾਰਾਗੜ੍ਹੀ ਫਾਊਂਡੇਸ਼ਨ ਵੱਲੋਂ ਵਿਸ਼ਵ ਭਰ ਵਿੱਚ ਅਜਿਹੀਆਂ ਯਾਦਗਾਰਾਂ ਸਥਾਪਤ ਕਰਨ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅੰਮ੍ਰਿਤਸਰ ਦੇ ਦਰਸ਼ਨੀ ਗੇਟ ਵਿਖੇ ਸ਼ਹੀਦਾਂ ਦੀ ਯਾਦਗਾਰ ਬਣਾਈ ਗਈ ਹੈ ਜੋ ਕਿ ਵਿਸ਼ਵ ਭਰ ਤੋਂ ਗੁਰੂ ਨਗਰੀ ਆਉਣ ਵਾਲੇ ਲੋਕਾਂ ਲਈ ਪ੍ਰੇਰਨਾ ਦਾ ਵੱਡਾ ਸਰੋਤ ਬਣੇਗਾ।



ਕੈਨੇਡਾ ਵਿੱਚ ਫਾਊਂਡੇਸ਼ਨ ਦੇ ਮੁਖੀ ਅਵਤਾਰ ਸਿੰਘ ਮਿਨਹਾਸ ਨੇ ਦੱਸਿਆ ਕਿ ਕੈਨੇਡਾ ਦੇ ਬਰੈਂਪਟਨ ਵਿੱਚ ਵੀ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦਗਾਰ ਬਣਾਈ ਜਾ ਰਹੀ ਹੈ। ਇਸ ਦਾ ਉਦਘਾਟਨ ਸਾਲ 2025 ਦੀ ਸ਼ੁਰੂਆਤ ਵਿੱਚ ਕੀਤਾ ਜਾਵੇਗਾ।

ਸਮਾਗਮ ਨੂੰ ਡਾ. ਗੁਰਿੰਦਰਪਾਲ ਸਿੰਘ ਜੋਸਨ, ਵਿਧਾਇਕ ਜੀਵਨਜੋਤ ਕੌਰ, ਬ੍ਰਿਗੇਡੀਅਰ ਜੇ.ਐਸ. ਅਰੋੜਾ, ਕਰਨਲ ਕਮਲਜੀਤ ਸਿੰਘ, ਜਨਰਲ ਜੇ.ਜੇ. ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮੇਜਰ ਦਿਲਬਾਗ ਸਿੰਘ, ਫੌਰ ਐਸ ਸਕੂਲਜ਼ ਦੇ ਡਾਇਰੈਕਟਰ ਜਗਦੀਸ਼ ਸਿੰਘ, ਕਰਨਲ ਬਲਦੇਵ ਸਿੰਘ ਚਾਹਲ, ਬ੍ਰਿਟਿਸ਼ ਆਰਮੀ ਤੋਂ ਅਨਪ੍ਰੀਤ ਸਿੰਘ ਕੋਰਪਾਲ ਅਤੇ ਅਸ਼ੋਕ ਕੁਮਾਰ ਚੌਹਾਨ ਵੀ ਹਾਜ਼ਰ ਸਨ।

# ਬੁੱਢਾ ਦਰਿਆ : ਕੀ ਪੰਜਾਬੀਆਂ ਨੂੰ ਖ਼ਤਮ ਕਰਨ ਲਈ ਕੀਤੇ ਜਾ ਰਹੇ ਨੇ ਜ਼ਹਿਰੀਲੇ ਪਾਣੀ ?

## ਪਾਣੀ ਪ੍ਰਦੂਸ਼ਣ ਮਾਮਲੇ ਨੂੰ ਲੈ ਕੇ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਜ਼ਬਰਦਸਤ ਹੋਇਆ ਟਕਰਾਅ

ਲੁਧਿਆਣਾ ਦਾ ਵਲੀਪੁਰ ਕਲਾਂ ਪਿੰਡ ਹੀ ਉਹ ਥਾਂ ਹੈ, ਜਿੱਥੇ ਬੁੱਢਾ ਨਾਲੇ ਦੇ ਕਾਲੇ ਪਾਣੀ ਦਾ ਸਤਲੁਜ ਦਰਿਆ ਵਿੱਚ ਸੁਮੇਲ ਹੁੰਦਾ ਹੈ। ਬੁੱਢੇ ਦਰਿਆ ਦਾ ਦੂਸ਼ਿਤ ਪਾਣੀ ਕਈ ਕਿੱਲੋਮੀਟਰ ਤੱਕ ਕਾਲੇ ਰੰਗ ਦੀ ਧਾਰਾ ਦੇ ਰੂਪ ਵਿੱਚ ਸਤਲੁਜ ਦਰਿਆ ਦੇ ਨਾਲ-ਨਾਲ ਇੱਥੇ ਚੱਲਦਾ ਦਿਖਾਈ ਦਿੰਦਾ ਹੈ। ਇੱਕ ਵਕਤ ਸੀ ਜਦੋਂ ਬੁੱਢੇ ਦਰਿਆ ਦਾ ਪਾਣੀ ਸਾਫ਼ ਹੁੰਦਾ ਸੀ ਅਤੇ ਉਹ ਇਹ ਪਾਣੀ ਖੇਤ ਦੀ ਸਿੰਚਾਈ ਦੇ ਨਾਲ-ਨਾਲ ਪੀਣ ਲਈ ਵੀ ਵਰਤਦੇ ਸਨ। ਬ੍ਰਿਟਿਸ਼ ਰਾਜ ਸਮੇਂ 1904 ਦੇ ਲੁਧਿਆਣਾ ਜ਼ਿਲ੍ਹੇ ਦੇ ਗੈਜ਼ੀਟਿਅਰ ਵਿੱਚ ਵੀ ਇਸ ਨੂੰ ਬੁੱਢਾ ਦਰਿਆ ਕਿਹਾ ਗਿਆ ਹੈ।





ਇਸ ਗਜ਼ਟੀਅਰ ਵਿੱਚ ਇਹ ਵੀ ਕਿਹਾ ਗਿਆ ਹੈ ਇਸ ਨਾਲੇ ਦੇ ਪਾਣੀ ਪੂਰਨ ਤੌਰ ਉੱਤੇ ਸਾਫ਼ ਹੈ ਅਤੇ ਹੜ੍ਹਾਂ ਦੇ ਸਮੇਂ ਤੋਂ ਇਲਾਵਾ ਇਸ ਦੀ ਵਰਤੋਂ ਪੀਣ ਲਈ ਵੀ ਕੀਤੀ ਜਾਂਦੀ ਹੈ। ਬੁੱਢੇ ਨਾਲੇ ਦੇ ਕਿਨਾਰੇ ਉੱਤੇ ਕਿਸੇ ਸਮੇਂ ਮੇਲਾ ਲੱਗਦਾ ਸੀ ਅਤੇ ਲੋਕ ਇਸ ਵਿੱਚ ਇਸ਼ਨਾਨ ਕਰਦੇ ਸਨ। ਹੌਲੀ-ਹੌਲੀ ਇਸ ਵਿੱਚ ਲੁਧਿਆਣਾ ਦਾ ਦੂਸ਼ਿਤ ਪਾਣੀ ਆਉਣਾ ਸ਼ੁਰੂ ਹੋ ਗਿਆ ਅਤੇ ਹੁਣ ਸਥਿਤੀ ਇਹ ਹੈ ਕਿ ਇੱਥੇ ਖੜ੍ਹੇ ਹੋਣਾ ਵੀ ਮੁਸ਼ਕਿਲ ਹੋ ਗਿਆ ਹੈ।

ਮਹਾਨਗਰ ਦੇ ਪੂਰਬੀ ਖੇਤਰ ਤੋਂ ਸ਼ੁਰੂ ਹੋ ਕੇ ਪੂਰੇ ਸ਼ਹਿਰ ਵਿੱਚੋਂ ਲੰਘਣ ਵਾਲਾ ਬੁੱਢਾ ਦਰਿਆ ਖ਼ਤਰਨਾਕ ਤੋਂ ਵੀ ਵੱਧ ਪੱਧਰ 'ਤੇ ਦੂਸ਼ਿਤ ਹੋ ਚੁੱਕਾ ਹੈ। ਕੂਮ ਕਲਾਂ ਤੋਂ ਸ਼ੁਰੂ ਹੋ ਕੇ ਸਤਲੁਜ ਦਰਿਆ ਵਿੱਚ ਜਾ ਰਲਣ ਤੱਕ ਉਦਯੋਗਿਕ ਇਕਾਈਆਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਜ਼ਹਿਰੀਲੇ ਪਾਣੀ ਨੇ ਬੁੱਢੇ ਦਰਿਆ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਦੂਸ਼ਿਤ ਕਰ ਦਿੱਤਾ ਹੈ। ਪੁਰਾਣੇ ਸਮੇਂ ਸਾਫ ਪਾਣੀ ਦੇ ਇਸ ਸੋਮੇ ਵਿੱਚ ਚੋਰੀ-ਛੁੱਪੇ ਸੁੱਟੇ ਜਾਣ ਵਾਲੇ ਡਾਇੰਗਾਂ, ਇਲੈਕਟਰੋ ਪਲੇਟਿੰਗ ਇਕਾਈਆਂ ਦੇ ਖ਼ਤਰਨਾਕ ਕੈਮੀਕਲਾਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਮਲ ਮੂਤਰ ਨੇ ਬੁੱਢੇ ਦਰਿਆ ਨੂੰ ਗੰਦਾ ਨਾਲਾ ਬਣਾ ਦਿੱਤਾ। ਅਨੁਮਾਨ ਮੁਤਾਬਕ ਫੈਕਟਰੀਆਂ ਵਿਚੋਂ ਨਿਕਲਣ ਵਾਲੇ ਕੈਮੀਕਲ ਯੁਕਤ ਜ਼ਹਿਰੀਲੇ ਪਾਣੀ ਨੂੰ ਸਾਫ ਕਰਨ ਲਈ ਲਗਾਏ ਐੱਸ.ਟੀ.ਪੀ. ਪਲਾਂਟਾਂ ਦੇ ਮੁਕੰਮਲ ਢੰਗ ਨਾਲ ਕੰਮ ਨਾ ਕਰਨ ਕਾਰਨ ਦੂਸ਼ਿਤ ਪਾਣੀ ਬੁੱਢੇ ਦਰਿਆ ਵਿੱਚ ਜਾ ਰਲਦਾ ਹੈ। ਦਰਿਆ ਦੇ ਕਰੀਬ ਮਹਾਨਗਰ ਵਿੱਚ ਚਲਦੇ 230 ਦੇ ਕਰੀਬ ਡਾਇੰਗ ਯੂਨਿਟ, ਹਜ਼ਾਰਾਂ ਦੀ ਗਿਣਤੀ ਵਿੱਚ ਉਦਯੋਗਿਕ ਇਕਾਈਆਂ ਅਤੇ ਇਲੈਕਟਰੋਪਲੇਟਿੰਗ ਯੂਨਿਟ ਵੀ ਪਾਣੀ ਨੂੰ ਪੂਰੀ ਤਰ੍ਹਾਂ ਨਾਲ ਸਾਫ ਕੀਤੇ ਬਿਨਾਂ ਬੁੱਢੇ ਨਾਲ਼ੇ ਵਿੱਚ ਸੁੱਟਦੇ ਹਨ। ਇਸ ਦੇ ਨਾਲ ਹੀ ਸ਼ਹਿਰਵਾਸੀਆਂ ਦਾ ਸੀਵਰੇਜ ਵੇਸਟ ਵੀ ਬੁੱਢੇ ਦਰਿਆ ਨੂੰ ਦੂਸ਼ਿਤ ਕਰਨ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਇਨਸਾਨੀ ਸਵਾਰਥ ਦੀ ਭੇਟ ਚੜ੍ਹਿਆ ਬੁੱਢਾ ਨਾਲਾ ਅੱਜ ਏਨਾ ਦੂਸ਼ਿਤ ਹੋ ਚੁੱਕਾ ਹੈ ਕਿ ਆਪਣੇ ਰਾਹ ਵਿੱਚ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਹੀ ਨਹੀਂ ਬਲਕਿ ਹੋਰ ਜ਼ਿਲ੍ਹਿਆਂ ਦੇ ਵਸਨੀਕਾਂ ਨੂੰ ਵੀ ਜਾਨਲੇਵਾ ਬਿਮਾਰੀਆਂ ਵੰਡ ਰਿਹਾ ਹੈ। ਕੈਂਸਰ, ਕਾਲਾ ਪੀਲੀਆ, ਦਮਾ, ਕਿਡਨੀ, ਚਮੜੀ ਦੇ ਗੰਭੀਰ ਰੋਗ ਤੇਜ਼ੀ ਨਾਲ ਸੂਬੇ ਦੇ ਲੋਕਾਂ ਨੂੰ ਲਪੇਟ ਵਿੱਚ ਲੈ ਰਹੇ ਹਨ। ਕੁਝ ਕੁ ਧਨਾਢ ਲੋਕਾਂ ਦੀ ਪੈਸੇ ਦੀ ਭੁੱਖ ਸਮੁੱਚੇ ਪੰਜਾਬ ਵਾਸੀਆਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ। ਪਿੰਡ ਵਾਸੀਆਂ ਮੁਤਾਬਕ ਪਿਛਲੇ ਇੱਕ ਦਹਾਕੇ ਵਿੱਚ ਹੀ ਗੰਦੇ ਨਾਲੇ ਦੇ ਜ਼ਹਿਰੀਲੇ ਪਾਣੀ ਨੇ ਅਣਗਿਣਤ ਕੀਮਤੀ ਜਾਨਾਂ ਨਿਗਲ ਲਈਆਂ। ਇੱਕ-ਇੱਕ ਘਰ ਵਿੱਚ ਕਾਲੇ ਪੀਲੀਏ, ਕੈਂਸਰ, ਦਮੇ, ਦੰਦਾਂ ਦੀਆਂ ਬਿਮਾਰੀਆਂ, ਚਮੜੀ ਦੀਆਂ ਬਿਮਾਰੀਆਂ ਨਾਲ ਕਈ ਕਈ ਮੈਂਬਰ ਗ੍ਰਸਤ ਹੋ ਚੁੱਕੇ ਹਨ। ਪਿੰਡ ਵਿੱਚ ਸ਼ਾਇਦ ਹੀ ਕੋਈ ਘਰ ਹੋਵੇ, ਜਿਸ ਘਰ ਉੱਪਰ ਦੂਸ਼ਿਤ ਪਾਣੀ ਦਾ ਕਹਿਰ ਨਾ ਟੁੱਟਿਆ ਹੋਵੇ। ਛੋਟੀਆਂ ਛੋਟੀਆਂ ਉਮਰਾਂ ਦੇ ਬੱਚਿਆਂ ਦੇ ਸਿਰ ਚਿੱਟੇ ਵਾਲਾਂ ਨਾਲ਼ ਭਰੇ ਹੋਏ ਹਨ। ਪਿੰਡਾਂ ਦੇ ਜ਼ਿਆਦਾਤਰ ਘਰਾਂ ਦੀ ਕਮਾਈ ਦਾ ਵੱਡਾ ਹਿੱਸਾ ਬਿਮਾਰੀਆਂ ਦੇ ਇਲਾਜ ਵਿੱਚ ਖਰਚ ਹੋ ਰਿਹਾ ਹੈ 2015 ਦੇ ਸਰਕਾਰੀ ਅੰਕੜਿਆਂ ਮੁਤਾਬਕ ਮੁਕਤਸਰ, ਮਾਨਸਾ, ਬਠਿੰਡਾ ਅਤੇ ਫਿਰੋਜ਼ਪੁਰ ਵਿੱਚ ਪ੍ਰਤੀ ਇੱਕ ਲੱਖ ਪਿੱਛੇ ਔਸਤ 107 ਕੈਂਸਰ ਦੇ ਰੋਗੀ ਹਨ, ਜਿਨ੍ਹਾਂ ਵਿਚੋਂ ਸਿਰਫ਼ ਮੁਕਤਸਰ ਵਿੱਚ ਇਹ ਔਸਤ 136 ਮਰੀਜ਼ ਪ੍ਰਤੀ ਇੱਕ ਲੱਖ ਤੋਂ ਵੀ ਜ਼ਿਆਦਾ ਹੈ। ਇਸ ਸਰਵੇਖਣ ਦੇ 9 ਸਾਲ ਬਾਅਦ ਹਾਲਾਤ ਇਸ ਤੋਂ ਵੀ ਵੱਧ ਮਾੜੇ ਹੋਣ ਦਾ ਖਦਸ਼ਾ ਹੈ।ਪੰਜਾਬ ਸਰਕਾਰ ਦੀ ਸਤਲੁਜ ਦਰਿਆ ਨੂੰ ਸਾਫ਼ ਕਰਨ ਬਾਰੇ 2019 ਵਿੱਚ ਬਣਾਈ ਗਈ ਐਕਸ਼ਨ ਕਮੇਟੀ ਦੀ ਰਿਪੋਰਟ

(ਬਾਕੀ ਸਫ਼ਾ 30 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਕਾਰ ਨੂੰ ਸਿੱਖ ਸਮਾਜ ਵਿੱਚ ਉੱਪਰ ਚੁੱਕਣ ਵਾਲਾ ਫ਼ੈਸਲਾ

## ਸ਼੍ਰੋਮਣੀ ਅਕਾਲੀ ਦਲ ਨੂੰ 'ਦਾਗੀ ਤੇ ਬਾਗ਼ੀ' ਲੀਡਰਾਂ ਤੋਂ ਆਜ਼ਾਦ ਕਰਾਉਣ ਦਾ ਢੁਕਵਾਂ ਮੌਕਾ

ਭਾਈ ਅਸ਼ੋਕ ਸਿੰਘ ਬਾਗੜੀਆਂ

### ਨਵੇਂ ਜੋਸ਼ ਨਾਲ ਹਰ ਤਰ੍ਹਾਂ ਦੇ ਪ੍ਰਭਾਵ ਮੁਕਤ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਇਕੱਠ ਵਿੱਚ ਇੱਕ ਗੱਲ ਤਾਂ ਬਿਲਕੁਲ ਸਾਫ਼ ਹੋ ਗਈ ਕਿ ਆਪਣੇ ਅੰਤਲੇ ਸਮੇਂ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਪੁੱਤਰ ਸੁਖਬੀਰ ਸਿੰਘ ਦੇ ਮੋਹ ਵਿੱਚ ਬੇਵੱਸ ਹੋ ਕੇ ਪੰਥ ਨੂੰ ਆਪਣੇ ਪੈਰਾਂ ਵਿੱਚ ਰੋਲਣ ਲਈ ਰਸਤਾ ਖੋਲ੍ਹ ਕੇ ਬੱਜਰ ਗੁਨਾਹ ਕੀਤਾ। ਸਿਰਸਾ ਸਾਧ ਦਾ ਮੁਆਫ਼ੀਨਾਮਾ, ਐਸੇ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦੇਣੀਆਂ ਜਿਨ੍ਹਾਂ ਨੇ ਬੜੀ ਬੇਰਹਿਮੀ ਨਾਲ ਸਿੱਖ ਨੌਜਵਾਨਾਂ ਦੇ ਕਤਲ ਕੀਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨਾਲ ਨਰਮੀ ਨਾਲ ਪੇਸ਼ ਆਉਣਾ, ਸਿੱਖ ਸੰਗਤਾਂ ਦੇ ਸ਼ਾਂਤਮਈ ਵਿਰੋਧ 'ਤੇ ਗੋਲੀ ਚਲਵਾਉਣ, ਨੌਜਵਾਨਾਂ ਨੂੰ ਸ਼ਹੀਦ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਸੀ.ਪੀ.) ਦੇ ਪੈਸੇ ਦਾ ਦੁਰਉਪਯੋਗ ਕਰਨਾ, ਤਿੰਨ ਖੇਤੀਬਾੜੀ ਕਾਨੂੰਨਾਂ ਲਈ ਪੰਜਾਬ ਦੇ ਕਿਸਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਕੇਂਦਰ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਪਾਸ ਕਰਨ ਲਈ ਸਮਰਥਨ ਦੇਣਾ ਆਦਿ ਕਈ ਐਸੇ ਗੁਨਾਹ ਹਨ, ਜੋ ਸ਼੍ਰੋਮਣੀ ਅਕਾਲੀ ਦਲ ਦੀ ਪੂਰੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕੀਤੇ।

ਇਸ ਇਤਿਹਾਸਕ ਇਕੱਠ ਵਿੱਚ ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਚੋਟੀ ਦੇ ਲੀਡਰਾਂ, ਜਿਨ੍ਹਾਂ ਵਿੱਚ ਸੁਖਦੇਵ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਜਗੀਰ ਕੌਰ, ਬਿਕਰਮ ਸਿੰਘ ਮਜੀਠੀਆ, ਹੀਰਾ ਸਿੰਘ ਗਾਬੜੀਆਂ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਆਦਿ ਸ਼ਾਮਿਲ ਸਨ, ਨੇ ਆਪਣੇ ਸਾਰੇ ਗੁਨਾਹ ਕਬੂਲ ਕੀਤੇ। ਇਨ੍ਹਾਂ ਲੀਡਰਾਂ ਦੇ ਗੁਰੂ ਅਤੇ ਪੰਥ ਪ੍ਰਤੀ ਇਮਾਨਦਾਰੀ ਨਾਲ ਜਵਾਬਦੇਹੀ ਬਾਰੇ ਇਸ ਗੱਲ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਸਿੰਘ ਸਾਹਿਬਾਨ ਨੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਗੁਨਾਹਾਂ ਵਿੱਚ ਹਿੱਸੇਦਾਰ ਹੋਣ ਦੇ ਇਲਜ਼ਾਮ ਬਾਰੇ ਪੁੱਛਿਆ ਤਾਂ ਉਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵਰਸੋਏ ਅਕਾਲ ਤਖ਼ਤ ਸਾਹਿਬ ਉਤੇ ਜਥੇਦਾਰਾਂ ਦੇ ਸਾਹਮਣੇ ਹੀ ਇਲਜ਼ਾਮਾਂ ਤੋਂ ਮੁੱਕਰ ਗਏ ਪਰ ਜਥੇਦਾਰ ਸਾਹਿਬਾਨ ਵੀ ਪੂਰੀ ਤਿਆਰੀ ਵਿੱਚ ਆਏ ਹੋਣ ਕਰ ਕੇ ਉਨ੍ਹਾਂ ਦੇ ਬਿਆਨਾਂ



ਨੂੰ ਮੌਕੇ 'ਤੇ ਹੀ ਸੰਗਤਾਂ ਨੂੰ ਮੋਬਾਈਲ ਵੀਡੀਓ ਤੋਂ ਸੁਣਵਾ ਕੇ ਉਨ੍ਹਾਂ ਨੂੰ ਆਪਣਾ ਗੁਨਾਹ ਕਬੂਲ ਕਰਨ 'ਤੇ ਮਜਬੂਰ ਕਰ ਦਿੱਤਾ। ਸਿੰਘ ਸਹਿਬਾਨ ਨੇ ਸੁਖਦੇਵ ਸਿੰਘ ਢੀਂਡਸਾ ਅਤੇ ਸੁਰਜੀਤ ਸਿੰਘ ਰੱਖੜਾ 'ਤੇ ਇਹ ਇਲਜ਼ਾਮ ਲਗਾਏ ਕਿ ਉਨ੍ਹਾਂ ਨੇ ਸਿੱਖ ਕੌਮ ਦੇ ਗੁਨਾਹਗਾਰ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦਿੱਤੀਆਂ ਅਤੇ ਸੱਤਾ ਵਿੱਚ ਬੈਠ ਕੇ ਆਪਣੀਆਂ ਪੁਜ਼ੀਸ਼ਨਾਂ ਦਾ ਦੁਰਉਪਯੋਗ ਕੀਤਾ।

ਇਹ ਸਭ ਸ਼ੁਰੂ ਹੋਣ ਤੋਂ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਦੋਸ਼ੀ ਲੀਡਰਾਂ ਦੀ ਆਤਮਾ ਨੂੰ ਝੰਜੋੜਦੇ ਹੋਏ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਲੋਂ ਸਥਾਪਿਤ ਕੀਤਾ ਸਰਬਉੱਚ ਸਥਾਨ ਹੈ, ਇੱਥੇ ਸਵਾਲਾਂ ਦੇ ਜਵਾਬ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੀ ਅੰਤਰ-ਆਤਮਾ ਨਾਲ ਦੇਣਾ ਕਿਉਂਕਿ ਇੱਥੇ ਤੁਹਾਨੂੰ ਕੋਈ ਸਰੀਰਕ ਸਜ਼ਾ ਨਹੀਂ ਦਿੱਤੀ ਜਾਣੀ ਪਰ ਇਹ ਗੁਰੂ ਜਾਂ ਤੁਸੀਂ ਹੀ ਜਾਣਦੇ ਹੋ ਕਿ ਤੁਸੀਂ ਸੰਗਤ ਅੱਗੇ ਝੂਠ ਬੋਲ ਰਹੇ ਹੋ ਜਾਂ ਸੱਚ।

ਇਨ੍ਹਾਂ ਅਕਾਲੀ ਲੀਡਰਾਂ ਨੇ ਸਿੱਖ ਸਮਾਜ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਆਧਾਰਹੀਣ ਕਰ ਕੇ ਰੱਖ ਦਿੱਤਾ। ਜਥੇਦਾਰ ਸਾਹਿਬਾਨ ਨੂੰ ਇਨ੍ਹਾਂ ਖ਼ਿਲਾਫ਼ ਹੋਰ ਸਖ਼ਤ ਹੋਣ ਦੀ ਲੋੜ ਹੈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ 'ਫ਼ਖਰ-ਏ-ਕੌਮ' ਦੀ ਉਪਾਧੀ ਵਾਪਸ ਲੈਣੀ ਸਹੀ ਫ਼ੈਸਲਾ ਹੈ ਪਰ ਇਸ ਦੇ ਨਾਲ ਹੀ ਜਥੇਦਾਰ ਸਾਹਿਬਾਨ ਨੂੰ ਉਨ੍ਹਾਂ ਨੌਜਵਾਨਾਂ ਦੀਆਂ ਦਰਦਨਾਕ ਮੌਤਾਂ ਲਈ ਵੀ ਇਨ੍ਹਾਂ ਲੀਡਰਾਂ ਦੀ ਜਵਾਬਦੇਹੀ ਤੈਅ ਕਰਨੀ ਚਾਹੀਦੀ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਅੰਦੋਲਨ ਵਿੱਚ ਇਨ੍ਹਾਂ ਲੀਡਰਾਂ ਦੇ ਹੁਕਮ 'ਤੇ ਚੱਲੀਆਂ ਗੋਲੀਆਂ ਦਾ ਸ਼ਿਕਾਰ ਹੋਏ। ਉਨ੍ਹਾਂ ਲੋਕਾਂ ਦੀਆਂ ਸੱਟਾਂ ਦਾ ਹਿਸਾਬ ਮੰਗਣਾ ਚਾਹੀਦਾ ਸੀ ਜਿਨ੍ਹਾਂ ਨੇ ਪੁਲਿਸ ਦੀਆਂ ਡਾਂਗਾਂ ਖਾਧੀਆਂ। ਤਿੰਨ ਵਿਵਾਦਤ ਖੇਤੀ ਕਾਨੂੰਨ ਵਿੱਚ ਵੀ ਜਿਸ ਤਰ੍ਹਾਂ ਅਕਾਲੀ ਲੀਡਰਸ਼ਿਪ ਨੇ ਕੇਂਦਰ ਸਰਕਾਰ ਦੀ ਪਿੱਠ ਪੂਰੀ, ਇਹ ਵੀ ਜੱਗ ਜ਼ਾਹਿਰ ਹੈ।

ਸ਼੍ਰੋਮਣੀ ਅਕਾਲੀ ਦਲ ਬਹੁਤ ਕੁਰਬਾਨੀਆਂ ਤੋਂ ਬਾਅਦ ਪੰਜਾਬ ਅਤੇ ਸਿੱਖ ਸਮਾਜ ਦੇ ਹਿੱਤਾਂ ਦੀ ਰਾਖੀ ਲਈ ਹੋਂਦ ਵਿੱਚ ਆਇਆ, ਇਸ ਲਈ ਪੰਜਾਬ ਦੀ ਰਾਜਨੀਤੀ ਵਿੱਚ ਇਸ ਪਾਰਟੀ ਦਾ ਪ੍ਰਮੁੱਖਤਾ ਨਾਲ ਬਣੇ ਰਹਿਣਾ ਬਹੁਤ ਜ਼ਰੂਰੀ ਹੈ ਪਰ ਇਸ ਦੀ ਅਜੋਕੀ ਲੀਡਰਸ਼ਿਪ ਨੇ ਜਿਸ ਤਰ੍ਹਾਂ ਸਿੱਖ ਸਮਾਜ ਵਿੱਚ ਇਸ ਦੇ ਆਧਾਰ ਦਾ ਘਾਣ ਕੀਤਾ ਹੈ, ਉਸ ਦਾ ਪੁਨਰਗਠਨ ਸੌਖਾ ਨਹੀਂ ਹੋਵੇਗਾ। ਇਸ ਲਈ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਪਾਰਟੀ ਤੋਂ ਅਲੱਗ ਕਰ ਕੇ ਨਵੀਂ ਲੀਡਰਸ਼ਿਪ ਚੁਣਨ ਦਾ ਫ਼ੈਸਲਾ ਵੀ ਸ਼ਲਾਘਾਯੋਗ ਹੈ।

ਇੱਕ ਗੱਲ ਇਹ ਵੀ ਹੈ ਕਿ ਜਿਸ ਤਰ੍ਹਾਂ ਸਾਰੀ ਲੀਡਰਸ਼ਿਪ ਨੇ ਆਪਣੀਆਂ ਗ਼ਲਤੀਆਂ ਕਬੂਲ ਕੀਤੀਆਂ, ਉਸ ਦਾ ਅਸਰ ਹੁਣ ਇਨ੍ਹਾਂ ਲੀਡਰਾਂ ਖ਼ਿਲਾਫ਼ ਪੰਜਾਬ ਦੇ ਕੋਰਟ ਕਚਹਿਰੀਆਂ ਵਿੱਚ ਚੱਲ ਰਹੇ ਕੇਸਾਂ ਉਤੇ ਵੀ ਪਵੇਗਾ ਕਿਉਂਕਿ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਜੋ ਕਬੂਲ ਕੀਤਾ ਹੈ ਅਤੇ ਜੋ ਗਾਹੇ-ਬਗਾਹੇ ਕੋਰਟ ਕਚਹਿਰੀਆਂ ਵਿੱਚ ਕਹਿੰਦੇ ਆਏ ਹਨ, ਇਹ ਆਪਾ-ਵਿਰੋਧੀ ਹੈ।

ਧਾਰਮਿਕ ਸਜ਼ਾ ਲਗਾਉਂਦੇ ਹੋਏ ਇਨ੍ਹਾਂ ਲੀਡਰਾਂ ਨੂੰ ਸ੍ਰੀ ਦਰਬਾਰ ਸਾਹਿਬ 'ਚ ਬਾਥਰੂਮਾਂ ਦੀ ਸਫ਼ਾਈ, ਜੋੜੇ ਝਾੜਨ ਦੀ ਸੇਵਾ, ਲੰਗਰ 'ਚ ਜੂਠੇ ਬਰਤਨ ਸਾਫ਼ ਕਰਨ ਅਤੇ ਇਸ ਤਰ੍ਹਾਂ ਦੀ ਧਾਰਮਿਕ ਸੇਵਾ ਲਗਾਉਣ ਦੇ ਨਾਲ-ਨਾਲ ਹੋਰ ਕਈ ਸਿਧਾਂਤਕ ਸਜ਼ਾਵਾਂ ਵੀ ਸੁਣਾਈਆਂ ਹਨ। ਸੁਖਬੀਰ ਸਿੰਘ ਬਾਦਲ ਨੂੰ ਗੁਸਲਖਾਨੇ ਸਾਫ਼ ਕਰਨ, ਜੋੜੇ ਝਾੜਨ, ਕੀਰਤਨ ਸੁਨਣ ਦੇ ਨਾਲ-ਨਾਲ ਦਰਬਾਰ ਸਾਹਿਬ ਦੀ ਡਿਊੜੀ ਦੇ ਬਾਹਰ ਸੇਵਾਦਾਰ ਦੀ ਤਰ੍ਹਾਂ ਗਲ ਵਿੱਚ ਤਨਖਾਈਏ ਦੀ ਤਖ਼ਤੀ ਪਾ ਕੇ ਹੱਥ ਵਿੱਚ ਬਰਛਾ ਲੈ ਕੇ ਖੜ੍ਹਨ ਦਾ ਹੁਕਮ ਦਿੱਤਾ ਗਿਆ ਹੈ। ਬਾਕੀ ਲੀਡਰਾਂ ਦੇ ਗਲਾਂ ਵਿੱਚ ਵੀ ਤਨਖਾਈਏ ਦੀਆਂ ਤਖ਼ਤੀਆਂ ਪਾਉਣ ਦਾ ਹੁਕਮ ਦਿੱਤਾ ਗਿਆ ਹੈ। ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਸਹੂਲਤਾਂ ਵਾਪਸ ਲੈਣਾ ਅਤੇ ਇਨ੍ਹਾਂ ਲੀਡਰਾਂ ਦੇ ਗੁਨਾਹਾਂ ਵਿੱਚ ਸ਼ਾਮਲ ਹੋਰ ਧਾਰਮਿਕ ਲੀਡਰਸ਼ਿਪ ਸਬੰਧੀ ਦਿੱਤਾ ਗਿਆ ਫ਼ੈਸਲਾ ਪ੍ਰਸ਼ੰਸਾਯੋਗ ਹੈ। ਜਥੇਦਾਰ ਸਾਹਿਬਾਨ ਨੇ ਪੰਜਾਬੀ ਸੂਬੇ ਤੋਂ ਲੈ ਕੇ 1984 ਅਤੇ ਬਾਅਦ ਵਿੱਚ ਪੰਜਾਬ ਵਿੱਚ ਅਤਿਵਾਦ ਦੇ ਦੌਰ ਦੇ ਸਮੇਂ, ਸੌਦਾ ਸਾਧ ਦੇ ਮੁਆਫ਼ੀਨਾਮੇ ਅਤੇ ਹੋਰ ਪ੍ਰਸ਼ਾਸਨਿਕ ਗ਼ਲਤੀਆਂ ਬਾਰੇ ਅਕਾਲੀਆਂ ਤੋਂ ਸਵਾਲ ਪੁੱਛੇ ਅਤੇ ਸੰਗਤ ਦੇ ਸਾਹਮਣੇ ਉਨ੍ਹਾਂ ਨੂੰ ਦੋਸ਼ੀ ਸਾਬਤ ਕੀਤਾ। ਇਹ ਜਥੇਦਾਰ ਸਾਹਿਬਾਨ ਦਾ ਇੱਕ ਹੋਰ ਦਲੇਰੀ ਭਰਿਆ ਕਦਮ ਹੈ। ਸ਼੍ਰੋਮਣੀ ਕਮੇਟੀ ਦੇ ਪੈਸੇ ਦਾ ਸੁਖਬੀਰ ਸਿੰਘ ਬਾਦਲ ਵੱਲੋਂ ਸੌਦਾ ਸਾਧ ਦੇ ਅਖੌਤੀ ਮੁਆਫ਼ੀਨਾਮੇ ਦੀ ਇਸ਼ਤਿਹਾਰਬਾਜ਼ੀ ਉਤੇ ਖਰਚਣ ਦੇ ਬੱਜਰ ਗੁਨਾਹ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਸੂਦ ਸਮੇਤ ਵਾਪਸ ਲੈਣਾ ਵੀ ਚੰਗਾ ਕਦਮ ਹੈ।

ਜਸਵੰਤ ਸਿੰਘ ਖਾਲੜਾ ਦੇ ਕਤਲ, ਛੱਤੀਸਿੰਘਪੁਰਾ ਦੇ ਸਿੱਖਾਂ ਨੂੰ ਮਾਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਾਉਣਾ ਅਤੇ ਸਿੱਖ ਭਾਵਨਾਵਾਂ ਨੂੰ ਛਿੱਕੇ ਟੰਗ ਕੇ ਪੰਥ ਨਾਲ ਕੋਝਾ ਮਜ਼ਾਕ ਕਰਨ ਦਾ ਹਿਸਾਬ ਇਨ੍ਹਾਂ ਲੀਡਰਾਂ ਕੋਲੋਂ ਮੰਗਦੇ ਹੋਏ ਇਨ੍ਹਾਂ ਨੂੰ ਅਕਾਲੀ ਦਲ ਤੋਂ ਅਲੱਗ ਕਰਨ ਦਾ ਫ਼ੈਸਲਾ ਹੋਣਾ ਚਾਹੀਦਾ ਸੀ। ਉਹ ਲੀਡਰ ਜਿਨ੍ਹਾਂ ਨੇ ਸਿੱਖ ਸੰਗਤਾਂ ਦੇ ਦਬਾਅ ਹੇਠ ਆ ਕੇ ਬਾਅਦ ਵਿੱਚ ਅਕਾਲੀ ਦਲ ਤੋਂ ਅਸਤੀਫ਼ੇ ਦਿੱਤੇ ਅਤੇ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ 'ਬਾਗੀ' ਬਣ ਗਏ ਤੇ ਦੂਸਰੇ ਲੀਡਰ ਜਿਨ੍ਹਾਂ ਨੇ ਅਕਾਲੀ ਦਲ ਨਹੀਂ ਛੱਡਿਆ, ਨੂੰ 'ਦਾਗੀ' ਦੱਸਣ ਲੱਗੇ, ਉਨ੍ਹਾਂ ਦੀ ਵੀ ਜਥੇਦਾਰ ਸਹਿਬਾਨ ਨੇ ਚੰਗੀ ਖ਼ਬਰ ਲਈ ਹੈ। ਉਨ੍ਹਾਂ ਤੋਂ ਵੀ ਸਪਸ਼ਟੀਕਰਨ ਮੰਗਿਆ ਗਿਆ ਕਿ ਜਦੋਂ ਬਾਕੀ ਲੀਡਰਸ਼ਿਪ ਇਹ

(ਬਾਕੀ ਸਫ਼ਾ 31 'ਤੇ)

## ਧਾਮੀ ਵੱਲੋਂ ਦਿੱਲੀ ਦੇ ਮੈਟਰੋ ਸਟੇਸ਼ਨ 'ਤੇ ਸਿੱਖ ਨੂੰ ਕਿਰਪਾਨ ਪਾ ਕੇ ਜਾਣ ਤੋਂ ਰੋਕਣ ਦੀ ਸਖ਼ਤ ਨਿੰਦਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਦੇ ਝਿਲਮਿਲ ਮੈਟਰੋ ਸਟੇਸ਼ਨ 'ਤੇ ਇੱਕ ਅੰਮ੍ਰਿਤਧਾਰੀ ਸਿੱਖ ਨੂੰ ਕਿਰਪਾਨ ਸਮੇਤ ਅੰਦਰ ਜਾਣ ਤੋਂ ਰੋਕਣ ਦੀ ਘਟਨਾ ਦਾ ਨੋਟਿਸ ਲੈਂਦਿਆਂ ਕਿਹਾ ਕਿ ਇਹ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੇ ਵਾਰ-ਵਾਰ ਮਾਮਲੇ ਸਾਹਮਣੇ ਆ ਰਹੇ ਹਨ ਅਤੇ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਅਜਿਹਾ ਕਰਨ ਵਾਲਿਆਂ 'ਤੇ ਕੋਈ ਮਿਸਾਲੀ ਕਾਰਵਾਈ ਨਹੀਂ ਕਰ ਰਹੀਆਂ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਅੰਦਰ ਦੇਸ਼ ਦੇ ਹਰ ਨਾਗਰਿਕ ਨੂੰ ਆਪਣੀਆਂ



ਧਾਰਮਿਕ ਮਾਨਤਾਵਾਂ 'ਤੇ ਪਹਿਰਾ ਦੇਣ ਦੀ ਖੁੱਲ੍ਹ ਹੈ। ਅੰਮ੍ਰਿਤਧਾਰੀ ਸਿੱਖ ਲਈ ਪੰਜ ਕਕਾਰ ਧਾਰਨ ਕਰਨਾ ਲਾਜ਼ਮੀ ਹੈ ਅਤੇ ਇਸ ਦੀ ਇਜਾਜ਼ਤ ਭਾਰਤ ਦਾ ਸੰਵਿਧਾਨ ਵੀ ਦਿੰਦਾ ਹੈ। ਹਾਲ ਹੀ ਵਿੱਚ ਨਾਗਰਿਕ ਹਵਾਬਾਜ਼ੀ ਮੰਤਰਾਲੇ ਵੱਲੋਂ ਵੀ ਭਾਰਤ ਦੇ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਣ ਕੇ ਜਾਣ 'ਤੇ ਪਾਬੰਦੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ 'ਤੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਸੀ। ਧਾਮੀ ਨੇ ਇਸ ਮਾਮਲੇ ਵਿੱਚ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਦਿੱਲੀ ਸਰਕਾਰ ਨੂੰ ਤੁਰੰਤ ਕਾਰਵਾਈ ਕਰਦਿਆਂ ਸਿੱਖਾਂ ਦੇ ਹੱਕ ਹਕੂਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ।

## ਕੀ ਅਕਾਲ ਤਖ਼ਤ ਸਾਹਿਬ ਦੇ ਉਦਮ ਨਾਲ ਅਕਾਲੀ ਦਲ ਦੀ ਨਵ ਸਿਰਜਣਾ ਹੋ ਸਕੇਗੀ ?

ਰਜਿੰਦਰ ਸਿੰਘ ਪੁਰੇਵਾਲ

ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਅਕਾਲੀ ਆਗੂਆਂ ਨੂੰ ਲਗਾਈ ਧਾਰਮਿਕ ਸਜ਼ਾ ਨਾਲ ਜਿੱਥੇ ਅਕਾਲੀ ਲੀਡਰਸ਼ਿਪ 'ਤੇ ਲੱਗੇ ਦਾਗ ਸਾਫ਼ ਹੋਣਗੇ, ਉਥੇ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਨਜ਼ੂਰ ਕਰਨ ਅਤੇ ਨਵੀਂ ਮੈਂਬਰਸ਼ਿਪ ਕਰਨ ਲਈ ਬਣਾਈ ਗਈ ਕਮੇਟੀ ਨਾਲ ਅਕਾਲੀ ਸਿਆਸਤ ਨੂੰ ਨਵਾਂ ਮੋੜਾ ਆਉਣ ਦੀ ਸੰਭਾਵਨਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਨਾਲ ਬਾਦਲ ਪਰਿਵਾਰ ਦਾ ਅਕਾਲੀ ਦਲ 'ਤੇ ਦਬਦਬਾ ਘੱਟਣ ਅਤੇ ਪੰਥਕ ਤੇ ਅਕਾਲੀ ਏਕਤਾ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਸਿੰਘ ਸਾਹਿਬਾਨ ਦੇ ਫੈਸਲੇ ਕਾਰਨ ਨਵੀਂ ਭਰਤੀ ਹੋਵੇਗੀ, ਜਿਸ ਵਿਚੋਂ ਨਵੀਂ ਲੀਡਰਸ਼ਿਪ ਪੈਦਾ ਹੋਣ ਦੀ ਸੰਭਾਵਨਾ ਹੈ।

ਪੰਜ ਸਿੰਘ ਸਾਹਿਬਾਨ ਨੇ ਧੜੇਬੰਦੀ 'ਚ ਵੰਡੇ ਗਏ ਅਕਾਲੀ ਆਗੂਆਂ ਨੂੰ ਦਾਗੀ ਤੇ ਬਾਗੀ ਕਹਿੰਦੇ ਹੋਏ ਆਪਣੇ ਵੱਖ ਵੱਖ ਚੁੱਲ੍ਹੇ ਬੰਦ ਕਰਨ ਦੇ ਹੁਕਮ ਦਿੱਤੇ ਹਨ, ਉਸ ਨਾਲ ਅਕਾਲੀ ਦਲ ਵਿੱਚ ਏਕਤਾ ਹੋ ਸਕੇਗੀ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜ ਸਿੰਘ ਸਾਹਿਬਾਨ ਵਲੋਂ ਲਏ ਗਏ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਹੁਰਾਂ ਦੀ ਅਗਵਾਈ ਹੇਠ ਅਕਾਲੀ ਦਲ ਦੀ ਨਵੀ ਮੈਂਬਰਸ਼ਿਪ ਕਰਨ, ਡੈਲੀਗੇਟ ਬਣਾਉਣ ਬਾਰੇ ਕਮੇਟੀ ਗਠਿਤ ਕੀਤੀ ਹੈ, ਜਿਸ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ, ਮਨਪ੍ਰੀਤ ਸਿੰਘ ਇਯਾਲੀ, ਸੰਤਾ ਸਿੰਘ ਉਮੈਦਪੁਰੀ ਅਤੇ ਸਤਵੰਤ ਕੌਰ ਪੁੱਤਰੀ ਭਾਈ ਬੇਅੰਤ ਸਿੰਘ ਸਰਦਾਰ ਕਿ ?ਪਾਲ ਸਿੰਘ ਬਡੂੰਗਰ ਨੂੰ ਸ਼ਾਮਲ ਕੀਤਾ ਗਿਆ ਹੈ।

ਇਥੇ ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੀਆਂ ਘਟਨਾਵਾਂ ਅਤੇ ਡੇਰਾ ਮੁਖੀ ਨੂੰ ਮਾਫ਼ੀ ਦੇਣ ਤੋਂ ਬਾਅਦ ਅਕਾਲੀ ਦਲ ਹਾਸ਼ੀਏ 'ਤੇ ਚਲਾ ਗਿਆ। ਸਾਲ 2022 ਵਿੱਚ ਸੰਗਰੂਰ ਹਲਕੇ ਦੀ ਹੋਈ ਜ਼ਿਮਨੀ ਚੋਣ ਵਿੱਚ ਖ਼ਾਲਿਸਤਾਨ ਸਮਰਥਕ ਮੰਨੇ ਜਾਂਦੇ ਸਿਮਰਨਜੀਤ ਸਿੰਘ ਮਾਨ ਚੋਣ ਜਿੱਤ ਗਏ। ਇਸੇ ਤਰ੍ਹਾਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਤੇ ਫਰੀਦਕੋਟ ਹਲਕੇ ਤੋਂ ਗਰਮ ਖਿਆਲੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਸੰਸਦ ਮੈਂਬਰ ਚੁਣੇ ਗਏ। ਇਸ ਚੋਣ ਨੇ ਅਕਾਲੀ ਦਲ ਦੇ ਭਵਿੱਖ 'ਤੇ ਹੋਰ ਵੀ ਸਵਾਲ ਖੜ੍ਹੇ ਕਰ ਦਿੱਤੇ। ਇਸ ਤੋਂ ਸਪਸ਼ਟ ਸੀ ਕਿ ਸਿੱਖ ਪੰਥ ਬਾਦਲ ਦਲ ਤੋਂ ਸੰਤੁਸ਼ਟ ਨਹੀਂ ਸੀ।

ਸਿੰਘ ਸਾਹਿਬਾਨ ਨੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਫ਼ਖਰ ਏ ਕੌਮ ਐਵਾਰਡ ਵਾਪਸ ਲੈ ਕੇ ਬਾਦਲ ਪਰਿਵਾਰ ਨੂੰ ਵੱਡਾ ਧਾਰਮਿਕ ਤੇ ਸਿਆਸੀ ਝਟਕਾ ਦਿੱਤਾ ਹੈ। ਇਸ ਫੈਸਲੇ ਨੇ ਸਿੱਖ ਪੰਥ ਨੂੰ ਸੰਤੁਸ਼ਟੀ ਦਿਤੀ ਹੈ। ਇਸਤੋਂ ਬਿਨਾਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੁਖਬੀਰ ਬਾਦਲ ਦਾ ਅਸਤੀਫ਼ਾ ਮਨਜ਼ੂਰ ਕਰਕੇ ਤਿੰਨ ਦਿਨਾਂ ਦੇ ਅੰਦਰ ਅੰਦਰ ਅਕਾਲ ਤਖ਼ਤ ਸਾਹਿਬ ਨੂੰ ਸੂਚਿਤ ਕਰਨ ਦਾ ਹੁਕਮ ਦਿੱਤਾ ਹੈ, ਇਹ ਵੀ ਬਾਦਲ ਪਰਿਵਾਰ ਲਈ ਵੱਡਾ ਸਿਆਸੀ ਝਟਕਾ ਹੈ। ਭਾਵੇਂ ਸੁਖਬੀਰ ਬਾਦਲ ਨੇ ਅਸਤੀਫ਼ਾ ਦੇ ਦਿੱਤਾ ਸੀ, ਪਰ ਵਰਕਿੰਗ ਕਮੇਟੀ ਤੇ ਕੋਰ ਕਮੇਟੀ ਅਸਤੀਫ਼ਾ ਮਨਜ਼ੂਰ ਕਰਨ ਦੇ ਰੌਅ ਵਿੱਚ ਨਹੀਂ ਸੀ।

ਹੁਣ ਸਿੰਘ ਸਾਹਿਬਾਨ ਦੇ ਫੈਸਲੇ ਅਨੁਸਾਰ ਨਵੀ ਮੈਂਬਰਸ਼ਿਪ ਹੋਣ ਅਤੇ ਡੈਲੀਗੇਟ ਬਣਨ ਨਾਲ ਛੇ ਮਹੀਨੇ ਦੇ ਅੰਦਰ ਅੰਦਰ ਅਕਾਲੀ ਦਲ ਦੀ ਨਵੀਂ ਚੋਣ ਕਰਵਾਈ ਜਾਵੇਗੀ। ਨਵੀਂ ਚੋਣ ਮੌਕੇ ਅਕਾਲੀ ਦਲ ਦੀ ਵਾਗਡੋਰ ਕਿਸੇ ਨੇਤਾ ਦੇ ਹੱਥ ਆਵੇਗੀ ਇਹ ਤਾਂ ਭਵਿੱਖ ਦੇ ਗਰਭ ਵਿੱਚ ਹੈ, ਪਰ ਅਕਾਲੀ ਦਲ ਵਿੱਚ ਏਕੇ ਦਾ ਮੁੱਢ ਬੰਨਿਆ ਗਿਆ ਹੈ। ਕੀ ਸਿੱਖ ਅਤੇ ਪੰਜਾਬ ਦੇ ਵੋਟਰ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਮਾਫ਼ ਕਰਨਗੇ ਅਤੇ ਭਵਿੱਖ ਵਿੱਚ ਅਕਾਲੀ ਦਲ ਨਾਲ ਚੱਲਣਗੇ ਇਹ ਨਵਾਂ ਸਵਾਲ ਖੜ੍ਹਾ ਹੋ ਗਿਆ ਹੈ। ਪਰ ਸਿੰਘ ਸਾਹਿਬਾਨ ਨੂੰ ਚਾਹੀਦਾ ਹੈ ਕਿ ਅਕਾਲੀ ਦਲ ਵਿੱਚ ਭਾਈ ਅੰਮ੍ਰਿਤ ਪਾਲ ਸਿੰਘ ਵਾਲੀ ਧਿਰ, ਅਖੰਡ ਕੀਰਤਨੀ ਜਥਾ, ਸਿੱਖ ਮਿਸ਼ਨਰੀ ਕਾਲਜ, ਬਾਬਾ ਸਰਬਜੋਤ ਸਿੰਘ ਬੇਦੀ ਦੇ ਧੜੇ ਦੇ ਪ੍ਰਤੀਨਿਧ ਸ਼ਾਮਲ ਹੋਣੇ ਚਾਹੀਦੇ ਹਨ ਤਾਂ ਜੋ ਅਕਾਲੀ ਦਲ ਦੁਬਾਰਾ ਮਜਬੂਤ ਹੋ ਸਕੇ। ਪੰਜਾਬ ਤੇ ਪੰਥ ਦੀਆਂ ਸਮੱਸਿਆਵਾਂ ਇਸੇ ਕਰਕੇ ਹਨ ਕਿ ਅਕਾਲੀ ਦਲ ਕਮਜੋਰ ਹੈ। ਜਦੋਂ ਵੀ ਖੇਤਰੀ ਮੁੱਦਿਆਂ ਜਾਂ ਸੂਬੇ ਦੇ ਹੱਕਾਂ 'ਤੇ ਹਮਲਾ ਹੋਇਆ ਹੈ, ਤਾਂ ਅਕਾਲੀ ਦਲ ਸੰਘਰਸ਼ ਲਈ ਤਿਆਰ ਰਿਹਾ ਹੈ। ਇੱਥੋਂ ਤੱਕ ਕਿ ਐਮਰਜੈਂਸੀ ਦਾ ਵਿਰੋਧ ਕਰਨ ਵਿੱਚ ਵੀ ਅਕਾਲੀ ਦਲ ਦੀ ਅਹਿਮ ਭੂਮਿਕਾ ਰਹੀ। ਪਰ ਹੌਲੀ ਹੌਲੀ ਅਕਾਲੀ ਦਲ ਸੰਘਰਸ਼ਾਂ ਤੋਂ ਉੱਠ ਕੇ ਸੱਤਾ ਦੇ ਇਰਦ-ਗਿਰਦ ਘੁੰਮਣ ਵਾਲੀ ਪਾਰਟੀ ਬਣ ਗਈ। ਇਸੇ ਸੱਤਾ ਦੀ ਭੁੱਖ ਨੇ ਅਕਾਲੀ ਦਲ ਦਾ ਵੱਡਾ ਨੁਕਸਾਨ ਕੀਤਾ ਹੈ। ਮੋਰਚਾ ਰਾਜਨੀਤੀ ਅਕਾਲੀ ਦਲ ਦੀ ਤਾਕਤ ਸੀ, ਜਿਸਨੂੰ ਅਕਾਲੀ ਦਲ ਭੁਲਾ ਬੈਠਾ ਹੈ। ਮੋਰਚਿਆਂ, ਸੰਘਰਸ਼ਾਂ ਵਿੱਚੋਂ ਸੱਤਾ ਨਿਕਲਦੀ ਹੈ, ਸੱਤਾ ਆਪਣੇ ਆਪ ਵਿੱਚ ਕੁਝ ਨਹੀਂ ਹੈ। ਅਕਾਲੀ ਦਲ ਨੂੰ ਇਹ ਸਮਝਣਾ ਪਵੇਗਾ। ਸੱਤਾ ਵਿੱਚ ਵਾਪਸ ਆਉਣ ਲਈ ਅਕਾਲੀ ਦਲ ਨੂੰ ਆਪਣੀ ਵਿਚਾਰਧਾਰਾ ਵੱਲ ਆਉਣਾ ਪਵੇਗਾ। ਜੇ ਅਕਾਲੀ ਦਲ ਨੂੰ ਬਚਾਉਣਾ ਹੈ ਤਾਂ ਪਾਰਟੀ ਨੂੰ ਲੀਡਰਸ਼ਿਪ ਵਿੱਚ ਬਦਲਾਅ ਕਰਨਾ ਪਵੇਗਾ ਅਤੇ ਪਾਰਟੀ ਨੂੰ ਪੰਥਕ ਵਿਚਾਰਧਾਰਾ ਨਾਲ ਜੋੜਨਾ ਪਵੇਗਾ, ਸੂਬੇ ਦੀ ਖ਼ੁਦਮੁਖਤਿਆਰੀ ਤੇ ਸੰਘੀ ਢਾਂਚੇ ਨਾਲ ਜੋੜਨਾ ਪਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ, ਬਾਦਸ਼ਾਹਾਂ ਥੀਂ ਭੀਖ ਮੰਗਾਂਵਦਾ ਈ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਛੇਵੀਂ ਜੋਤ ਵੱਲੋਂ ਉਸਾਰੇ ਅਕਾਲ ਤਖ਼ਤ ਸਾਹਿਬ 'ਤੇ ਇੱਕ ਵੱਡਾ ਫ਼ੈਸਲਾ ਹੋਇਆ ਹੈ। ਬੀਤੇ ਦਿਨ ਦੁਨੀਆਂ ਨੇ ਹੰਕਾਰ ਨਾਲ ਭਰੇ ਮਹਾਰਥੀ ਤੇ ਆਪਣੇ ਆਪ ਨੂੰ ਰਾਜੇ ਮਹਾਰਾਜੇ ਕਹਾਉਣ ਵਾਲੇ ਹੱਥ ਬੰਨੀਂ ਖੜੇ ਦੇਖੇ ਸਨ। ਉਹ ਲੋਕ ਨਿਮਾਣੇ ਬਣ ਕੇ ਖਲੋਤੇ ਸਨ, ਜਿਹਨਾਂ ਨੇ ਸਿੱਖ ਕੌਮ ਤੱਕ ਦੇ ਹਿੱਤਾਂ ਨੂੰ ਵੇਚਿਆ, ਬਹੁਤ ਕੁਝ ਵੱਟਿਆ ਤੇ ਕੁੱਝ ਘੜੀਆਂ ਦੇ ਵਿੱਚ ਸਭ ਕੁਝ ਮਿੱਟੀ ਹੁੰਦਾ ਵੇਖਿਆ ਗਿਆ। ਤਿੰਨ ਕਰੋੜ ਲੋਕਾਂ ਨੂੰ ਆਪਣੀ ਵੱਖੀ ਵਾਲੀ ਜੇਬ ਵਿੱਚ ਸਮਝਣ ਵਾਲੇ ਲੱਖੋਂ ਕੱਖ ਹੁੰਦੇ ਦੇਖੇ ਗਏ। ਕੁਝ ਵੀ ਹੋਵੇ ਅਕਾਲੀ ਦਲ ਦੇ ਲਈ ਇਹ ਇੱਕ ਬੜੀ ਔਖੀ ਘੜੀ ਸੀ। ਮੰਨਿਆ ਕਿ ਲੋਕਾਂ ਦੇ ਵਿੱਚ ਇਹਨਾਂ ਨੂੰ ਢੀਠਤਾ ਦਾ ਖ਼ਿਤਾਬ ਦਿੱਤਾ ਗਿਆ ਪਰ ਇਹ ਵਕਤ ਬਹੁਤ ਦੁਖਦਾਈ ਹੋਵੇਗਾ ਬਾਦਲ ਪਰਿਵਾਰ ਦੇ ਲਈ। ਸੱਤਾ ਵਿੱਚ ਜੰਮੇ ਤੇ ਪਲੇ ਨੇ ਆਪਣੇ ਹੱਥੀਂ ਸੱਤਾ ਖਿਸਕਾ ਲਈ। ਸਾਲਾਂ ਵਿੱਚ ਪਿਓ ਪੁੱਤਾਂ ਦਾ ਨਕਾਬ ਚੜ੍ਹਾ ਕੇ ਉਸਾਰਿਆ ਰੁਤਬਾ ਜਥੇਦਾਰ ਸਾਹਿਬਾਨ ਦੇ ਹਰ ਇੱਕ ਸਵਾਲ ਦੇ ਨਾਲ ਤਹਿਸ ਨਹਿਸ ਹੁੰਦਾ ਦਿਖਿਆ। ਦੂਜੇ ਪਾਸੇ ਸੋਚੀਏ ਤਾਂ ਬੜੀ ਹਿੰਮਤ ਚਾਹੀਦੀ ਹੈ ਗੁਨਾਹ ਕਬੂਲਣ ਦੀ, ਤਾਂ ਉਹ ਹਿੰਮਤ ਸੁਖਬੀਰ ਬਾਦਲ ਨੇ ਵਿਖਾਈ। ਭਾਵੇਂ ਕਿ ਉਸ ਨੂੰ ਪਤਾ ਸੀ ਕਿ ਉਹ ਦੁਨੀਆਂ ਸਾਹਮਣੇ ਮਜ਼ਾਕ ਦਾ ਪਾਤਰ ਬਣ ਕੇ ਰਹਿ ਜਾਵੇਗਾ। ਫ਼ਖ਼ਰ-ਏ-ਕੌਮ ਐਵਾਰਡ ਵਾਪਸ ਲੈ ਕੇ ਪ੍ਰਕਾਸ਼ ਸਿੰਘ ਬਾਦਲ ਦਾ ਸਿਆਸੀ ਕੈਰੀਅਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਨੇ ਜ਼ੀਰੋ ਕਰ ਦਿੱਤਾ। ਗਿਆਨੀ ਰਘਬੀਰ ਸਿੰਘ ਨੇ ਬੜੀ ਮਹੱਤਵਪੂਰਨ ਗੱਲ ਕਹੀ ਕਿ "ਮਰਿਆਦਾ ਬਚਾਉਣ ਵਾਲਿਆਂ ਨੇ ਮਰਿਆਦਾ 'ਤੇ ਅਟੈਕ ਕੀਤਾ।" ਸੋ ਸੱਚ ਵੀ ਹੈ ਕਿ ਏਡੇ ਵੱਡੇ ਗੁਨਾਹ ਦੀ ਮੁਆਫ਼ੀ ਨਹੀਂ ਹੁੰਦੀ। ਸਿਆਸੀ ਬ੍ਰਿਤਾਂਤ ਤੋਂ ਇਹ ਪਰਿਵਾਰ ਬਾਹਰ ਹੋ ਗਿਆ। ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ ਦੁੱਖ ਦੀ ਘੜੀ ਦੇ ਵਿੱਚ ਆਪਣੇ ਵੀ ਸਾਥ ਛੱਡ ਜਾਂਦੇ ਨੇ। ਠੀਕ ਉਸੇ ਤਰ੍ਹਾਂ ਹੀ ਬਿਕਰਮ ਸਿੰਘ ਮਜੀਠੀਆ ਵੱਲੋਂ ਇਹ ਕਹਿਣਾ ਕਿ 'ਮੈਂ ਇਨ੍ਹਾਂ ਘਟਨਾਵਾਂ ਵਿੱਚ ਸ਼ਾਮਲ ਨਹੀਂ ਸੀ ਪਰ ਇੱਥੇ ਮੈਂ ਗਲਤ ਹਾਂ ਕਿ ਮੈਂ ਹਾਅ ਦਾ ਨਾਅਰਾ ਨਹੀਂ ਮਾਰਿਆ।' ਇਸ ਔਖੀ ਘੜੀ ਵਿੱਚ ਅਕਾਲੀ ਦਲ ਦਾ ਮਜ਼ਬੂਤ ਚਿਹਰਾ ਇਹ ਗੱਲ ਕਹਿ ਕੇ ਆਪਣੇ ਆਪ ਨੂੰ ਵੱਖ ਕਰ ਗਿਆ। ਮੁੱਕਦੀ ਗੱਲ ਬਦ-ਦੁਆਵਾਂ ਨੇ ਅਕਾਲੀਆਂ ਨੂੰ ਗੋਡਿਆਂ ਭਾਰ ਕਰ ਦਿੱਤਾ। ਸੁਖਬੀਰ ਬਾਦਲ ਦੇ ਬੈਂਡ ਨਾਲ ਪੀਪਣੀਆਂ ਵਜਾਉਣ ਵਾਲੇ ਇਹ ਕਹਿ ਕੇ ਪੱਲਾ ਝਾੜ ਗਏ ਕਿ ਅਸੀਂ ਗੁਨਾਹਾਂ ਦੇ ਹਿੱਸੇਦਾਰ ਨਹੀਂ ਪਰ ਸੋਚਣ ਵਾਲੀ ਗੱਲ ਹੈ ਕਿ ਜੇ ਸੁਰ ਮਿਲਦੀ ਸੀ ਤਾਂ ਹੀ ਨਿੱਭਦੀ ਰਹੀ। ਕਿਰਦਾਰ ਦੇ ਵਿੱਚ ਸਾਂਵਾਂਪਣ ਸੀ ਤਾਂ ਹੀ ਤਾਂ ਚੁੱਪ ਰਹਿ ਕੇ ਹਮਾਇਤ ਕਰਦੇ ਰਹੇ। ਕੁਝ ਸਮੇਂ ਪਹਿਲਾਂ ਬੀਬੀ ਹਰਸਿਮਰਤ ਕੌਰ ਬਾਦਲ ਦਾ ਇੱਕ ਵੀਡੀਓ ਬਹੁਤ ਵਾਇਰਲ ਹੋਇਆ ਸੀ, ਜਿਸ ਵਿੱਚ ਉਹ ਕਹਿੰਦੇ ਦਿਖਾਈ ਦਿੰਦੇ ਹਨ ਕਿ ਜਿੰਨ੍ਹਾਂ ਨੇ ਬੇਅਦਬੀਆਂ ਕਰਵਾਈਆਂ ਨੇ, ਉਹਨਾਂ ਦਾ ਕੱਖ ਨਾ ਰਹੇ। ਸੱਚ ਹੀ ਅੱਜ ਅਕਾਲੀ ਪਾਰਟੀ ਕੱਖੋਂ ਹੌਲ਼ੀ ਹੋ ਕੇ ਬੈਠੀ ਹੈ। ਲੋਕਾਂ ਦੀਆਂ ਭਾਵਨਾਵਾਂ ਅਕਾਲ ਤਖ਼ਤ ਸਾਹਿਬ ਦੇ ਨਾਲ ਜੁੜੀਆਂ ਨੇ, ਸੋ ਅਕਾਲ ਤਖ਼ਤ ਸਾਹਿਬ ਵੱਲੋਂ ਮਿਲੀ ਸਜ਼ਾ ਅਕਾਲੀਆਂ ਨੇ ਨੀਵੇਂ ਹੋ ਕੇ ਪ੍ਰਵਾਨ ਕਰ ਲਈ ਹੈ। ਵੱਡਾ ਸਵਾਲ ਜਥੇਦਾਰ ਸਾਹਿਬਾਨ 'ਤੇ ਉਠਦਾ ਆ ਰਿਹਾ ਸੀ ਕਿਉਂਕਿ ਜਥੇਦਾਰਾਂ ਦੇ ਕੋਲ ਚੋਣ ਇਹ ਸੀ ਕਿ ਜਾਂ ਤਾਂ ਉਹ ਅਕਾਲੀ ਫ਼ੂਲਾ ਸਿੰਘ ਬਣਦੇ ਜਾਂ ਗਿਆਨੀ ਗੁਰਬਚਨ ਸਿੰਘ। ਸੋ ਉਨ੍ਹਾਂ ਨੇ ਅਜਿਹਾ ਰਸਤਾ ਚੁਣਿਆ ਜੋ ਇਤਿਹਾਸ ਦੇ ਵਿੱਚ ਦਰਜ ਹੋਵੇਗਾ। ਜਥੇਦਾਰ ਸਾਹਿਬਾਨ ਨੇ ਬਾਦਲਾਂ ਦੇ ਮੱਕੜਜਾਲ ਦੇ ਵਿਚੋਂ ਨਿੱਕਲ ਕੇ ਫ਼ੈਸਲਾ ਲਿਆ ਤੇ ਇਹ ਸਾਬਿਤ ਕਰ ਦਿੱਤਾ ਕਿ ਅਕਾਲ ਤਖ਼ਤ ਸਾਹਿਬ ਇਸ ਦੁਨੀਆਂ ਤੋਂ ਜਾ ਚੁੱਕੇ ਲੋਕਾਂ ਦੇ ਲਈ ਵੀ ਫ਼ੈਸਲਾ ਲੈ ਸਕਦਾ ਹੈ। ਜਥੇਦਾਰ ਸਾਹਿਬਾਨ ਦੇ ਫ਼ੈਸਲੇ ਨੂੰ ਤਕਰੀਬਨ 60-70 ਫ਼ੀਸਦੀ ਲੋਕਾਂ ਨੇ ਕਬੂਲ ਕੀਤਾ ਹੈ ਪਰ ਕੁਝ ਲੋਕਾਂ ਨੇ ਇਸ ਫ਼ੈਸਲੇ ਦੀ ਨਿੰਦਿਆ ਵੀ ਕੀਤੀ ਹੈ। ਨਿੰਦਿਆਂ ਕਰਨ ਵਾਲੇ ਉਹ ਲੋਕ ਨੇ ਜੋ ਜ਼ਾਤੀ, ਇਖ਼ਲਾਕੀ, ਸਿਆਸੀ ਤੌਰ 'ਤੇ ਬਾਦਲ ਪਰਿਵਾਰ ਦੇ ਨਾਲ ਰੰਜਸ਼ ਰੱਖਦੇ ਨੇ ਕਿਉਂਕਿ ਸਿਖ ਧਰਮ ਵਾਲੇ ਹਰੇਕ ਇਨਸਾਨ ਨੂੰ ਮਰਿਆਦਾ ਦਾ ਪਤਾ ਹੈ ਕਿ ਅਕਾਲ ਤਖ਼ਤ ਬਖ਼ਸ਼ੰਦ ਤਖ਼ਤ ਹੈ। ਇਥੇ ਝੁੱਕ ਕੇ ਆਉਣ ਵਾਲੇ ਲਈ ਦੇਗ਼ ਹੈ ਤੇ ਚੜ੍ਹ ਕੇ ਆਉਣ ਵਾਲੇ ਲਈ ਤੇਗ਼ ਹੈ।

ਆਰ.ਐਸ.ਐਸ. ਦੇ ਇੱਕ ਵਰਕਰ ਨੇ ਟਿੱਪਣੀ ਕੀਤੀ ਕਿ ਜਥੇਦਾਰ ਸਾਹਿਬਾਨ ਦਾ ਫ਼ੈਸਲਾ ਠੀਕ ਨਹੀਂ ਕਿਉਂਕਿ ਵਿਰਸਾ ਸਿੰਘ ਵਲਟੋਹਾ ਨੂੰ ਦਸ ਸਾਲਾਂ ਤੱਕ ਦੀ ਸਜ਼ਾ ਦਿੱਤੀ ਗਈ ਸੀ ਪਰ ਸੁਖਬੀਰ ਬਾਦਲ ਨੂੰ ਕਿਉਂ ਨਹੀਂ ? ਸੋ ਮਰਿਆਦਾ ਦਾ ਜੇ ਪਤਾ ਨਾ ਹੋਵੇ ਤਾਂ ਗੱਲ ਕਰਨੀ ਜਚਦੀ ਨਹੀਂ। ਭਲੇ ਮਾਣਸੋ, ਵਿਰਸਾ ਸਿੰਘ ਵਲਟੋਹਾ ਨੇ ਤਾਂ ਜਥੇਦਾਰ ਸਾਹਿਬਾਨ ਨੂੰ ਜਾ ਕੇ ਧਮਕੀਆਂ ਦਿੱਤੀਆਂ ਸਨ। ਖੰਡਾ ਖੜਕਾਉਣ ਦੀ ਗੱਲ ਕੀਤੀ ਸੀ ਪਰ ਸੁਖਬੀਰ ਬਾਦਲ ਸ਼ਰਾਫ਼ਤ ਦੇ ਨਾਲ ਤੇ ਨਿਮਾਣਾ ਸਿੱਖ ਬਣਕੇ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਵਿੱਚ ਗਿਆ ਸੀ। ਸੋ ਬਖ਼ਸ਼ੰਦ ਤਖ਼ਤ 'ਤੇ ਬਖ਼ਸ਼ਿਆ ਜਾਂਦਾ ਹੈ, ਇਹ ਸਭ ਨੂੰ ਸਮਝ ਲੈਣਾ ਚਾਹੀਦਾ ਹੈ। ਰਾਜ ਨਹੀਂ ਸੇਵਾ ਸਲੋਗਨ ਵਾਲੇ ਅੱਜ ਕੱਲ੍ਹ ਸੱਚ 'ਚ ਹੀ ਸੇਵਾਦਾਰ ਬਣੇ ਹੋਏ ਨੇ। ਟਿੱਕਟੂ ਭਾਈਚਾਰਾ ਉਹਨਾਂ ਦੇ ਆਲ਼ੇ ਦੁਆਲੇ ਖੜ੍ਹਾ ਹੈ, ਉਹਨਾਂ ਵਿਚਾਰਿਆਂ ਨੂੰ ਇਹ ਨਹੀਂ ਪਤਾ ਕਿ ਅਕਾਲੀ ਦਲ ਹੁਣ ਭੰਗ ਹੈ ਪਰ ਫੇਰ ਵੀ ਸਰਕਾਰੀ ਝੂਟੇ ਮਾਟੇ ਲੈਣ ਦੀ ਆਸ ਬੰਨ੍ਹੀਂ ਇੱਕ ਲੱਤ 'ਤੇ ਖੜੇ ਹਨ। ਕਹਿੰਦੇ ਨੇ ਕਿ ਜਦੋਂ ਨਵਾਬ ਕਪੂਰ ਸਿੰਘ ਨੂੰ ਨਵਾਬੀ ਬਖ਼ਸ਼ੀ ਗਈ ਤਾਂ ਕਪੂਰ ਸਿੰਘ ਨੇ ਕਿਹਾ ਕਿ ਨਹੀਂ ਜੀ, ਮੈਂ ਤਾਂ ਸੇਵਾਦਾਰ ਹੀ ਠੀਕ ਹਾਂ। ਪਰ ਉਹਨਾਂ ਨੂੰ ਕਿਹਾ ਕਿ ਨਵਾਬ ਸਾਹਿਬ ਫ਼ੈਸਲਾ ਹੋ ਗਿਆ ਹੈ ਸੰਗਤ ਦਾ। ਨਵਾਬ ਕਪੂਰ ਸਿੰਘ ਨੇ ਆਖਿਆ ਕਿ ਜੇ ਸੰਗਤ ਨੇ ਫ਼ੈਸਲਾ ਕੀਤਾ ਹੈ ਤਾਂ ਇੱਕ ਸ਼ਰਤ 'ਤੇ ਮੈਨੂੰ ਮਨਜ਼ੂਰ ਹੈ ਕਿ ਘੋੜਿਆਂ ਦੀ ਲਿੱਦ ਮੈਂ ਹੀ ਚੁੱਕਿਆ ਕਰਾਂਗਾ ਤਾਂ ਕਿ ਨਵਾਬੀ ਦਾ ਹੰਕਾਰ ਨਾ ਆਵੇ। ਇਹ ਹੁੰਦੇ ਨੇ ਸਿੱਖੀ ਦੇ ਵਿੱਚ ਕਿਰਦਾਰ। ਪਰ ਅੱਜ ਦੇ ਕਿਰਦਾਰ ਤਾਂ ਛੋਟੇ ਜਿਹੇ ਅਹੁਦੇ ਪਿੱਛੇ ਵੱਡੇ ਤੋਂ ਵੱਡਾ ਗੁਨਾਹ ਕਰਨ ਤੋਂ ਵੀ ਨਹੀਂ ਟਲ਼ਦੇ। ਸੁਖਬੀਰ ਬਾਦਲ ਦੀ ਸਿਕਿਓਰਟੀ ਪਿੱਛੇ ਲੋਕਾਂ ਨੇ ਸਵਾਲ ਉਠਾਏ ਸੀ। ਸਿਕਿਓਰਟੀ ਦੇ ਬਾਵਜੂਦ ਵੀ ਸੁਖਬੀਰ ਬਾਦਲ 'ਤੇ ਹਮਲੇ ਦੀਆਂ ਖ਼ਬਰਾਂ ਸੁਣਨ ਨੂੰ ਮਿਲੀਆਂ ਭਾਵੇਂ ਕਿ ਇਸ ਨੂੰ ਵੱਖ- ਵੱਖ ਨਜ਼ਰੀਏ ਦੇ ਨਾਲ ਵੇਖਿਆ ਜਾ ਰਿਹਾ ਹੈ। ਕੁੱਲ ਮਿਲਾ ਕੇ ਤਨਖ਼ਾਹੀਆਂ ਨੇ ਕੈਮਰੇ ਪੱਕੇ ਆਪਣੇ ਆਪ 'ਤੇ ਫਿੱਟ ਕੀਤੇ ਹੋਏ ਨੇ। ਸਾਫ਼ ਭਾਂਡਿਆਂ ਨੂੰ ਦੁਬਾਰਾ ਸਾਫ਼ ਕੀਤਾ ਜਾ ਰਿਹਾ ਹੈ। ਸਾਫ਼ ਬਾਥਰੂਮਾਂ ਵਿੱਚ ਚਾਰ- ਚਾਰ ਤਨਖ਼ਾਹੀਏ ਸਫ਼ਾਈਆਂ ਕਰ ਰਹੇ ਨੇ। ਪਰ ਕੁਝ ਵੀ ਹੈ ਇਤਿਹਾਸ ਦੇ ਵਿੱਚ ਤੇ ਲੋਕਾਂ ਦੇ ਵਿੱਚ ਇਹ ਧਾਰਨਾ ਜ਼ਰੂਰ ਜਾਵੇਗੀ ਕਿ ਇੱਕ ਪੂਰੀ ਕੈਬਨਿਟ ਨੇ ਬੱਜਰ ਗੁਨਾਹ ਕੀਤਾ ਸੀ ਤੇ ਉਹਨਾਂ ਤੋਂ ਬਾਥਰੂਮ ਸਾਫ਼ ਕਰਵਾਏ ਗਏ। ਇਹ ਤਾਂ ਹੋ ਗਈ ਪਹਿਲੇ ਪਹਿਲੂ ਦੀ ਗੱਲ। ਦੂਜਾ ਪਹਿਲੂ ਸੁਖਬੀਰ ਬਾਦਲ ਦੇ ਲਈ ਬਹੁਤ ਔਖਾ ਹੋਵੇਗਾ। ਆਉਂਦੇ ਛੇ ਮਹੀਨੇ ਪੰਜਾਬ ਤੇ ਪੰਥ ਦੀ ਹਿਸਟਰੀ ਤੈਅ ਕਰਨਗੇ ਕਿ ਕਿਹੜੀ ਦਿਸ਼ਾ ਦੇ ਵਿੱਚ ਚੱਲਣਾ ਹੈ। ਇਹ ਪਹਿਲੂ ਦੁਖ਼ਦਾਈ ਹੋਵੇਗਾ। ਅਸੀਂ ਪਹਿਲਾਂ ਵੀ ਕਿਹਾ ਸੀ ਕਿ ਪ੍ਰਕਾਸ਼ ਸਿੰਘ ਬਾਦਲ ਵਰਗਾ ਸਿਆਸਤ ਦਾ ਬੋਹੜ ਹਾਲੇ ਸੁਖਬੀਰ ਬਾਦਲ ਨਹੀਂ ਹੋਇਆ। ਪ੍ਰਕਾਸ਼ ਸਿੰਘ ਬਾਦਲ ਐਸਾ ਹੰਢਿਆ, ਘੁੰਡੀਬਾਜ਼ ਤੇ ਪੈਂਤੜੇਬਾਜ਼ ਸਿਆਸਤਦਾਨ ਸੀ ਜਿਸ ਨੇ ਆਪਣੇ ਸਿਆਸੀ ਬੋਹੜ ਥੱਲੇ ਕੋਈ ਬੂਟਾ ਉੱਗਣ ਨਹੀਂ ਸੀ ਦਿੱਤਾ ਪਰ ਸੁਖਬੀਰ ਬਾਦਲ ਉਹ ਬੋਹੜ ਹੈ ਜਿਸ ਨੂੰ ਬਹੁਤ ਸਾਰੇ ਬੂਟਿਆਂ ਨੇ ਜਕੜ ਕੇ ਅਮਰਵੇਲ ਵਾਂਗੂੰ ਸੁਕਾ ਦਿੱਤਾ ਹੈ। ਜੇ ਫੇਰ ਪੈਰਾਂ ਸਿਰ ਆਉਣਾ ਚਾਹੇ ਤਾਂ ਸੁਖਬੀਰ ਬਾਦਲ ਨੂੰ ਆਪਣੇ ਪਿਤਾ ਦੀਆਂ ਬਹੁਤ ਸਾਰੀਆਂ ਰਮਜ਼ਾਂ ਜਾਂ ਖ਼ਾਸ ਗੁਣਾਂ ਨੂੰ ਅਪਣਾਉਣਾ ਪਵੇਗਾ ਜਿਵੇਂ ਕਿ ਵੱਡੇ ਬਾਦਲ ਹਾਰ ਕੇ ਵੀ ਅਗਲੇ ਦਿਨ ਪਿੰਡ ਪਿੰਡ ਜਾ ਕੇ ਲੋਕਾਂ ਦਾ ਧੰਨਵਾਦ ਕਰਦੇ ਸਨ। ਹਰ ਇੱਕ ਨੂੰ ਕਾਕਾ ਜੀ, ਸਰਦਾਰ ਜੀ, ਸੰਤਰੀ ਸਾਹਿਬ, ਬਾਊ ਜੀ ਕਹਿ ਕੇ ਸਤਿਕਾਰ ਦਿੰਦੇ ਸਨ ਪਰ ਸੁਖਬੀਰ ਬਾਦਲ ਡਿਪਟੀ ਸੀ.ਐਮ. ਬਣਦੇ ਸਾਰ ਹੀ 'ਤੂੰ- ਤੜੱਕ' 'ਤੇ ਉੱਤਰ ਆਏ ਸਨ ਤੇ ਹੁਣ ਤੱਕ ਰਹੇ। ਸੋ ਨਿਮਰਤਾ ਦਾ ਪੱਲਾ ਫ਼ੜਨਾ ਸੁਖਬੀਰ ਬਾਦਲ ਲਈ ਅਤਿ ਜ਼ਰੂਰੀ ਹੋਵੇਗਾ। ਵੈਸੇ ਕਹਿੰਦੇ ਨੇ ਕਿ ਜੜ੍ਹ ਨਾਲੋਂ ਟੁੱਟੀ ਵੇਲ ਸੁੱਕ ਜਾਂਦੀ ਹੈ ਪਰ ਕੋਸ਼ਿਸ਼ ਕਰਨ ਦੇ ਵਿੱਚ ਕੋਈ ਹਰਜ਼ ਵੀ ਨਹੀਂ। ਸੋ ਅਸੀਂ 'ਤੇ ਇਹੀ ਹੱਲਾਸ਼ੇਰੀ ਦੇਵਾਂਗੇ ਕਿ ਹਨ੍ਹੇਰੇ ਤੋਂ ਬਾਅਦ ਚਾਨਣ ਹੁੰਦਾ ਹੈ। ਵੈਸੇ ਐਂਵੇਂ ਦਿਲਾਸੇ ਹੀ ਨੇ। ਉੱਤਰੀ ਕੁੰਜ ਮੁੜ ਕੇ ਸੱਪ ਨਹੀਂ ਬਣਦੀ ਹੁੰਦੀ।

# ਕਿਸਾਨਾਂ ਦੇ ਮਸਲਿਆਂ ਨੂੰ ਹਮਦਰਦੀ ਨਾਲ ਕਿਉਂ ਨਹੀਂ ਨਜਿੱਠਦਾ ਸਰਕਾਰੀ ਤੰਤਰ



ਦਵਿੰਦਰ ਸ਼ਰਮਾ



ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ 'ਤੇ ਇੱਕ ਤਸਵੀਰ ਸਾਂਝੀ ਕੀਤੀ ਗਈ, ਜਿਸ 'ਚ ਕਿਸਾਨਾਂ ਦੀ ਵਧ ਰਹੀ ਪ੍ਰੇਸ਼ਾਨੀ ਤੇ ਉਨ੍ਹਾਂ ਦੀ ਲਗਾਤਾਰ ਹੋ ਰਹੀ ਦੁਰਦਸ਼ਾ ਨੂੰ ਦਰਸਾਇਆ ਗਿਆ ਸੀ। ਵਾਇਰਲ ਹੋਈ ਇਸ ਤਸਵੀਰ ਨੂੰ ਵੇਖ ਕੇ ਕਿਸਾਨਾਂ ਨਾਲ ਹੋ ਰਹੀ ਬੇਰੁਖੀ ਤੇ ਅੱਤਿਆਚਾਰ ਦਾ ਅਹਿਸਾਸ ਹੋਇਆ, ਜਿਸ ਦਾ ਕਿਸਾਨਾਂ ਨੂੰ ਹਰ ਦੂਜੇ ਦਿਨ ਸਾਹਮਣਾ ਕਰਨਾ ਪੈਂਦਾ ਹੈ। ਇਹ ਤਸਵੀਰ ਆਪਣੇ ਆਪ 'ਚ ਦਰਦਨਾਕ ਹੈ, ਜਿਸ ਵਿੱਚ ਇੱਕ ਬਜ਼ੁਰਗ ਕਿਸਾਨ ਪੰਜਾਬ ਦੀ ਇੱਕ ਮੰਡੀ 'ਚ ਆਪਣੇ ਨਾ ਵਿਕੇ ਝੋਨੇ ਦੀ ਢੇਰੀ ਵਿਚਕਾਰ ਹੱਥ ਜੋੜ ਕੇ ਖੜ੍ਹਾ ਹੈ। ਉਹ ਇੱਕ ਸੀਨੀਅਰ ਜ਼ਿਲ੍ਹਾ ਪ੍ਰਸ਼ਾਸਕ ਦੇ ਸਾਹਮਣੇ ਖੜ੍ਹਾ ਹੈ, ਜਿਸ ਦੇ ਨਾਲ ਹੋਰ ਕਈ ਸੀਨੀਅਰ ਅਧਿਕਾਰੀ ਸਨ। ਸ਼ਾਇਦ ਉਹ ਜ਼ਿਲ੍ਹਾ ਪ੍ਰਸ਼ਾਸਕ ਉਸ ਸਮੇਂ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਦੋਂ ਝੋਨਾ ਆਮ ਵਾਂਗ ਨਹੀਂ ਚੁੱਕਿਆ ਜਾ ਰਿਹਾ ਸੀ। ਇਹ ਤੱਥ ਹੈ ਕਿ ਕਿਸਾਨ ਬੇਵੱਸ ਹੋਣ ਕਰਕੇ ਆਪਣੀ ਬੇਚਾਰਗੀ ਦੇ ਚਲਦਿਆਂ ਪ੍ਰਸ਼ਾਸਨ ਅੱਗੇ ਹੱਥ ਜੋੜ ਕੇ ਉਨ੍ਹਾਂ ਨੂੰ ਬਚਾਉਣ ਦੀ ਬੇਨਤੀ ਕਰ ਰਹੇ ਹਨ, ਜੋ ਬਹੁਤ ਹੀ ਮੰਦਭਾਗਾ ਹੈ। ਦੇਸ਼ ਦਾ ਢਿੱਡ ਭਰਨ ਵਾਲੇ ਇਹ ਲੋਕ ਇੰਨੇ ਲਾਚਾਰ ਹੋਏ ਪਏ ਹਨ ਕਿ ਉਨ੍ਹਾਂ ਨੂੰ ਸਰਕਾਰੀ ਅਧਿਕਾਰੀਆਂ ਅੱਗੇ ਝੋਨੇ ਦੀ ਸੁਸਤ ਚਾਲ ਖਰੀਦ ਨੂੰ ਤੇਜ਼ ਕਰਨ ਤੇ ਵਾਜਬ ਮੁੱਲ ਲੈਣ ਲਈ ਮਿਨਤਾਂ ਕਰਨੀਆਂ ਪੈ ਰਹੀਆਂ ਹਨ ਤਾਂ ਜੋ ਉਹ ਆਪਣੀ ਫਸਲ ਨੂੰ ਵੇਚ ਕੇ ਅਗਲੀ ਫਸਲ ਬੀਜਣ ਲਈ ਖੇਤਾਂ ਨੂੰ ਤਿਆਰ ਕਰ ਸਕਣ।

ਇਹ ਤੱਥ ਦਰਸਾਉਂਦਾ ਹੈ ਕਿ ਕਿਸਾਨਾਂ ਨੂੰ ਹੌਲੀ-ਹੌਲੀ ਗੰਭੀਰ ਸੰਕਟ ਵੱਲ ਧੱਕਿਆ ਜਾ ਰਿਹਾ ਹੈ, ਉਨ੍ਹਾਂ ਪ੍ਰਤੀ ਵਿਵਸਥਾ (ਸਿਸਟਮ) ਕਿੰਨੀ ਸੰਵੇਦਨਹੀਣ ਹੋ ਚੁੱਕੀ ਹੈ ? ਜੇ ਇਸ ਸਾਲ ਝੋਨੇ ਦੀ ਰਿਕਾਰਡ ਪੈਦਾਵਾਰ ਹੋਣ ਬਾਅਦ ਵੀ ਕਿਸਾਨਾਂ ਨੂੰ ਮੰਡੀਆਂ 'ਚ ਆਪਣੀ ਫਸਲ ਵੇਚਣ ਲਈ ਇੰਨੀ ਉਡੀਕ ਕਰਨੀ ਪਈ ਹੈ ਤਾਂ ਇਸ ਤੋਂ ਪਤਾ ਲੱਗਦਾ ਹੈ ਕਿ ਦੋਵੇਂ ਸਰਕਾਰਾਂ-ਕੇਂਦਰ ਤੇ ਸੂਬਾ ਸਰਕਾਰ ਕਿਸਾਨਾਂ ਨਾਲ ਕਿਹੋ ਜਿਹਾ ਸਲੂਕ ਕਰ ਰਹੀਆਂ ਹਨ। ਫਿਰੋਜ਼ਪੁਰ ਮੰਡੀ 'ਚ ਝੋਨੇ ਦੀਆਂ ਬੋਰੀਆਂ 'ਤੇ ਬੈਠੇ ਨਿਰਾਸ਼ ਕਿਸਾਨ ਨੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਅਸੀਂ ਆਪਣੀ ਫਸਲ ਸਮੇਂ ਸਿਰ ਨਹੀਂ ਵੇਚ ਸਕਦੇ ਤਾਂ ਸਾਨੂੰ ਦੱਸੋ, ਅਸੀਂ ਆਪਣੇ ਬੱਚਿਆਂ ਨੂੰ ਇਥੇ ਕਿਉਂ ਰੁਲਣ ਦੇਈਏ ? ਉਹ ਤਾਂ ਚਾਹੇਗਾ ਕਿ ਉਨ੍ਹਾਂ ਦੇ ਬੱਚੇ ਕੈਨੇਡਾ ਜਾਂ ਆਸਟ੍ਰੇਲੀਆ ਚਲੇ ਜਾਣ। ਇੱਕ ਹੋਰ ਕਿਸਾਨ ਦਾ ਸਪੱਸ਼ਟ ਰੂਪ 'ਚ ਕਹਿਣਾ ਸੀ ਕਿ ਸਾਨੂੰ ਕੇਂਦਰ ਵਲੋਂ ਪੇਸ਼ ਕੀਤੇ 3 ਵਿਵਾਦਤ ਖੇਤੀ ਕਾਨੂੰਨਾਂ ਨੂੰ ਸਰਕਾਰ ਨੂੰ ਵਾਪਸ ਲੈਣ ਲਈ ਮਜਬੂਰ ਕਰਨ ਦੀ ਸਜ਼ਾ ਦਿੱਤੀ ਜਾ ਰਹੀ ਹੈ। ਸ਼ਾਇਦ ਸਰਕਾਰ ਉਨ੍ਹਾਂ ਦਿਨਾਂ ਨੂੰ ਭੁੱਲ ਗਈ ਹੈ, ਜਦੋਂ ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਭੁੱਖਮਰੀ ਦੇ ਜਾਲ 'ਚੋਂ ਬਾਹਰ ਕੱਢਿਆ ਸੀ।

ਮੈਂ ਇਹ ਸੁਣ ਕੇ ਸੁੰਨ ਰਹਿ ਗਿਆ। ਦੋ ਹੋਰ ਘਟਨਾਵਾਂ ਦੀ ਯਾਦ ਦਿਵਾਉਂਦਾ ਹੈ, ਜੋ ਸਮਾਜ 'ਚ ਕਿਸਾਨੀ ਭਾਈਚਾਰੇ ਪ੍ਰਤੀ ਵਧ ਰਹੀ ਬੇਰੁਖੀ ਨੂੰ ਦੂਰ ਕਰਨ 'ਚ ਨਾਕਾਮ ਰਹਿਣ ਨੂੰ ਦਰਸਾਉਂਦੀਆਂ ਹਨ। ਕੁਝ ਦਿਨ ਪਹਿਲਾਂ ਅਸੀਂ ਮੱਧ ਪ੍ਰਦੇਸ਼ ਦੇ ਇੱਕ ਕਿਸਾਨ ਦਾ ਇਕ ਛੋਟਾ ਜਿਹਾ ਵੀਡੀਓ ਵੇਖਿਆ, ਜਿਸ 'ਚ ਉਹ ਆਪਣੀ 'ਚੋਰੀ ਕੀਤੀ ਗਈ' ਜ਼ਮੀਨ ਵਾਪਸ ਲੈਣ ਲਈ ਮੰਦਸੌਰ ਦੇ ਜ਼ਿਲ੍ਹਾ ਕੁਲੈਕਟਰ ਦਫ਼ਤਰ ਦੇ ਫਰਸ਼ 'ਤੇ ਹੱਥ ਜੋੜ ਕੇ ਲੰਮਾ ਪਿਆ ਹੈ। ਅਖ਼ਬਾਰਾਂ ਦੀ ਰਿਪੋਰਟ ਮੁਤਾਬਿਕ ਇਹ ਕਿਸਾਨ ਉਥੇ ਕੰਮ ਕਰਦੇ ਇਕ ਸਰਕਾਰੀ ਅਧਿਕਾਰੀ ਵਲੋਂ ਹੜੱਪੀ ਗਈ ਆਪਣੀ ਜ਼ਮੀਨ ਵਾਪਸ ਲੈਣ ਲਈ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸੂਬੇ ਦੇ ਮੁੱਖ ਮੰਤਰੀ ਤੱਕ ਨੂੰ ਮਦਦ ਕਰਨ ਦੀ ਅਪੀਲ ਕਰ ਚੁੱਕਾ ਹੈ। ਮੈਨੂੰ ਯਕੀਨ ਨਹੀਂ ਕਿ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੇ ਪੀੜਤ ਕਿਸਾਨ ਦੀ ਬੇਨਤੀ ਨੂੰ ਧਿਆਨਪੂਰਵਕ ਸੁਣਿਆ ਹੋਵੇਗਾ ਤੇ ਉਕਤ ਅਧਿਕਾਰੀ ਖ਼ਿਲਾਫ਼ ਕੋਈ ਉਚਿਤ ਕਾਰਵਾਈ ਸ਼ੁਰੂ ਕੀਤੀ ਹੋਵੇਗੀ। ਪਰ ਪ੍ਰੇਸ਼ਾਨ ਕਰਨ ਵਾਲਾ ਸਵਾਲ ਇਹ ਹੈ ਕਿ ਕਿਸਾਨਾਂ ਦੀਆਂ ਸ਼ਿਕਾਇਤਾਂ ਨੂੰ ਉਵੇਂ ਜਲਦੀ ਹੱਲ ਕਿਉਂ ਨਹੀਂ ਕੀਤਾ ਜਾਂਦਾ, ਜਿੰਨੀ ਜਲਦੀ ਉਦਯੋਗ ਜਗਤ ਨਾਲ ਸੰਬੰਧਿਤ ਸ਼ਿਕਾਇਤਾਂ ਦਾ ਨਿਪਟਾਰਾ ਹੋ ਜਾਂਦਾ ਹੈ ? ਕੀ 'ਈਜ਼ ਆਫ ਡੂਇੰਗ ਬਿਜ਼ਨਸ' ਦੀ ਤਰ੍ਹਾਂ 'ਈਜ਼ ਆਫ ਡੂਇੰਗ ਫਾਰਮਿੰਗ' ਲਈ ਕੋਈ ਅਜਿਹੀ ਪਹਿਲਕਦਮੀ ਕੀਤੀ ਜਾ ਸਕਦੀ ਹੈ ?

ਇੱਕ ਹੋਰ ਘਟਨਾ ਜੋ ਮੇਰੇ ਦਿਮਾਗ ਵਿੱਚ ਆਉਂਦੀ ਹੈ ਉਹ ਵੀ ਬਹੁਤ ਦੁਖਦਾਈ ਹੈ। ਕਰਨਾਟਕ ਦੇ ਸ਼ਿਮੋਗਾ ਜ਼ਿਲ੍ਹੇ 'ਚ ਕੁਝ ਮਹੀਨੇ ਪਹਿਲਾਂ ਇੱਕ ਕਿਸਾਨ ਨੂੰ ਬੈਂਕ ਵਲੋਂ ਕਰਜ਼ੇ ਦੀ ਬਕਾਇਆ ਰਕਮ ਤੁਰੰਤ ਵਾਪਸ ਕਰਨ ਲਈ ਕਿਹਾ ਗਿਆ। ਮੀਡੀਆ ਰਿਪੋਰਟਾਂ ਮੁਤਾਬਿਕ ਉਸ ਇਲਾਕੇ 'ਚ ਆਵਾਜਾਈ ਉਪਲਬੱਧ ਨਾ ਹੋਣ ਕਰਕੇ ਕਿਸਾਨ 15 ਕਿਲੋਮੀਟਰ ਪੈਦਲ ਚੱਲ ਕੇ ਬੈਂਕ ਪੁੱਜਾ। ਬੈਂਕ ਪੁੱਜਣ 'ਤੇ ਉਸ ਨੂੰ ਪਤਾ ਲੱਗਾ ਕਿ ਉਸ ਨੇ ਬੈਂਕ ਦੇ ਸਿਰਫ਼ 3.46 ਰੁਪਏ ਦੇਣੇ ਸਨ। ਬੈਂਕ ਵਲੋਂ ਜਿਸ ਬੇਰੁਖੀ ਤੇ ਕਾਹਲੀ ਨਾਲ ਕਿਸਾਨ ਨੂੰ ਬਕਾਇਆ ਮੋੜਨ ਲਈ ਕਿਹਾ ਗਿਆ, ਇਹ ਬੈਂਕਾਂ ਦੇ ਦੋਹਰੇ ਚਰਿੱਤਰ ਨੂੰ ਦਰਸਾਉਂਦਾ ਹੈ। ਇੱਕ ਪਾਸੇ ਬੈਂਕਾਂ ਲਈ ਕਿਸਾਨਾਂ ਦੀ ਛੋਟੀ ਜਿਹੀ ਬਕਾਇਆ ਰਕਮ ਵੀ ਘਬਰਾਹਟ ਦੀ ਸਥਿਤੀ ਬਣ ਜਾਂਦੀ ਹੈ, ਪਰ ਜਦੋਂ ਗੱਲ ਕਾਰਪੋਰੇਟ ਡਿਫਾਲਟਰਾਂ ਦੇ ਸੈਂਕੜੇ ਕਰੋੜਾਂ ਦੇ ਡੁੱਬੇ ਕਰਜ਼ਿਆਂ ਦੀ ਆਉਂਦੀ ਹੈ ਤਾਂ ਇਨ੍ਹਾਂ ਨੂੰ ਇਕੋ ਝਟਕੇ 'ਚ ਮੁਆਫ (ਰਾਈਟ ਆਫ) ਕਰ ਦਿੱਤਾ ਜਾਂਦਾ ਹੈ। ਰਿਕਾਰਡ ਲਈ, ਪਿਛਲੇ 10 ਸਾਲਾਂ 'ਚ 15 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੇ ਕਾਰਪੋਰੇਟ ਕਰਜ਼ੇ ਮੁਆਫ ਕੀਤੇ ਗਏ ਹਨ।

ਇਹ ਵੇਖਣਾ ਖ਼ੁਸ਼ੀ ਦੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਕਿਸਾਨਾਂ ਨਾਲ ਹਮਦਰਦੀ ਕਰਦਿਆਂ ਕਰਨਾਟਕ ਸਰਕਾਰ ਦੁਆਰਾ ਦਾਇਰ ਇੱਕ ਮਾਮਲੇ ਨੂੰ ਖਾਰਜ ਕਰ ਦਿੱਤਾ ਹੈ, ਜਿਸ 'ਚ ਕ੍ਰਿਸ਼ਨਾ ਨਦੀ ਦੇ ਹਿੱਪਰਗੀ ਪ੍ਰਮੁੱਖ ਸਿੰਚਾਈ ਪ੍ਰਾਜੈਕਟ ਦੇ ਨਿਰਮਾਣ ਲਈ ਕਿਸਾਨਾਂ ਤੋਂ ਐਕੁਆਇਰ ਕੀਤੀ ਜ਼ਮੀਨ ਲਈ ਮੁਆਵਜ਼ੇ ਨੂੰ ਵਧਾਉਣ ਦੇ ਹਾਈਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਗਈ ਸੀ। ਜਸਟਿਸ ਸੂਰਿਆ ਕਾਂਤ ਤੇ ਉੱਜਲ ਭੂਯਾਨ ਦੇ ਬੈਂਚ ਨੇ ਕਰਨਾਟਕ ਸਰਕਾਰ ਦੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਕਿਸਾਨ ਸੰਕਟਗ੍ਰਸਤ ਹਨ ਤੇ ਸੂਬੇ 'ਚ ਹਰ ਸਾਲ ਹਜ਼ਾਰਾਂ ਕਿਸਾਨ ਖ਼ੁਦਕੁਸ਼ੀਆਂ ਕਰਦੇ, ਉਨ੍ਹਾਂ ਨੂੰ ਜੀਵਤ ਰਹਿਣ ਦੇਣਾ ਚਾਹੀਦਾ ਹੈ। ਬੈਂਚ ਨੇ ਕਿਹਾ ਕਿਸਾਨ ਬਹੁਤ ਦੁਖੀ ਹਨ, ਜੇਕਰ ਤੁਸੀਂ ਵਧੇ ਹੋਏ ਮੁਆਵਜ਼ੇ ਦਾ ਭੁਗਤਾਨ ਨਹੀਂ ਕਰਨਾ ਚਾਹੁੰਦੇ ਤਾਂ ਕਿਸਾਨਾਂ ਨੂੰ ਜ਼ਮੀਨ ਵਾਪਸ ਕਿਉਂ ਨਹੀਂ ਕਰ ਦਿੰਦੇ। ਬੈਂਚ ਨੇ ਕਿਹਾ ਕਿ ਕਿਸਾਨਾਂ ਨੂੰ ਉਚਿਤ ਮੁਆਵਜ਼ੇ ਦੀ ਲੋੜ ਹੈ ਤੇ ਉਨ੍ਹਾਂ ਨੂੰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਦੇ ਇਸ ਮਾਮਲੇ 'ਚ ਦਿਆਲਤਾ ਵਾਲੇ ਫ਼ੈਸਲੇ ਨੂੰ ਅਪਵਾਦ ਦੀ ਬਜਾਏ ਆਦਰਸ਼ ਬਣਨਾ ਚਾਹੀਦਾ ਹੈ। ਮੀਡੀਆ ਰਿਪੋਰਟਾਂ (ਡੇਕਨ ਹੇਰਾਲਡ 19 ਨਵੰਬਰ 2024) ਅਨੁਸਾਰ 2013 ਤੋਂ 2024 ਵਿਚਕਾਰ 11 ਸਾਲਾਂ ਦੇ ਅਰਸੇ ਦੌਰਾਨ ਸੂਬੇ 'ਚ 8,245 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਸਰਕਾਰੀ ਅੰਕੜਿਆਂ ਅਨੁਸਾਰ ਕਰਨਾਟਕ 'ਚ ਅਪ੍ਰੈਲ 2024 ਤੋਂ ਅਗਸਤ 2024 ਦੇ ਵਿਚਕਾਰ ਸਿਰਫ਼ 5 ਮਹੀਨਿਆਂ ਦੌਰਾਨ 1,214 ਕਿਸਾਨਾਂ ਵਲੋਂ ਖ਼ੁਦਕੁਸ਼ੀਆਂ ਕੀਤੀਆਂ ਗਈਆਂ ਹਨ।

ਮੇਰਾ ਇਹ ਵੱਡਾ ਸਵਾਲ ਹੈ ਕਿ ਜਦੋਂ ਕਿਸਾਨਾਂ ਦੇ ਮਸਲਿਆਂ ਨਾਲ ਨਜਿੱਠਣ ਦੀ ਗੱਲ ਆਉਂਦੀ ਹੈ ਤਾਂ ਸਰਕਾਰੀ ਤੰਤਰ ਮਾਨਵਤਾ ਤੇ ਵੱਡੇ ਦਿਲ ਦਾ ਪ੍ਰਦਰਸ਼ਨ ਕਿਉਂ ਨਹੀਂ ਕਰਦਾ ? ਸਿਸਟਮ 'ਚ ਕੇਂਦਰ ਦੇ ਚੋਟੀ ਤੋਂ ਲੈ ਕੇ ਜ਼ਿਲ੍ਹਾ ਪੱਧਰ ਦੇ ਸਭ ਤੋਂ ਹੇਠਲੇ ਮਾਲੀਆ ਅਧਿਕਾਰੀ ਤੱਕ ਕਿਸਾਨਾਂ ਪ੍ਰਤੀ ਹਮਦਰਦ ਤੇ ਦਿਆਲੂ ਕਿਉਂ ਨਹੀਂ ਹੁੰਦੇ ? ਇੱਕ ਕਿਸਾਨ ਨੂੰ ਆਪਣੀ ਜ਼ਮੀਨ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ 'ਚ ਕਿਉਂ ਰੁਲਣਾ ਪੈਂਦਾ ਹੈ ਤੇ ਇੱਕ ਕਿਸਾਨ ਨੂੰ ਮਹਿਜ਼ 3.46 ਰੁਪਏ ਦਾ ਬਕਾਇਆ ਬੈਂਕ ਨੂੰ ਮੋੜਨ ਲਈ 15 ਕਿਲੋਮੀਟਰ ਕਿਉਂ ਤੁਰਨਾ ਪੈਂਦਾ ਹੈ ? ਇੱਕ ਬੇਵੱਸ ਕਿਸਾਨ ਨੂੰ ਬਿਨਾਂ ਕਿਸੇ ਕਸੂਰ ਦੇ ਇੱਕ ਜ਼ਿਲ੍ਹਾ ਅਧਿਕਾਰੀ ਅੱਗੇ ਹੱਥ ਜੋੜ ਕੇ ਕਿਉਂ ਖੜ੍ਹਨਾ ਪੈਂਦਾ ਹੈ ? ਹੋਰ ਤਾਂ ਹੋਰ ਸਭ ਨੂੰ ਪਤਾ ਹੈ ਕਿ ਇਸ ਸਮੇਂ ਵਿਕਾਸ ਦੇ ਨਾਂ 'ਤੇ ਸਭ ਦੀਆਂ ਨਜ਼ਰਾਂ ਜ਼ਮੀਨਾਂ ਹੜੱਪਣ 'ਤੇ ਟਿਕੀਆਂ ਹੋਈਆਂ ਹਨ ਤੇ ਉਹ ਜ਼ਮੀਨ ਮਾਲਕਾਂ ਨੂੰ ਸਹੀ ਮੁਆਵਜ਼ਾ ਦੇਣ ਤੋਂ ਵੀ ਇਨਕਾਰੀ ਹਨ। ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ, ਜਦੋਂ ਕਿਸਾਨਾਂ ਨੂੰ ਪੁਲਿਸ ਦੀ ਕੁੱਟ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਉਹ ਆਪਣੀਆਂ ਮਹਿੰਗੇ ਭਾਅ ਦੀਆਂ ਜ਼ਮੀਨਾਂ ਨੂੰ ਘੱਟ ਕੀਮਤ 'ਤੇ ਐਕਵਾਇਰ ਕੀਤੇ ਜਾਣ ਦਾ ਵਿਰੋਧ ਕਰਦੇ ਹਨ। ਆਦਿਵਾਸੀਆਂ ਨੂੰ ਉਨ੍ਹਾਂ ਦੇ ਜੰਗਲਾਂ ਤੋਂ ਖਦੇੜਿਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਦੀਆਂ ਜ਼ਮੀਨਾਂ ਦੀ ਕਾਰਪੋਰੇਟਾਂ ਨੂੰ ਲੋੜ ਹੁੰਦੀ ਹੈ, ਦਰਖਤਾਂ ਨੂੰ ਬੜੀ ਬੇਰਹਿਮੀ ਨਾਲ ਵੱਢਿਆ ਜਾ ਰਿਹਾ ਹੈ। ਇਸੇ ਤਰਾਂ ਮੈਂ ਵੇਖਿਆ ਹੈ ਕਿ ਔਸਤ ਖਪਤਕਾਰ ਵੀ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਵੱਧ ਕੀਮਤ ਦੇਣ ਲਈ ਤਿਆਰ ਨਹੀਂ ਹਨ। ਕਿਸਾਨਾਂ ਲਈ ਪੱਕੇ ਤੇ ਲਾਹੇਵੰਦ ਭਾਅ ਦੀ ਗੱਲ ਕੀਤੀ ਜਾਂਦੀ ਹੈ ਤਾਂ ਸੋਸ਼ਲ ਮੀਡੀਆ 'ਤੇ ਕਿਸਾਨਾਂ ਖਿਲਾਫ਼ ਟ੍ਰੋਲਿੰਗ ਸ਼ੁਰੂ ਹੋ ਜਾਂਦੀ ਹੈ। ਇਹ ਸਭ ਬਦਲਣਾ ਚਾਹੀਦਾ ਹੈ। ਆਖਰਕਾਰ ਆਜ਼ਾਦੀ ਦੇ 76 ਸਾਲਾਂ ਬਾਅਦ ਜਦੋਂ ਖੇਤੀ ਆਮਦਨ ਦੀ ਗੱਲ ਆਉਂਦੀ ਹੈ ਤਾਂ ਭਾਰਤੀ ਕਿਸਾਨ ਖੇਤੀ ਤੋਂ ਹੋਣ ਵਾਲੀ ਆਮਦਨ ਦੇ ਮਾਮਲੇ 'ਚ ਸਮਾਜ 'ਚ ਸਭ ਤੋਂ ਹੇਠਲੇ ਪੱਧਰ 'ਤੇ ਹਨ। ਪੂਰੀ ਕੋਸ਼ਿਸ਼ ਦੇ ਬਾਵਜੂਦ ਕੇਵਲ 10,218 ਦੀ ਔਸਤ ਮਹੀਨਾਵਾਰ ਆਮਦਨ ਨਾਲ ਉਨ੍ਹਾਂ ਨੂੰ ਘੱਟ ਕਰਕੇ ਵਿਖਾਉਣਾ ਉਨ੍ਹਾਂ ਨਾਲ ਅਣਮਨੁੱਖੀ ਵਰਤਾਉ ਕਰਨ ਵਾਂਗ ਹੈ, ਜਿਵੇਂ ਉਹ ਕਿਸੇ ਛੋਟੇ ਦੇਵਤੇ ਦੀ ਸੰਤਾਨ ਹੋਣ। ਆਓ ਕਿਸਾਨਾਂ ਪ੍ਰਤੀ ਸੰਜੀਦਾ ਹੋਈਏ, ਉਨ੍ਹਾਂ ਨੂੰ ਸਨਮਾਨ ਪ੍ਰਦਾਨ ਕਰਕੇ ਬਦਲੇ 'ਚ ਉਨ੍ਹਾਂ ਦਾ ਖੇਤੀ ਪ੍ਰਤੀ ਮਾਣ ਬਹਾਲ ਕਰਨ ਵਿੱਚ ਮਦਦ ਕਰੀਏ।

# ਪੰਜਾਬ ’ਚ ਵੋਟਰਾਂ ਨੇ ਕੀਤਾ ਉਲਟ-ਫੇਰ



ਦਰਬਾਰਾ ਸਿੰਘ ਕਾਹਲੋਂ
ਸਾਬਕਾ ਰਾਜ ਕਮਿਸ਼ਨਰ, ਪੰਜਾਬ)

ਅਕਸਰ ਭਾਰਤੀ ਰਾਜਨੀਤੀ ਵਿਚ ਸੱਤਾ ਪੱਖ ਵੱਲੋਂ ਲੋਕਤੰਤਰੀ ਸਿਹਤਮੰਦ ਅਸੂਲਾਂ ਤੇ ਰਵਾਇਤਾਂ ਦੇ ਉਲਟ ਰਾਜ ਸ਼ਕਤੀ ਬਲਬੂਤੇ ਜ਼ਰੂਰੀ ਬੁਰਾਈ ਦੇ ਅਮਲ ਅਧੀਨ ਸਾਮ, ਦਾਮ, ਦੰਡ, ਭੇਦ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰਦੇ ਜ਼ਿਮਨੀ ਚੋਣਾਂ ਵਿਚ ਜਿੱਤ ਪ੍ਰਾਪਤ ਕਰ ਲਈ ਜਾਂਦੀ ਹੈ। ਪੰਜਾਬ ਵਿੱਚ ਚਾਰ ਵਿਧਾਨ ਸਭਾ ਹਲਕਿਆਂ ਜਿਵੇਂ ਡੇਰਾ ਬਾਬਾ ਨਾਨਕ (ਗੁਰਦਾਸਪੁਰ), ਗਿੱਦੜਬਾਹਾ (ਮੁਕਤਸਰ), ਬਰਨਾਲਾ ਅਤੇ ਚੱਬੇਵਾਲ (ਹੁਸ਼ਿਆਰਪੁਰ) ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚੋਂ ਤਿੰਨ ਹਲਕਿਆਂ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਜਿੱਤ ਪ੍ਰਾਪਤ ਕਰਦੇ ਹੋਏ ਕੁਝ ਐਸਾ ਹੀ ਪ੍ਰਭਾਵ ਛੱਡਿਆ ਹੈ। ਜੇ ਇਨ੍ਹਾਂ ਚੋਣਾਂ ਦਾ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਪੰਜਾਬ ਦੇ ਵੋਟਰਾਂ ਨੇ ਗਜ਼ਬ ਦਾ ਰਾਜਨੀਤਕ ਉਲਟਫੇਰ ਕਰਦੇ ਹੋਏ ਸਭ ਨੂੰ ਹੈਰਾਨ ਕਰ ਦਿੱਤਾ।

ਜਿਨ੍ਹਾਂ ਤਿੰਨ ਹਲਕਿਆਂ ਵਿੱਚ ਕਾਂਗਰਸ ਇਨ੍ਹਾਂ ਚੋਣਾਂ ਤੋਂ ਪਹਿਲਾਂ ਕਾਬਜ਼ ਸੀ, ਉੱਥੇ ਪੰਜਾਬ ਦੇ ਵੋਟਰਾਂ ਨੇ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫ਼ਤਵਾ ਦਿੱਤਾ। ‘ਆਪ’ ਦੀ ਮਜ਼ਬੂਤ ਸੀਟ ਬਰਨਾਲਾ ਜਿਸ ’ਤੇ ਮੀਤ ਹੇਅਰ (ਸਾਂਸਦ) ਦਾ ਪੱਕਾ ਕਿਲ੍ਹਾ ਕਾਇਮ ਸੀ, ਉਸ ਨੂੰ ਕਾਂਗਰਸ ਪਾਰਟੀ ਨੇ ਢਹਿ-ਢੇਰੀ ਕੀਤਾ। ਇਹ ਬਹੁਤ ਹੀ ਅਚੰਭੇ ਅਤੇ ਚਿਤਾਵਨੀ ਭਰੀ ਚੁਣੌਤੀ ਆਮ ਆਦਮੀ ਪਾਰਟੀ ਸਨਮੁੱਖ ਉੱਭਰ ਕੇ ਸਾਹਮਣੇ ਆਈ ਹੈ। ਇਹ ਮੁੱਖ ਮੰਤਰੀ ਭਗਵੰਤ ਮਾਨ ਦੀ ਲੀਡਰਸ਼ਿਪ ਲਈ ਵੀ ਵੱਡੀ ਚੁਣੌਤੀ ਉੱਭਰੀ ਹੈ ਅਤੇ ਉਸ ’ਤੇ ਪ੍ਰਸ਼ਨ ਚਿੰਨ੍ਹ ਵੀ ਖੜ੍ਹਾ ਕਰਦੀ ਹੈ ਕਿ ਉਹ ਘਰ ਦੇ ਭੇਤੀ ਵੱਲੋਂ ਲੰਕਾ ਢਾਹੁਣ ਦੀ ਪ੍ਰਕਿਰਿਆ ਨੂੰ ਰੋਕਣ ਵਿੱਚ ਨਾਕਾਮ ਰਹੇ।

ਡੇਰਾ ਬਾਬਾ ਨਾਨਕ ਜੋ ਕਦੇ ਮਰਹੂਮ ਤਾਕਤਵਰ ਤੇ ਪ੍ਰਬੁੱਧ ਰਾਜਨੀਤੀਵਾਨ ਅਕਾਲੀ ਆਗੂ ਸਾਬਕਾ ਮੰਤਰੀ ਤੇ ਸਪੀਕਰ ਰਹੇ ਮਰਹੂਮ ਨਿਰਮਲ ਸਿੰਘ ਕਾਹਲੋਂ ਦਾ ਗੜ੍ਹ ਸੀ ਤੇ ਕਾਂਗਰਸ ਦੇ ਅਜੋਕੇ ਰਾਸ਼ਟਰੀ ਪੱਧਰ ’ਤੇ ਉੱਭਰੇ ਆਗੂ, ਰਾਜਸਥਾਨ ਵਰਗੇ ਮਹੱਤਵਪੂਰਨ ਰਾਜ ਦੇ ਕਾਂਗਰਸ ਪਾਰਟੀ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਨੇ ਕਬਜ਼ਾ ਜਮਾ ਕੇ ਪੱਕੀ ਕਿਲ੍ਹਾਬੰਦੀ ਕਰ ਰੱਖੀ ਸੀ, ਉਸ ਸੀਟ ’ਤੇ ਆਮ ਆਦਮੀ ਪਾਰਟੀ ਜਿੱਤ ਗਈ। ਸਭ ਜਾਣਦੇ ਹਨ ਕਿ ਕਿਵੇਂ ਅੱਖ ਦੇ ਫੋਰ ਵਿੱਚ ਹੋਏ ਫੇਰਬਦਲ ਕਰਕੇ ਕੈਪਟਨ ਅਮਰਿੰਦਰ ਸਿੰਘ ਨੂੰ ਲਾਂਭੇ ਕਰਨ ਮਗਰੋਂ ਉਹ ਰਾਜ ਦੇ ਮੁੱਖ ਮੰਤਰੀ ਬਣਦੇ-ਬਣਦੇ ਰਹਿ ਗਏ ਸਨ ਅਤੇ ਉਨ੍ਹਾਂ ਨੂੰ ਉੱਪ ਮੁੱਖ ਮੰਤਰੀ ਬਣ ਕੇ ਹੀ ਸਬਰ ਕਰਨਾ ਪਿਆ ਸੀ। ਹੁਣ ਉਨ੍ਹਾਂ ਦੀ ਅੱਖ ਮਹਾਂਭਾਰਤ ਦੇ ਨਾਇਕ ਅਰਜਨ ਵੱਲੋਂ ਮੱਛੀ ਦੀ ਅੱਖ ਵਾਂਗ ਮੁੱਖ ਮੰਤਰੀ ਪੰਜਾਬ ਦੀ ਕੁਰਸੀ ’ਤੇ ਸੀ। ਉਨ੍ਹਾਂ ਦੇ ਮਰਹੂਮ ਪਿਤਾ ਮਰਹੂਮ ਕੈਬਨਿਟ ਮੰਤਰੀ ਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਬਹੁਤ ਹੀ ਵਧੀਆ ਨੇਤਾ ਵੀ ਮੁੱਖ ਮੰਤਰੀ ਪਦ ਤੋਂ ਖੁੰਝ ਗਏ ਸਨ।

ਅਕਾਲੀ ਸਰਕਾਰਾਂ ਵਿੱਚ ਰਹੇ ਧੱਕੜਸ਼ਾਹ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਇੱਕ ਔਰਤ ਨਾਲ ਅਸ਼ਲੀਲ ਸਟਿੰਗ ਆਪ੍ਰੇਸ਼ਨ ਪਿੱਛੇ ਉਨ੍ਹਾਂ ਵੱਲੋਂ ਸਾਜ਼ਿਸ਼ ਸਬੰਧੀ ਨਾਂ ਵੱਜਦਾ ਰਿਹਾ ਹੈ। ਐਤਕੀਂ ਸੰਨ 1992 ਦੀਆਂ ਵਿਧਾਨ ਸਭਾ ਚੋਣਾਂ ਵਾਂਗ ਇਨ੍ਹਾਂ ਉੱਪ ਚੋਣਾਂ ਨੂੰ ਅਕਾਲੀ ਦਲ ਵੱਲੋਂ ਨਾ ਲੜਨ ਦੇ ਫ਼ੈਸਲੇ ਸਨਮੁੱਖ ਲੰਗਾਹ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਸਿੱਧਾ ਰਾਬਤਾ ਕਾਇਮ ਕਰ ਕੇ ਸੁਖਜਿੰਦਰ ਰੰਧਾਵੇ ਤੋਂ ਬਦਲਾ ਲੈਣ ਦਾ ਸ਼ਰੇਆਮ ਐਲਾਨ ਕਰ ਦਿੱਤਾ ਸੀ ਜਿਸ ’ਤੇ ਅਕਾਲੀ ਲੀਡਰਸ਼ਿਪ ਸਮੇਤ ਬਿਕਰਮ ਮਜੀਠੀਆ ਚੁੱਪ ਰਹੇ।

ਮਰਹੂਮ ਨਿਰਮਲ ਸਿੰਘ ਕਾਹਲੋਂ ਦਾ ਪੁੱਤਰ ਰਵੀਕਰਨ ਸਿੰਘ ਕਾਹਲੋਂ ਜੋ ਕਿਸੇ ਵੇਲੇ ਨੌਜਵਾਨ ਅਕਾਲੀ ਲੀਡਰਸ਼ਿਪ ਦਾ ਚਮਕਦਾ ਸਿਤਾਰਾ ਸੀ ਤੇ ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ’ਚ ਸਿਰਫ਼ 466 ਵੋਟਾਂ ਦੇ ਫ਼ਰਕ ਨਾਲ ਸੁਖਜਿੰਦਰ ਰੰਧਾਵੇ ਤੋਂ ਹਾਰਿਆ ਸੀ, ਦਾ ਭਾਜਪਾ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਉਸ ਦਾ ਸਿਆਸੀ ਭਵਿੱਖ ਬਰਬਾਦ ਕਰ ਗਿਆ। ਉਸ ਨੂੰ ਇਸ ਵਾਰ ਸ਼ਰਮਨਾਕ 6505 ਵੋਟਾਂ ਪਈਆਂ। ਜੇ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੁੰਦਾ ਤਾਂ ਗੁਰਦੀਪ ਰੰਧਾਵੇ ਦੀ 5699 ਵੋਟਾਂ ਦੀ ਲੀਡ ਨਾਲੋਂ ਕਿਤੇ ਵੱਧ ਲੀਡ ਨਾਲ ਜਿੱਤਦਾ। ਜਾਂ ਫਿਰ ਅਕਾਲੀ ਦਲ ਵਿੱਚ ਹੀ ਬਣਿਆ ਰਹਿੰਦਾ ਤਾਂ ਲੰਗਾਹ ਵਰਗਾ ਮੁੜ ਸਿਆਸੀ ਸਫ਼ਾਂ ਵਿੱਚ ਅੱਗੇ ਨਾ ਆਉਂਦਾ।

ਖ਼ੈਰ! ਸੁਖਜਿੰਦਰ ਰੰਧਾਵੇ ਨੇ ਬੜੀ ਤਕੜੀ ਟੱਕਰ ਦਿੱਤੀ ਪਰ ਆਮ ਆਦਮੀ ਪਾਰਟੀ ਦੇ ਰਾਜਨੀਤਕ ਚੱਕਰਵਿਊ ਦਾ ਸ਼ਿਕਾਰ ਹੋ ਗਿਆ। ਗਿੱਦੜਬਾਹਾ ਅੰਦਰ ਵੀ ਕਾਂਗਰਸ ਦੀ ਹਾਰ ਡੇਰਾ ਬਾਬਾ ਨਾਨਕ ਵਾਂਗ ਹੋਈ। ਉੱਥੇ ਵੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਭਵਿੱਖ ਵਿੱਚ ਮੁੱਖ ਮੰਤਰੀ ਦੀ ਕੁਰਸੀ ’ਤੇ ਅੱਖ ਰੱਖਦਾ ਚੋਣ ਲੜ ਰਿਹਾ ਸੀ।

ਉਸ ਨੇ ਵੀ ਇਸ ਮੰਤਵ ਲਈ ਆਪਣੀ ਪਤਨੀ ਅੰਮ੍ਰਿਤਾ ਵੜਿੰਗ ਲਈ ਸੀਟ ਪ੍ਰਾਪਤ ਕੀਤੀ ਸੀ। ਪੰਜਾਬ ਦੇ ਮੁੱਖ ਮੰਤਰੀ ਨੇ ਸਿਆਸੀ ਸੂਝ ਤੋਂ ਕੰਮ ਲੈਂਦੇ ਹੋਏ ਸਾਬਕਾ ਅਕਾਲੀ ਦਲ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੇ ਪੱਕੇ ਪੈਰੋਕਾਰ ਹਰਦੀਪ ਸਿੰਘ ‘ਡਿੰਪੀ ਢਿੱਲੋਂ’ ਨੂੰ ਤੋੜ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰ ਲਿਆ ਜੋ ਸੰਨ 2022 ਵਿੱਚ ਅਕਾਲੀ ਉਮੀਦਵਾਰ ਵਜੋਂ ਮਸਾਂ ਲਗਪਗ 1400 ਵੋਟਾਂ ਦੇ ਫ਼ਰਕ ਨਾਲ ਰਾਜਾ ਵੜਿੰਗ ਤੋਂ ਹਾਰਿਆ ਸੀ, ਉਸ ਨੂੰ ਆਮ ਆਦਮੀ ਪਾਰਟੀ ਨੇ ਉਮੀਦਵਾਰ ਬਣਾਇਆ। ਉਸ ਨੂੰ ਅਕਾਲੀ ਦਲ ਦੇ ਚੋਣ ਮੈਦਾਨ ਵਿੱਚੋਂ ਬਾਹਰ ਹੋਣ ਦਾ ਵੱਡਾ ਲਾਭ ਹੋਇਆ। ਉਸ ਦੀ ਹਮਾਇਤ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਅਕਾਲੀਆਂ ਨੇ ਕੀਤੀ।

ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਭਾਜਪਾ ਨੇ ਗਿੱਦੜਬਾਹਾ ਤੋਂ ਚੋਣ ਮੈਦਾਨ ਵਿੱਚ ਧੱਕਿਆ ਜੋ ਸੰਨ 1995 ਵਿੱਚ ਨੌਜਵਾਨ ਅਕਾਲੀ ਨਾਇਕ ਵਜੋਂ ਉੱਭਰਿਆ ਤੇ 4 ਵਾਰ ਇੱਥੋਂ ਜਿੱਤਿਆ ਸੀ, ਸੁਖਬੀਰ ਦੀ ਲੁਕਵੀਂ ਮਦਦ ਵੀ ਉਸ ਨੂੰ ਜਿਤਾ ਨਾ ਸਕੀ। ਡਿੰਪੀ ਢਿੱਲੋਂ ਨੇ ਸੱਤਾਧਾਰੀਆਂ ਦੀ ਹਮਾਇਤ ਤੇ ਆਪਣੀ ਰਾਜਨੀਤਕ ਵਿਰਾਸਤ ਬਲਬੂਤੇ ਰਾਜਾ ਵੜਿੰਗ ਦਾ ਕਿਲ੍ਹਾ ਢਾਹ ਦਿੱਤਾ। ਉਸ ਨੇ ਅੰਮ੍ਰਿਤਾ ਵੜਿੰਗ ਦੀਆਂ 49675 ਵੋਟਾਂ ਮੁਕਾਬਲੇ 71644 ਵੋਟਾਂ ਲੈ ਕੇ ਸ਼ਾਨਦਾਰ ਜਿੱਤ ਪ੍ਰਾਪਤ ਕਰਦੇ ਹੋਏ 21969 ਵੋਟਾਂ ਨਾਲ ਮਾਤ ਦਿੱਤੀ। ਮਨਪ੍ਰੀਤ ਬਾਦਲ ਨੂੰ ਸ਼ਰਮਨਾਕ 12227 ਵੋਟਾਂ ਹਾਸਲ ਹੋਈਆਂ।

ਚੱਬੇਵਾਲ ਰਾਖਵੀਂ ਸੀਟ ’ਤੇ ਆਮ ਆਦਮੀ ਪਾਰਟੀ ਦਾ ਕੋਈ ਮੁਕਾਬਲਾ ਨਹੀਂ ਸੀ। ਕਾਂਗਰਸ ਵਿੱਚੋਂ ਦਲ ਬਦਲ ਕੇ ਆਮ ਆਦਮੀ ਪਾਰਟੀ ਦੀ ਟਿਕਟ ’ਤੇ ਸਾਂਸਦ ਬਣੇ ਡਾ. ਰਾਜਕੁਮਾਰ ਚੱਬੇਵਾਲ ਦੇ ਪੁੱਤਰ ਡਾ. ਇਸ਼ਾਂਕ ਚੱਬੇਵਾਲ ਨੇ ਕਾਂਗਰਸ ਉਮੀਦਵਾਰ ਰਣਜੀਤ ਕੁਮਾਰ ਨੂੰ 28690 ਵੋਟਾਂ ਦੇ ਵੱਡੇ ਫ਼ਰਕ ਨਾਲ ਹਾਰ ਦਿੱਤੀ। ਇਸ਼ਾਂਕ ਨੂੰ 51904, ਰਣਜੀਤ ਕੁਮਾਰ ਨੂੰ 23214 ਜਦਕਿ ਅਕਾਲੀ ਦਲ ਵਿਚ ਦਲ ਬਦਲ ਕੇ ਭਾਜਪਾ ਵਿਚ ਆਏ ਸਾਬਕਾ ਮੰਤਰੀ ਸੋਹਣ ਸਿੰਘ ਨੂੰ 8692 ਵੋਟਾਂ ਮਿਲੀਆਂ। ਆਮ ਆਦਮੀ ਪਾਰਟੀ ਦੇ ਅੰਦਰੂਨੀ ਯੁੱਧ ਕਰ ਕੇ ਉਸ ਦੀ ਰਾਜਧਾਨੀ ਸੰਗਰੂਰ ਵਿੱਚ ਹਾਰ ਦਾ ਮੂੰਹ ਵੇਖਣਾ ਪਿਆ। ਜੇ ਮੀਤ ਹੇਅਰ ਆਪਣੇ ਕਰੀਬੀ ਹਰਿੰਦਰ ਧਾਲੀਵਾਲ ਦੀ ਥਾਂ ਗੁਰਦੀਪ ਬਾਠ ਨੂੰ ਸੀਟ ਦਿਵਾ ਦਿੰਦਾ ਤਾਂ ਹਾਰ ਨਾ ਹੁੰਦੀ। ਇਸ ਨੂੰ ਹਰਿੰਦਰ ਧਾਲੀਵਾਲ ਨਹੀਂ, ਮੀਤ ਹੇਅਰ ਦੀ ਹਾਰ ਮੰਨਿਆ ਗਿਆ। ਕਾਂਗਰਸ ਨੇ ਇੱਕ ਮਜ਼ਬੂਤ ਵਰਕਰ ਕੁਲਦੀਪ ਸਿੰਘ ਢਿੱਲੋਂ ਨੂੰ ਟਿਕਟ ਦਿੱਤੀ।

ਕਾਂਗਰਸ ਵਿਧਾਨ ਸਭਾ ਗਰੁੱਪ ਆਗੂ ਅਤੇ ਪੁਰਾਣੇ ਆਗੂ ਪ੍ਰਤਾਪ ਸਿੰਘ ਬਾਜਵਾ ਜੋ ਮੁੱਖ ਮੰਤਰੀ ਦੇ ਪਦ ਦੇ ਪ੍ਰਬਲ ਦਾਅਵੇਦਾਰ ਹਨ, ਨੇ ਕੁਲਦੀਪ ਢਿੱਲੋਂ ਲਈ ਡਟ ਕੇ ਪ੍ਰਚਾਰ ਕੀਤਾ।

ਧਨਾਢ ਕੇਵਲ ਸਿੰਘ ਢਿੱਲੋਂ ਦੇ ਭਾਜਪਾ ਉਮੀਦਵਾਰ ਹੋਣ ਕਰਕੇ ਵੋਟਰਾਂ ਨੇ ਉਸ ਤੋਂ ਕਿਨਾਰਾ ਕੀਤਾ। ਕੁਲਦੀਪ ਢਿੱਲੋਂ ਨੇ ਹਰਿੰਦਰ ਧਾਲੀਵਾਲ ਦੀਆਂ 26097 ਵੋਟਾਂ ਮੁਕਾਬਲੇ 28254 ਵੋਟਾਂ ਹਾਸਲ ਕਰ ਕੇ 2157 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ। ਕੇਵਲ ਢਿੱਲੋਂ ਨੂੰ 17958 ਜਦਕਿ ਬਾਗ਼ੀ ਗੁਰਦੀਪ ਬਾਠ ਨੂੰ 16899 ਵੋਟਾਂ ਹਾਸਲ ਹੋਈਆਂ। ਜੇ ਕਾਂਗਰਸ ਤੇ ਭਾਜਪਾ ਝੋਨੇ ਦੀ ਚੁਕਾਈ ਦੇ ਸੰਕਟ, ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ, ਭਾਰੀ ਕਰਜ਼ੇ, ਡੀਏਪੀ ਖਾਦ ਦੀ ਘਾਟ, ਭ੍ਰਿਸ਼ਟਾਚਾਰ, ਆਮ ਆਦਮੀ ਪਾਰਟੀ ਦੇ ਵਿਧਾਇਕਾਂ ਤੇ ਮੰਤਰੀਆਂ ਦੀ ਸਿਫ਼ਰਤਾ ਦੇ ਮੁੱਦੇ ਭੁਨਾਉਂਦੀ ਤਾਂ ਨਤੀਜੇ ਹੋਰ ਹੀ ਹੁੰਦੇ। ਕਾਂਗਰਸ ਚੋਣਾਂ ਵਿੱਚ ਰਾਜਨੀਤਕ ਕੋਆਰਡੀਨੇਸ਼ਨ ਨਹੀਂ ਕਰ ਸਕੀ।

ਭਾਜਪਾ ਨੂੰ ਰਾਜ ਵਿੱਚ ਕਿਸਾਨੀ ਦਾ ਵਿਰੋਧ ਲੈ ਬੈਠਾ। ਆਮ ਆਦਮੀ ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ ਕਰਾਰੀ ਹਾਰ ਭੁੱਲਣੀ ਨਹੀਂ ਚਾਹੀਦੀ। ਜ਼ਿਮਨੀ ਚੋਣਾਂ ਵਿੱਚ ਜਿੱਤ ਨਾਲ ਕੋਈ ਰਾਜਨੀਤਕ ਭਰਮ ਨਹੀਂ ਪਾਲਣਾ ਚਾਹੀਦਾ। ਅਜੇ ਤੱਕ ਉਹ ਰਾਜ ਵਿੱਚ ਅਜਿਹਾ ਕੁਝ ਨਹੀਂ ਕਰ ਸਕੀ ਕਿ ਲੋਕ ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ’ਚ ਉਸ ਨੂੰ ਮੁੜ ਫ਼ਤਵਾ ਦੇਣ ਲਈ ਤਿਆਰ ਹੋ ਜਾਣ। ਮੁੱਖ ਮੰਤਰੀ ਭਗਵੰਤ ਮਾਨ ਨੇ ਠੀਕ ਕਿਹਾ ਕਿ ਲੋਕਾਂ ਦੀਆਂ ਉਮੀਦਾਂ ’ਤੇ ਖ਼ਰਾ ਉਤਰਨ ਲਈ ਸਖ਼ਤ ਮਿਹਨਤ ਦੀ ਦਰਕਾਰ ਰਹੇਗੀ।



# ਵਾਅਦੇ ਅਤੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਨਸ਼ਿਆਂ ਦਾ ਮੁੱਦਾ ਹੱਲ ਨਾ ਕਰ ਸਕੀ ?



ਮੋਹਨ ਸ਼ਰਮਾ

ਪੰਜਾਬ ਦੇ ਪੁਲਿਸ ਵਿਭਾਗ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਦਸ ਮਹੀਨਿਆਂ ਵਿੱਚ 13.62 ਕਰੋੜ ਦੀ ਡਰੱਗ ਮਨੀ ਫੜੀ ਗਈ ਹੈ। ਨਸ਼ਾ ਤਸਕਰੀ ਦਾ ਧੰਦਾ ਕਰਨ ਵਾਲਿਆਂ ਦੀ 200 ਕਰੋੜ ਦੀ ਸੰਪਤੀ ਜ਼ਬਤ ਕੀਤੀ ਗਈ ਹੈ। 7086 ਤਸਕਰਾਂ ਉੱਤੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜਿਆ ਗਿਆ ਹੈ। 780 ਕਿਲੋਗ੍ਰਾਮ ਹੈਰੋਇਨ, 860 ਗ੍ਰਾਮ ਅਫੀਮ, 357 ਕੁਇੰਟਲ ਭੁੱਕੀ ਅਤੇ 290 ਕਰੋੜ ਦੀਆਂ ਨਸ਼ੀਲੀਆਂ ਦਵਾਈਆਂ ਫੜਕੇ ਨਸ਼ਿਆਂ ਦੀ ਰੋਕਥਾਮ ਲਈ ਯਤਨ ਕੀਤਾ ਗਿਆ ਹੈ।

ਗੰਭੀਰ ਪ੍ਰਸ਼ਨ ਸਾਡੇ ਸਾਹਮਣੇ ਆਉਂਦਾ ਹੈ ਕਿ ਇੱਕ ਪਾਸੇ ਤਸਕਰਾਂ ਦੀ ਗ੍ਰਿਫਤਾਰੀ ਅਤੇ ਉਨ੍ਹਾਂ ਕੋਲ ਬਰਾਮਦ ਨਸ਼ਿਆਂ ਦੇ ਅੰਕੜੇ ਸਾਹਮਣੇ ਆਉਂਦੇ ਹਨ, ਪਰ ਦੂਜੇ ਪਾਸੇ ਔਸਤਨ ਹਰ ਛੇ ਘੰਟਿਆਂ ਬਾਅਦ ਇੱਕ ਨਸ਼ਈ ਦਾ ਸਿਵਾ ਬਲਦਾ ਹੈ। ਪੀੜਤ ਲੋਕ ਦੁਹਾਈਆਂ ਪਾ ਰਹੇ ਹਨ ਕਿ ਨਸ਼ਿਆਂ ਦੀ ਸ਼ਰੇਆਮ ਵਿਕਰੀ ਨੇ ਜਿੱਥੇ ਸਿਵਿਆਂ ਦੀ ਅੱਗ ਨੂੰ ਪ੍ਰਚੰਡ ਕੀਤਾ ਹੈ, ਉੱਥੇ ਹੀ ਲੋਕਾਂ ਦੇ ਚੁੱਲ੍ਹੇ ਠੰਢੇ, ਚਿਹਰਿਆਂ ਦੀ ਰੌਣਕ ਗੁੰਮ ਅਤੇ ਸੱਥਾਂ ਸੁੰਨੀਆਂ ਹੋ ਰਹੀਆਂ ਹਨ। ਜੇਕਰ ਪੰਜਾਬ ਦੇ ਵਿਹੜੇ ਸੁੱਖ ਹੁੰਦੀ ਤਾਂ ਲੋਕਾਂ ਦੇ ਚਿਹਰਿਆਂ ’ਤੇ ਚਿੰਤਾ ਦੀਆਂ ਰੇਖਾਵਾਂ ਨਾ ਹੁੰਦੀਆਂ। ਨਸ਼ੇ ਦੀ ਓਵਰਡੋਜ਼ ਨਾਲ ਕਿਤੇ ਝਾੜੀਆਂ ਵਿੱਚ ਡਿਗੀ ਨੌਜਵਾਨ ਦੀ ਲਾਸ਼, ਕਿਤੇ ਖੇਡ ਸਟੇਡੀਅਮ ਵਿੱਚ ਨਸ਼ਿਆਂ ਦੀ ਭੇਂਟ ਚੜ੍ਹਿਆ ਨੌਜਵਾਨ ਗੱਭਰੂ, ਕਿਤੇ ਮਾਪਿਆਂ ਦਾ ਇਕਲੌਤਾ ਪੁੱਤ ਪਿੰਡ ਦੀ ਫਿਰਨੀ ’ਤੇ ਮੂਧੇ ਮੂੰਹ ਡਿਗਿਆ ਪਿਆ, ਕਿਤੇ ਬਾਥਰੂਮ ਵਿੱਚ ਨਸ਼ੇ ਦੀ ਸਰਿੰਜ ਨਾਲ ਵਿੰਨ੍ਹਿਆ ਬੇਹੋਸ਼ ਨੌਜਵਾਨ ਜ਼ਿੰਦਗੀ ਅਤੇ ਮੌਤ ਵਿਚਕਾਰ ਲਟਕ ਰਿਹਾ ਹੈ। ਮਾਰੂ ਦੁਖਾਂਤ ਇਹ ਵੀ ਹੈ ਕਿ ਪੰਜਾਬ ਦੀਆਂ ਬਹੁਤ ਸਾਰੀਆਂ ਕੁੜੀਆਂ ਵੀ ਨਸ਼ੇ ਦੀ ਲਤ ਦਾ ਸ਼ਿਕਾਰ ਹੋਕੇ ਬਰਬਾਦੀ ਦੇ ਰਾਹ ਤੁਰ ਪਈਆਂ ਹਨ। ਇਸ ਪੱਖ ਤੋਂ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਵਿੱਚ ਪ੍ਰਕਾਸ਼ਿਤ ਖਬਰਾਂ ਮਨ ਨੂੰ ਝੰਜੋੜ ਦਿੰਦੀਆਂ ਹਨ।

ਦੁਖਾਂਤਕ ਪੱਖ ਇਹ ਵੀ ਹੈ ਕਿ ਨਸ਼ਾ ਰਾਜਸੀ ਲੋਕਾਂ ਲਈ ਸੱਤਾ ਪ੍ਰਾਪਤੀ ਦਾ ਸਾਧਨ ਹੀ ਬਣਿਆ ਹੈ। ਹਰ ਇੱਕ ਰਾਜਨੀਤਕ ਪਾਰਟੀ ਨੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਮੁੱਦਾ ਬਣਾ ਕੇ ਉਭਾਰਿਆ ਅਤੇ ਸੱਤਾ ਪ੍ਰਾਪਤੀ ਲਈ ਸਾਧਨ ਬਣਾਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਿਆ। ਅੰਦਾਜ਼ਨ ਸਾਢੇ ਚਾਰ ਦਹਾਕਿਆਂ ਤੋਂ ਪੰਜਾਬ ਦੇ ਲੋਕ ਨਸ਼ੇ ਦਾ ਸੰਤਾਪ ਝੱਲ ਰਹੇ ਹਨ ਅਤੇ ਰਾਜਸੀ ਆਗੂ ਵਾਅਦਿਆਂ ਅਤੇ ਲਾਰਿਆਂ ਨਾਲ ਰਾਜ ਸੱਤਾ ਦੇ ਪਾਵਿਆਂ ਨੂੰ ਮਜ਼ਬੂਤ ਕਰ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਹੁਰਾਂ ਨੇ ਵੀ 2014 ਵਿੱਚ ‘ਮਨ ਕੀ ਬਾਤ’ ਰੇਡੀਓ ਵਾਰਤਾ ਸਮੇਂ ਪੰਜਾਬ ਦੀ ਇਸ ਦੁਖਦੀ ਰੱਗ ਨੂੰ ਛੇੜਕੇ ਚਿੰਤਾ ਦਾ ਪ੍ਰਗਟਾਵਾ ਕੀਤਾ ਸੀ। ਪਰ ਉਸ ਸਮੇਂ ਰਾਜ ਸੱਤਾ ’ਤੇ ਕਾਬਜ਼ ਪਾਰਟੀ ਨੇ ਇਸ ਚਿੰਤਾ ਨੂੰ ਗੰਭੀਰਤਾ ਨਾਲ ਨਾ ਲੈਂਦਿਆਂ ਨਸ਼ਾ ਸਪਲਾਈ ਲਈ ਬੀ.ਐੱਸ.ਐੱਫ ਨੂੰ ਦੋਸ਼ੀ ਠਹਿਰਾਉਂਦਿਆਂ ਕੇਂਦਰ ਸਰਕਾਰ ਪ੍ਰਤੀ ਰੋਸ ਦਾ ਪ੍ਰਗਟਾਵਾ ਕਰਦਿਆਂ ਸਰਹੱਦ ’ਤੇ ਧਰਨਾ ਦੇ ਦਿੱਤਾ। ਦਲੀਲ ਇਹ ਦਿੱਤੀ ਗਈ ਕਿ ਨਸ਼ਾ ਸਰਹੱਦ ਪਾਰ ਤੋਂ ਆਉਂਦਾ ਹੈ ਅਤੇ ਇਸਦੀ ਰੋਕ ਥਾਮ ਬੀ.ਐੱਸ.ਐੱਫ ਨੇ ਕਰਨੀ ਹੈ। ਕਿਉਂਕਿ ਬੀ.ਐੱਸ.ਐੱਫ ਕੇਂਦਰ ਸਰਕਾਰ ਦੇ ਅਧੀਨ ਹੈ, ਇਸ ਲਈ ਪੰਜਾਬ ਵਿੱਚ ਨਸ਼ਿਆਂ ਦੀ ਸਪਲਾਈ ਰੋਕਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਰਾਜ ਸੱਤਾ ਵਾਲੀ ਪਾਰਟੀ ਨੇ ਨਸ਼ੇ ਦੇ ਮੁੱਦੇ ਤੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿੱਚ ਸੁੱਟ ਦਿੱਤੀ, ਪਰ ਵਿਰੋਧੀ ਧਿਰ ਨੇ ਉਨ੍ਹਾਂ ਦੇ ਧਰਨੇ ਦਾ ਸਿਆਸੀ ਲਾਹਾ ਲੈਂਦਿਆਂ ਇਹ ਨਾਅਰਾ ਬੁਲੰਦ ਕਰ ਦਿੱਤਾ:

ਜੋ ਧਰਨਾ ਲਾਉਂਦੇ ਬਾਰਡਰ ’ਤੇ,
ਉਹ ਨਸ਼ਾ ਵੇਚਦੇ ਆਰਡਰ ’ਤੇ।

ਦੋਨਾਂ ਰਾਜਸੀ ਪਾਰਟੀਆਂ ਨੂੰ ਪੰਜਾਬ ਦੇ ਲੋਕਾਂ ਦੀ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਸਥਿਤੀ ਦੀ ਕੋਈ ਚਿੰਤਾ ਨਹੀਂ, ਨਸ਼ਿਆਂ ਕਾਰਨ ਜਵਾਨੀ ਦੇ ਘਾਣ ਦਾ ਕੋਈ ਫਿਕਰ ਨਹੀਂ। ਪੰਜਾਬ ਦੀ ਆਰਥਿਕ, ਸਮਾਜਿਕ, ਮਾਨਸਿਕ ਅਤੇ ਬੌਧਿਕ ਕੰਗਾਲੀ ਪ੍ਰਤੀ ਗੰਭੀਰ ਹੋਕੇ ਸੋਚਣਾ ਵੀ ਮੁਨਾਸਿਬ ਨਹੀਂ ਸਮਝਿਆ। ਹਾਂ, ਵੋਟ ਬੈਂਕ ਕਿੰਝ ਪੱਕਾ ਕਰਨਾ ਹੈ, ਇਸਦੀ ਵਿਉਂਤਬੰਦੀ ਕਰਦੇ ਰਹੇ। ਮਰਹੂਮ ਸ਼ਾਇਰ ਸੁਰਜੀਤ ਪਾਤਰ ਨੇ ਇਨ੍ਹਾਂ ਕਾਵਿਕ ਬੋਲਾਂ ਰਾਹੀਂ ਸਿਆਸੀ ਸੋਚ ਵਾਲਿਆਂ ਦੀ ਸਹੀ ਤਰਜ਼ਮਾਨੀ ਕੀਤੀ ਹੈ:

ਚੋਣ ਨਿਸ਼ਾਨ ਸਿਵਾ ਹੈ ਸਾਡਾ,
ਇਸ ਨੂੰ ਬੁਝਣ ਨਾ ਦੇਈਏ।
ਜਦੋਂ ਤਕ ਉਹ ਲਾਸ਼ਾਂ ਗਿਣਦੇ ਨੇ,
ਆਪਾਂ ਵੋਟਾਂ ਗਿਣੀਏ।

ਸਿਆਸੀ ਲੋਕ ਇਸ ਗੰਭੀਰ ਮੁੱਦੇ ’ਤੇ ਸਿਆਸੀ ਰੋਟੀਆਂ ਸੇਕਦੇ ਰਹੇ, ਪਰ ਲੋਕਾਂ ਦੇ ਘਰਾਂ ਅੰਦਰ ਵਿਛੇ ਸੱਥਰਾਂ ’ਤੇ ਇਹ ਪ੍ਰਸ਼ਨ ਧੁਖਦੇ ਰਹੇ ਕਿ ਇਹ ਕਿਹੋ ਜਿਹਾ ਵਿਕਾਸ ਹੈ, ਜਿਸ ਨੇ ਲੋਕਾਂ ਦੇ ਅੱਥਰੂਆਂ ਵਿੱਚ ਵਾਧਾ ਕਰਨ ਦੇ ਨਾਲ ਨਾਲ ਸਿਵਿਆਂ ਵੱਲ ਜਾਂਦੀ ਭੀੜ ਵਿੱਚ ਨਿਰੰਤਰ ਵਾਧਾ ਕੀਤਾ ਹੈ। 2017 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਸਰਕਾਰ ਨੇ ਇਸ ਮੁੱਦੇ ਨੂੰ ਉਭਾਰਿਆ। ਗੁਟਕਾ ਸਾਹਿਬ ’ਤੇ ਹੱਥ ਧਰਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਦ੍ਰਿੜ੍ਹ ਸੰਕਲਪ ਦੁਹਰਾਇਆ। ਸੱਤਾ ਪ੍ਰਾਪਤੀ ਉਪਰੰਤ ਉਨ੍ਹਾਂ ਅਪਰੈਲ 2017 ਵਿੱਚ ਐੱਸ. ਟੀ.ਐੱਫ ਦਾ ਗਠਨ ਕੀਤਾ। ਛੱਤੀਸਗੜ੍ਹ ਤੋਂ ਵਿਸ਼ੇਸ਼ ਤੌਰ ’ਤੇ ਇਸ ਮੰਤਵ ਲਈ ਇਮਾਨਦਾਰ ਪੁਲਿਸ ਅਧਿਕਾਰੀ ਸ਼੍ਰੀ ਹਰਪ੍ਰੀਤ ਸਿੱਧੂ ਨੂੰ ਲਿਆਕੇ ਐੱਸ.ਟੀ.ਐੱਫ ਦਾ ਮੁਖੀ ਲਾਇਆ। ਉਸਨੇ ਕੁਝ ਮਹੀਨਿਆਂ ਅੰਦਰ ਹੀ ਨਸ਼ਾ ਤਸਕਰੀ ਕਰਨ ਵਾਲੇ ਵੱਡੇ ਮੱਗਰਮੱਛਾਂ ਨੂੰ ਗ੍ਰਿਫਤਾਰ ਕਰ ਲਿਆ। ਪਰ ਜਦੋਂ ਉਸ ਦੀ ਕਾਰਗੁਜ਼ਾਰੀ ਵਿੱਚ ਪੁਲਿਸ ਦੇ ਵੱਡੇ ਅਧਿਕਾਰੀ ਅਤੇ ਸਿਆਸਤਦਾਨ ਸਾਹਮਣੇ ਆਏ ਤਾਂ ਇੱਕ ਖਲਬਲੀ ਜਿਹੀ ਮੱਚ ਗਈ। ਨਸ਼ੇ ਦੇ ਵੱਡੇ ਤਸਕਰ, ਰਾਜਸੀ ਨੇਤਾ ਅਤੇ ਕੁਝ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸ਼੍ਰੀ ਹਰਪ੍ਰੀਤ ਸਿੰਘ ਸਿੱਧੂ ਨੂੰ ਐੱਸ.ਟੀ.ਐੱਫ ਦੇ ਮੁਖੀ ਵਾਲੀ ਪੋਸਟ ਤੋਂ ਲਾਂਭੇ ਕਰ ਦਿੱਤਾ ਗਿਆ। ਇੰਝ ਨਸ਼ਿਆਂ ਦਾ ਲੱਕ ਤੋੜਨ ਦੀ ਥਾਂ ਲੱਕ ਨੂੰ ਹੋਰ ਮਜ਼ਬੂਤ ਕਰਨ ਵਾਲਾ ਇਹ ਕਦਮ ਪੰਜਾਬੀਆਂ ਲਈ ‘ਕਾਲੇ ਦਿਨ’ ਵਜੋਂ ਯਾਦ ਰਹੇਗਾ। ਹਰਪ੍ਰੀਤ ਸਿੱਧੂ ਦੀ ਕਾਰਗੁਜ਼ਾਰੀ ਚਾਰ ਸੀਲਬੰਦ ਲਿਫਾਫਿਆਂ ਵਿੱਚ ਸਿਮਟ ਕੇ ਰਹਿ ਗਈ।

2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਮੁੱਦਾ ਫਿਰ ਉੱਭਰਿਆ। ਲੋਕ ਭ੍ਰਿਸ਼ਟਾਚਾਰ ਅਤੇ ਨਸ਼ੇ ਦੇ ਮੁੱਦੇ ਕਾਰਨ ਕਾਂਗਰਸ ਪਾਰਟੀ ਅਤੇ ਅਕਾਲੀ ਪਾਰਟੀ ਤੋਂ ਦੁਖੀ ਵੀ ਸਨ ਅਤੇ ਨਿਰਾਸ ਵੀ। ਲੋਕਾਂ ਦੀਆਂ ਦੁਖੀ ਭਾਵਨਾਵਾਂ ਨੂੰ ਵਾਅਦਿਆਂ, ਦਾਅਵਿਆਂ ਅਤੇ ਗਰੰਟੀਆਂ ਰਾਹੀਂ ਤੀਜੀ ਪਾਰਟੀ ਆਮ ਆਦਮੀ ਪਾਰਟੀ ਨੇ ਕੈਸ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਤਿੰਨ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਕਰਨ, ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਪੁੱਟਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀਆਂ ਗਰੰਟੀਆਂ ਦੇ ਝਾਂਸੇ ਵਿੱਚ ਲੋਕ ਫਿਰ ਆ ਗਏ। ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਗਿਆ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੋਂਦ ਵਿੱਚ ਆਇਆਂ ਅੰਦਾਜ਼ਨ ਤਿੰਨ ਸਾਲ ਹੋ ਚੱਲੇ ਹਨ। ਇੱਕ ਪਾਸੇ ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋਈ ਹੈ ਅਤੇ ਦੂਜੇ ਪਾਸੇ ਨਸ਼ੇ ਸਮੇਤ ਬਹੁ-ਪੱਖੀ ਸਮੱਸਿਆਵਾਂ ਕਾਰਨ ਪੰਜਾਬ ਦੀ ਸਥਿਤੀ ਇੰਝ ਹੈ ਜਿਵੇਂ ਗੁਬਾਰਾ ਅਣਗਿਣਤ (**ਬਾਕੀ ਸਫ਼ਾ 31 ’ਤੇ**)

# ਬੱਚਿਆਂ ਨੂੰ ਵਿਦੇਸ਼ ਭੇਜਣ ਤੋਂ ਪਹਿਲਾਂ ਆਪਣੇ ਬੁਢਾਪੇ ਬਾਰੇ ਜ਼ਰੂਰ ਸੋਚਣਾ ਚਾਹੀਦੈ



ਉਜਾਗਰ ਸਿੰਘ
(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)





ਪੰਜਾਬੀਆਂ ਲਈ ਵਿਦੇਸ਼ ਵਿੱਚ ਜਾ ਕੇ ਸੈਟਲ ਹੋਣਾ ਅਹਿਮ ਕਾਰਜ ਬਣਿਆ ਹੋਇਆ ਹੈ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਬੱਚੇ ਆਪਣੇ ਮਾਪਿਆਂ ਦੇ ਗਲਾਂ ਵਿੱਚ ਗੂਠੇ ਦੇ ਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਕੇ ਪਿੱਛੇ ਆਪਣੇ ਮਾਪਿਆਂ ਨੂੰ ਰੱਬ ਆਸਰੇ ਛੱਡਦੇ ਜਾ ਰਹੇ ਹਨ। ਬਜ਼ੁਰਗ ਮਾਪੇ ਏਥੇ ਬੇਆਸਰਾ ਹੋ ਕੇ ਰੁਲ਼ ਰਹੇ ਹਨ। ਏਥੇ ਮੈਂ ਇੱਕ ਬਜ਼ੁਰਗ ਦੀ ਕਹਾਣੀ ਦੱਸਣ ਜਾ ਰਿਹਾ ਹਾਂ ਜਿਸ ਨੇ ਆਪਣੇ ਦੋ ਬੱਚੇ ਮਿਹਨਤ ਕਰ ਕੇ ਨੌਕਰੀ ਦੇ ਨਾਲ ਓਵਰ ਟਾਈਮ ਲਾ ਕੇ ਪੜ੍ਹਾਏ ਤੇ ਉਹ ਆਪ ਭਾਰਤ ਵਿੱਚ ਇਕੱਲਾ ਪੁੱਤਰਾਂ ਦੀ ਉਡੀਕ ਕਰਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਮੈਂ 1974 ਵਿੱਚ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਨੌਕਰੀ ਸ਼ੁਰੂ ਕੀਤੀ ਸੀ। ਉੱਥੇ ਬਹੁਤ ਸਾਰੇ ਅਧਿਕਾਰੀ ਤੇ ਕਰਮਚਾਰੀ ਦੋਸਤ ਬਣ ਗਏ। ਉਹ ਦੋਸਤੀ 50 ਸਾਲਾਂ ਬਾਅਦ ਵੀ ਬਰਕਰਾਰ ਹੈ।

ਏਥੇ ਮੈਂ ਤਿੰਨ ਦੋਸਤਾਂ ਹਰਦੀਪ ਸਿੰਘ, ਰਮਣੀਕ ਸਿੰਘ ਸੈਣੀ ਅਤੇ ਫ਼ਕੀਰ ਸਿੰਘ ਦੀ ਦੋਸਤੀ ਬਾਰੇ ਦੱਸਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਅਖ਼ੀਰ ਤੱਕ ਨਿਭਣ ਦੇ ਸੁਪਨੇ ਸਿਰਜੇ ਸਨ। ਲਗਪਗ ਹਰ ਰੋਜ਼ ਹੀ ਉਹ ਇੱਕ ਦੂਜੇ ਦੇ ਘਰ ਬੈਠ ਕੇ ਇਕੱਠੇ ਹੀ ਖਾਣਾ ਖਾਂਦੇ ਸਨ। ਉਨ੍ਹਾਂ ਵਿਚੋਂ ਹਰਦੀਪ ਸਿੰਘ ਤੇ ਰਮਣੀਕ ਲੁਧਿਆਣਾ ਤੋਂ ਤੇ ਫ਼ਕੀਰ ਸਿੰਘ ਅੰਮ੍ਰਿਤਸਰ ਤੋਂ ਸੀ ਪ੍ਰੰਤੂ ਉਹ ਲੁਧਿਆਣੇ ਵਿਆਹਿਆ ਹੋਇਆ ਸੀ। ਫ਼ਕੀਰ ਸਿੰਘ ਦਾ ਸਹੁਰਾ ਪਰਿਵਾਰ ਚੌੜੇ ਬਾਜ਼ਾਰ ਦਾ ਚੰਗੇ ਸਿਆਸੀ ਤੇ ਸਮਾਜਿਕ ਅਸਰ-ਰਸੂਖ਼ ਵਾਲਾ ਕਾਰੋਬਾਰੀ ਸੀ। ਰਮਣੀਕ ਸਿੰਘ ਦੇ ਪਰਿਵਾਰ ਦਾ ਵੀ ਹੌਜ਼ਰੀ ਦਾ ਵਪਾਰ ਸੀ। ਉਹ ਸਾਧਾਰਨ ਦਿਹਾਤੀ ਕਿਸਾਨੀ ਪਰਿਵਾਰ ਨਾਲ ਸਬੰਧ ਰੱਖਦਾ ਹੈ। ਫ਼ਕੀਰ ਸਿੰਘ ਦੇ ਮਾਤਾ ਜੀ ਦੀ ਉਸ ਦੇ ਬਚਪਨ ਵਿੱਚ ਹੀ ਮੌਤ ਹੋ ਗਈ ਸੀ। ਉਸ ਦੇ ਪਿਤਾ ਨੇ ਦੂਜਾ ਵਿਆਹ ਕਰਵਾ ਲਿਆ। ਪਰਿਵਾਰ ਵਿੱਚ ਮਤਰੇਆ ਹੋਣ ਕਰਕੇ ਅਣਡਿੱਠ ਹੋਣ ਲੱਗ ਪਿਆ। ਅਜਿਹੇ ਹਾਲਾਤ ਵਿੱਚ ਉਸ ਦਾ ਪਾਲਣ ਪੋਸ਼ਣ ਉਸ ਦੀ ਭੂਆ ਨੇ ਕੀਤਾ। ਉਹ ਪੜ੍ਹਾਈ ਵਿੱਚ ਹਮੇਸ਼ਾ ਚੰਗੇ ਨੰਬਰ ਲੈਂਦਾ ਸੀ। ਉਸ ਨੇ ਬੀਏ ਕਰ ਲਈ ਤੇ ਫਿਰ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਨੌਕਰ ਹੋ ਗਿਆ ਸੀ। ਉਸ ਦੇ ਪਿਤਾ ਵੱਲੋਂ ਉਸ ਨੂੰ ਪਰਿਵਾਰ ਦੀ ਜਾਇਦਾਦ ਵਿੱਚੋਂ ਬਣਦਾ ਹਿੱਸਾ ਵੀ ਨਹੀਂ ਦਿੱਤਾ ਗਿਆ। ਵਿਆਹ ਹੋਣ ਤੋਂ ਬਾਅਦ ਸਹੁਰਿਆਂ ਦੀ ਮਦਦ ਸਦਕਾ ਉਸ ਦੀ ਜ਼ਿੰਦਗੀ ਵਧੀਆ ਬਸਰ ਹੋਣ ਲੱਗ ਪਈ। ਉਸ ਦੇ ਸਹੁਰਿਆਂ ਨੇ ਆਪਣਾ ਅਸਰ-ਰਸੂਖ਼ ਵਰਤ ਕੇ ਉਸ ਨੂੰ ਇੱਕ ਬੈਂਕ ਵਿੱਚ ਦਿੱਲੀ ਵਿਖੇ ਅਧਿਕਾਰੀ ਨਿਯੁਕਤ ਕਰਵਾ ਦਿੱਤਾ। ਉਹ ਦਿੱਲੀ ਜਾ ਕੇ ਬੜਾ ਖ਼ੁਸ਼ ਹੋਇਆ ਕਿਉਂਕਿ ਇੱਕ ਤਾਂ ਅਧਿਕਾਰੀ ਬਣ ਗਿਆ, ਦੂਜਾ ਉਸ ਦੇ ਸਹੁਰਿਆਂ ਵੱਲੋਂ ਕੁਝ ਰਿਸ਼ਤੇਦਾਰ ਦਿੱਲੀ ਰਹਿੰਦੇ ਸਨ। ਦਿੱਲੀ ਵਿਖੇ ਰਹਿੰਦਿਆਂ ਫ਼ਕੀਰ ਸਿੰਘ ਨੇ ਦੋਹਾਂ ਬੱਚਿਆਂ ਨੂੰ ਤਾਲੀਮ ਦਿਵਾਈ। ਉਸ ਦਾ ਵੱਡਾ ਪੁੱਤਰ ਡਾਕਟਰ ਹੈ, ਛੋਟਾ ਪੁੱਤਰ ਆਪਣਾ ਕਾਰੋਬਾਰ ਕਰਦਾ ਹੈ। ਫ਼ਕੀਰ ਸਿੰਘ ਨੇ ਦੋਹਾਂ ਬੱਚਿਆਂ ਦੇ ਦੋ-ਦੋ ਵਾਰ ਵਿਆਹ ਕਰਵਾਏ ਕਿਉਂਕਿ ਉਹ ਆਪਣੇ ਵਿਆਹਾਂ ਵਿੱਚ ਵੀ ਚੰਗੇ ਪਤੀ ਸਾਬਿਤ ਨਹੀਂ ਹੋਏ। ਬੈਂਕ ਦੀ ਨੌਕਰੀ ਤੋਂ ਸੇਵਾ ਮੁਕਤੀ ਤੋਂ ਬਾਅਦ ਇਹ ਪਤੀ-ਪਤਨੀ ਆਪਣੇ ਪੁੱਤਰਾਂ ਕੋਲ ਚਲੇ ਜਾਂਦੇ ਸਨ। ਫ਼ਕੀਰ ਸਿੰਘ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਨੌਕਰੀ ਤੋਂ ਇਲਾਵਾ ਹੋਰ ਕੰਮ ਵੀ ਕਰਦਾ ਰਿਹਾ। ਦੋ ਸਾਲ ਪਹਿਲਾਂ ਜਦੋਂ ਉਹ ਆਪਣੇ ਛੋਟੇ ਪੁੱਤਰ ਕੋਲ ਵਿਦੇਸ਼ ਵਿੱਚ ਰਹਿ ਰਹੇ ਸਨ ਤਾਂ ਫ਼ਕੀਰ ਸਿੰਘ ਦੀ ਪਤਨੀ ਸਵਰਗ ਸਿਧਾਰ ਗਈ। ਪਤਨੀ ਦੀ ਮੌਤ ਤੋਂ ਬਾਅਦ ਉਹ ਇਕੱਲਾਪਣ ਮਹਿਸੂਸ ਕਰਨ ਲੱਗ ਪਿਆ। ਫ਼ਕੀਰ ਸਿੰਘ ਆਪਣੇ ਫਲੈਟ ਵਿੱਚ ਸੰਸਾਰ ਨੂੰ ਅਲਵਿਦਾ ਕਹਿ ਗਿਆ ਜਿਸ ਦਾ ਇਕ ਦਿਨ ਬਾਅਦ ਪਤਾ ਲੱਗਾ। ਹਾਲਾਤ ਇਹ ਬਣੇ ਕਿ ਫ਼ਕੀਰ ਸਿੰਘ ਦੀ ਲਾਸ਼ ਦਿੱਲੀ ਦੇ ਸਰਕਾਰੀ ਹਸਪਤਾਲ ਦੇ ਮੁਰਦਾ ਘਰ ਵਿੱਚ ਕਈ ਦਿਨ ਪਈ ਵਿਦੇਸ਼ ਵਿੱਚ ਵਸੇ ਆਪਣੇ ਪੁੱਤਰਾਂ ਨੂੰ ਉਡੀਕਦੀ ਰਹੀ। ਦਿੱਲੀ ਦੇ ਰੋਹਿਨੀ ਦੀ ਇਕ ਰਿਹਾਇਸ਼ੀ ਸੁਸਾਇਟੀ ਦੇ ਪ੍ਰਧਾਨ (ਜਿੱਥੇ ਫ਼ਕੀਰ ਸਿੰਘ ਆਪਣੇ ਫਲੈਟ ਵਿੱਚ ਰਹਿ ਰਿਹਾ ਸੀ) ਨੇ ਉਸ ਦੇ ਇੱਕ ਲੜਕੇ ਨੂੰ ਜਦੋਂ ਪਿਤਾ ਦੀ ਮੌਤ ਦੀ ਖ਼ਬਰ ਦਿੱਤੀ ਤਾਂ ਲੜਕੇ ਨੇ ਬਹੁਤ ਸੰਜੀਦਗੀ ਨਹੀਂ ਵਿਖਾਈ। ਸੁਸਾਇਟੀ ਦੇ ਪ੍ਰਧਾਨ ਨੂੰ ਗੁੱਸਾ ਆ ਗਿਆ ਤਾਂ ਉਸ ਨੇ ਲੜਕੇ ਦੀ ਲਾਹ-ਪਾਹ ਕੀਤੀ। ਫਿਰ ਉਸ ਨੇ ਕਿਹਾ ਕਿ ਉਹ ਆਵੇਗਾ। ਫਿਰ ਉਸ ਲੜਕੇ ਨੇ ਰਮਣੀਕ ਸਿੰਘ ਨੂੰ ਕੈਨੇਡਾ ਤੋਂ ਫੋਨ ਕਰ ਕੇ ਫ਼ਕੀਰ ਸਿੰਘ ਦੀ ਮੌਤ ਦੀ ਸੂਚਨਾ ਦਿੰਦਿਆਂ ਕਿਹਾ ਕਿ ਉਹ ਦਿੱਲੀ ਆ ਕੇ ਫੋਨ ਕਰੇਗਾ ਪ੍ਰੰਤੂ ਅਜੇ ਟਿਕਟ ਨਹੀਂ ਮਿਲ ਰਹੇ। ਉਸ ਨੇ ਇਹ ਖ਼ਬਰ ਹਰਦੀਪ ਸਿੰਘ ਤੱਕ ਪਹੁੰਚਾਉਣ ਨੂੰ ਵੀ ਕਿਹਾ। ਹਫ਼ਤਾ ਬਾਅਦ ਰਮਣੀਕ ਸਿੰਘ ਨੇ ਉਸ ਲੜਕੇ ਨੂੰ ਵਿਦੇਸ਼ ਵਿੱਚ ਫੋਨ ਕੀਤਾ ਤਾਂ ਫੋਨ ਫ਼ਕੀਰ ਸਿੰਘ ਦੇ ਵੱਡੇ ਲੜਕੇ ਨੇ ਚੁੱਕਿਆ, ਜਿਹੜਾ ਦੂਜੇ ਦੇਸ਼ ਤੋਂ ਆਪਣੇ ਭਰਾ ਕੋਲ ਉਸ ਦੇ ਦੇਸ਼ ਗਿਆ ਸੀ। ਰਮਣੀਕ ਸਿੰਘ ਨੇ ਕਿਹਾ ਕਿ ਤੁਸੀਂ ਅਜੇ ਤੱਕ ਕਿਉਂ ਨਹੀਂ ਆਏ? ਤਾਂ ਉਹ ਲੜਕਾ ਬੇਰੁਖ਼ੀ ਨਾਲ ਬੋਲਿਆ ਕਿ ਟਿਕਟਾਂ ਨਹੀਂ ਮਿਲ ਰਹੀਆਂ। ਰਮਣੀਕ ਸਿੰਘ ਨੇ ਇਹ ਸੂਚਨਾ ਹਰਦੀਪ ਸਿੰਘ ਨੂੰ ਦਿੱਤੀ। ਹਰਦੀਪ ਸਿੰਘ ਨੇ ਫ਼ਕੀਰ ਸਿੰਘ ਦੀ ਭੂਆ ਦੇ ਲੜਕੇ ਨੂੰ ਵੀ ਮੰਦਭਾਗੀ ਖ਼ਬਰ ਦੇ ਦਿੱਤੀ।

ਉਸ ਨੇ ਸੁਸਾਇਟੀ ਦੇ ਪ੍ਰਧਾਨ ਦਾ ਨੰਬਰ ਲੱਭ ਕੇ ਉਸ ਨਾਲ ਗੱਲ ਕੀਤੀ। ਪ੍ਰਧਾਨ ਨੇ ਦੱਸਿਆ ਕਿ ਅਜੇ ਤੱਕ ਕੋਈ ਨਹੀਂ ਆਇਆ। ਫ਼ਕੀਰ ਸਿੰਘ ਦੀ ਭੂਆ ਦਾ ਲੜਕਾ ਪੁੱਤਰਾਂ ਦੀ ਬੇਰੁਖ਼ੀ ਕਰਕੇ ਆਪ ਦਿੱਲੀ ਜਾ ਕੇ ਸਸਕਾਰ ਕਰਨ ਦਾ ਕਹਿ ਰਿਹਾ ਸੀ ਪਰ ਖ਼ੂਨ ਦੇ ਰਿਸ਼ਤੇ ਤੋਂ ਬਿਨਾਂ ਲਾਸ਼ ਨਹੀਂ ਮਿਲਣੀ। ਜਦੋਂ ਦੋਵੇਂ ਬੱਚੇ ਨਾ ਆਏ ਤਾਂ ਪੁਲਿਸ ਇੰਸਪੈਕਟਰ ਨੇ ਸੁਸਾਇਟੀ ਦੇ ਪ੍ਰਧਾਨ ਤੋਂ ਨੰਬਰ ਲੈ ਕੇ ਵਿਦੇਸ਼ ਵਿੱਚ ਫ਼ਕੀਰ ਸਿੰਘ ਦੇ ਲੜਕੇ ਨੂੰ ਫ਼ੋਨ ਕੀਤਾ ਕਿ ਤੁਸੀਂ ਤਾਂ ਆਉਂਦੇ ਨਹੀਂ, ਹਸਪਤਾਲ ਵਾਲੇ ਲਾਸ਼ ਇਸ ਤੋਂ ਵੱਧ ਨਹੀਂ ਰੱਖਦੇ। ਉਲਟਾ ਫ਼ਕੀਰ ਸਿੰਘ ਦਾ ਲੜਕਾ ਕਹਿਣ ਲੱਗਾ ਕਿ ਤੁਸੀਂ ਕਦੇ ਵਿਦੇਸ਼ ਆਏ ਹੋ, ਤੁਹਾਨੂੰ ਪਤਾ ਸਾਨੂੰ ਵੀਜ਼ਾ ਨਹੀਂ ਮਿਲ ਰਿਹਾ। ਪੁਲਿਸ ਇੰਸਪੈਕਟਰ ਨੇ ਕਿਹਾ ਕਿ ਤੁਸੀਂ ਮੇਰੇ ਵਿਦੇਸ਼ ਆਉਣ ਬਾਰੇ ਪੁੱਛ ਰਹੇ ਹੋ, ਤੁਹਾਡੇ ਬਾਪ ਦੀ ਲਾਸ਼ ਰੁਲ਼ ਰਹੀ ਹੈ। ਰਮਣੀਕ ਸਿੰਘ ਨੇ 10 ਦਿਨਾਂ ਬਾਅਦ ਫ਼ਕੀਰ ਸਿੰਘ ਦੇ ਛੋਟੇ ਲੜਕੇ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਉਹ ਦਿੱਲੀ ਆ ਗਏ ਹਨ ਤੇ ਹੁਣ ਥਾਣੇ ਜਾ ਰਹੇ ਹਨ। ਥਾਣੇ ਤੋਂ ਕਲੀਅਰੈਂਸ ਲੈ ਕੇ ਲਾਸ਼ ਮਿਲੇਗੀ। ਜਦੋਂ ਲਾਸ਼ ਮਿਲ ਗਈ ਤਾਂ ਤੁਹਾਨੂੰ ਦੱਸ ਦਿਆਂਗੇ। ਪ੍ਰੰਤੂ ਅੱਜ ਤੱਕ ਲੜਕਿਆਂ ਦਾ ਮੁੜ ਕੇ ਫੋਨ ਨਹੀਂ ਆਇਆ। ਪਤਾ ਲੱਗਾ ਹੈ ਕਿ ਲੜਕਿਆਂ ਨੇ ਕਿਸੇ ਰਿਸ਼ਤੇਦਾਰ ਨੂੰ ਨਹੀਂ ਬੁਲਾਇਆ, ਲਾਸ਼ ਦਾ ਸਸਕਾਰ ਕਰਕੇ ਸੁਸਾਇਟੀ ਦੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਕਰਵਾ ਕੇ ਕਿਸੇ ਹੋਰ ਵਿਅਕਤੀ ਨੂੰ ਪਾਠ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਦੇ ਕੇ ਚਲੇ ਗਏ। ਭੋਗ ਪੈਣ ਤੋਂ ਅੱਧਾ ਘੰਟਾ ਪਹਿਲਾਂ ਆਏ। ਪਤਾ ਲੱਗਾ ਹੈ ਕਿ ਹੁਣ ਦੋਵੇਂ ਬੱਚੇ ਫਲੈਟ ਨੂੰ ਆਪਣੇ ਨਾਂ ਕਰਵਾ ਕੇ ਵੇਚਣ ਵਿੱਚ ਲੱਗੇ ਹੋਏ ਹਨ। ਪੰਜਾਬੀਓ, ਬੱਚਿਆਂ ਨੂੰ ਵਿਦੇਸ਼ ਭੇਜਣ ਸਮੇਂ ਆਪਣੇ ਬੁਢਾਪੇ ਵਿੱਚ ਦੇਖਭਾਲ ਦਾ ਪ੍ਰਬੰਧ ਜ਼ਰੂਰ ਕਰ ਲੈਣਾ, ਨਹੀਂ ਤਾਂ ਫ਼ਕੀਰ ਸਿੰਘ ਵਾਲਾ ਹਾਲ ਹੋਵੇਗਾ।

# ਕਿਸਾਨ ਅੰਦੋਲਨ - ਵੱਧ ਰਿਹਾ ਖੇਤੀ ਸੰਕਟ



ਗੁਰਮੀਤ ਸਿੰਘ ਪਲਾਹੀ
9815802070



ਕਿਸਾਨ ਅੰਦੋਲਨ ਖ਼ਤਮ ਨਹੀਂ ਹੋਇਆ, ਕਿਉਂਕਿ ਕਿਸਾਨਾਂ ਦੀਆਂ ਮੰਗਾਂ ਅੱਧੀਆਂ ਅਧੂਰੀਆਂ ਮੰਨੀਆਂ ਗਈਆਂ ਅਤੇ ਬਾਕੀ ਲਮਕਾ ਦਿੱਤੀਆਂ ਗਈਆਂ। ਕਿਸਾਨ ਨੇਤਾਵਾਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਦੇਸ ਦੀਆਂ ਹੋਰ ਮਜ਼ਦੂਰ , ਮੁਲਾਜ਼ਮ ਜੱਥੇਬੰਦੀਆਂ, ਗ਼ੈਰ ਸਰਕਾਰੀ ਸੰਸਥਾਵਾਂ, ਬੁੱਧੀਜੀਵੀਆਂ ਦੀ ਸਹਾਇਤਾ ਅਤੇ ਸਹਿਯੋਗ ਨਾਲ਼ ਚਲਾਏ ਅੰਦੋਲਨ ਨੇ ਵਿਸ਼ਵ-ਵਿਆਪੀ ਚਰਚਾ ਖੱਟੀ। ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਏ। ਦਿੱਲੀ ਦੇ ਸਿੰਘਾਸਨ 'ਤੇ ਬੈਠੇ ਹਾਕਮਾਂ ਨੂੰ ਲੋਕਾਂ ਦੀ ਆਵਾਜ਼ ਸੁਣਨੀ ਪਈ। ਕਿਸਾਨ ਵਿਰੋਧੀ ਖੇਤੀ ਕਾਨੂੰਨ ਵਾਪਸ ਲੈਣੇ ਪਏ।

ਕਿਸਾਨ ਅੰਦੋਲਨ ਦਿੱਲੀ ਦੇ ਬਾਰਡਰਾਂ 'ਤੇ ਕੁਝ ਸਮਾਂ ਖਤਮ ਹੋਇਆ ਪਰ ਹੁਣ ਫਿਰ ਮਘ ਰਿਹਾ ਹੈ ਕਿਉਂਕਿ ਸਰਕਾਰ ਨੇ ਮੰਗਾਂ ਨਹੀਂ ਮੰਨੀਆਂ। ਗੱਲ ਭਾਰਤ ਦੀ ਸੁਪਰੀਮ ਕੋਰਟ ਵਿੱਚ ਪੁੱਜੀ। ਸੁਪਰੀਮ ਕੋਰਟ ਨੇ ਦਿੱਲੀ ਵਿੱਚ ਸਿੰਘੂ ਬਾਰਡਰ 'ਤੇ ਅੰਦੋਲਨ ਕਰਨ ਵਾਲੇ ਕਿਸਾਨਾਂ ਦੀਆਂ ਸ਼ਿਕਾਇਤਾਂ ਅਤੇ ਵਿਰੋਧ ਤੋਂ ਉਪਜੀ ਸਥਿਤੀ 'ਤੇ ਇੱਕ ਪੈਨਲ ਬਣਾਇਆ। ਇਸ ਪੈਨਲ ਨੇ ਗਿਆਰਾਂ ਸਫ਼ਿਆਂ ਦੀ ਇੱਕ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਹੈ।

ਇਸ ਪੈਨਲ ਨੇ ਕਿਹਾ ਹੈ ਕਿ ਭਾਰਤ ਵਿੱਚ ਸੰਕਟ ਖੇਤੀ 'ਤੇ ਸੰਕਟ ਵੱਧ ਰਹੇ ਹਨ। ਪੈਨਲ ਅਨੁਸਾਰ ਸ਼ੁੱਧ ਖੇਤੀ ਉਤਪਾਦਕਤਾ ਵਿੱਚ ਕਮੀ ਆਈ ਹੈ ਅਤੇ ਉਤਪਾਦਨ ਲਾਗਤ ਵਧੀ ਹੈ। ਕਿਸਾਨਾਂ ਵੱਲੋਂ ਆਪਣੀ ਫ਼ਸਲ ਵੇਚਣ ਲਈ ਸੁਵਿਧਾਵਾਂ ਦੀ ਘਾਟ ਹੈ ਅਤੇ ਖੇਤੀ ਖੇਤਰ 'ਚ ਰੁਜ਼ਗਾਰ ਘਟਿਆ ਹੈ। ਛੋਟੇ ਅਤੇ ਸੀਮਾਂਤ ਕਿਸਾਨ ਅਤੇ ਖੇਤੀ ਮਜ਼ਦੂਰ ਆਰਥਿਕ ਤੌਰ 'ਤੇ ਤੰਗੀ ਵਿੱਚ ਹਨ। ਛੋਟੇ ਕਿਸਾਨ ਤਾਂ ਭੁੱਖੇ ਮਰਨ ਦੀ ਸਥਿਤੀ 'ਚ ਹਨ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਖੇਤੀ ਖੇਤਰ ਵਿੱਚ ਦੇਸ਼ ਦੇ ਕੁੱਲ ਮਜਜ਼ਦੂਰਾਂ ਦੀ ਗਿਣਤੀ ਦਾ 46 ਫ਼ੀਸਦੀ ਲੱਗਿਆ ਹੋਇਆ ਹੈ ਅਤੇ ਉਹਨਾਂ ਦੀ ਆਮਦਨੀ ਵਿੱਚ ਹਿੱਸੇਦਾਰੀ ਮਸਾਂ 15 ਫ਼ੀਸਦੀ ਹੈ। ਬੇਰੁਜ਼ਗਾਰੀ ਇੰਨੀ ਹੈ ਕਿ ਇਸ ਨੂੰ ਮਾਪਿਆ ਹੀ ਨਹੀਂ ਜਾ ਸਕਦਾ। ਇਹ ਤੱਥ ਛੁਪੇ ਹੋਏ ਹਨ, ਜਾਂ ਛੁਪਾਏ ਜਾ ਰਹੇ ਹਨ। ਖੇਤੀ ਖੇਤਰ ਦੀ ਤ੍ਰਾਸਦੀ ਇਹ ਵੀ ਹੈ ਕਿ ਬਿਨਾਂ ਤਨਖਾਹ ਤੋਂ ਮਜ਼ਦੂਰੀ ਕਰਨ ਵਾਲੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵੱਡੀ ਹੈ। ਇੱਥੇ ਹੀ ਬੱਸ ਨਹੀਂ, ਹੜ੍ਹਾਂ, ਸੋਕੇ, ਗਰਮ ਹਵਾਵਾਂ ਨੇ ਖੇਤੀ ਅਤੇ ਕਿਸਾਨਾਂ ਉੱਤੇ ਹਰ ਕਿਸਮ ਦਾ ਬੋਝ ਵਧਾਇਆ ਹੋਇਆ ਹੈ।

ਪੈਨਲ ਵੱਲੋਂ ਜਾਰੀ ਕੀਤੀ ਗਈ ਅੰਤਿਮ ਰਿਪੋਰਟ ਹੈਰਾਨ ਪਰੇਸ਼ਾਨ ਕਰਨ ਵਾਲ਼ੀ ਹੈ। ਉਸ ਅਨੁਸਾਰ 1995 ਤੋਂ ਹੁਣ ਤੱਕ 4 ਲੱਖ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਨੇ ਇੱਕ ਸਰਵੇ ਕੀਤਾ, ਇਸ ਅਨੁਸਾਰ 2000 ਤੋਂ 2015 ਦੇ ਸਮੇਂ ਵਿਚਕਾਰ ਕਿਸਾਨਾਂ ਤੇ ਖੇਤ ਮਜ਼ਦੂਰੀ ਕਰਨ ਵਾਲ਼ਿਆਂ 16306 ਲੋਕਾਂ ਨੇ ਖੁਦਕੁਸ਼ੀ ਕੀਤੀ ਇਹਨਾਂ ਵਿੱਚੋਂ ਬਹੁਤੀਆਂ ਆਤਮ- ਹੱਤਿਆਵਾਂ ਗਰੀਬ, ਛੋਟੇ ਅਤੇ ਬੇਜ਼ਮੀਨੇ ਮਜ਼ਦੂਰ ਪਰਿਵਾਰਾਂ ਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ। ਕਾਰਨ ਕਰਜ਼ੇ ਦਾ ਵੱਡਾ ਬੋਝ ਹੈ। ਪੰਜਾਬ ਅਤੇ ਹਰਿਆਣਾ ਦੇ ਕਿਸਾਨ ਖ਼ਾਸ ਤੌਰ 'ਤੇ ਸੰਕਟ ਵਿੱਚ ਹਨ। ਹਰੀ ਕ੍ਰਾਂਤੀ ਨੇ ਸ਼ੁਰੂਆਤੀ ਦੌਰ ਵਿੱਚ ਕਿਸਾਨਾਂ ਨੂੰ ਲਾਭ ਪਹੁੰਚਾਇਆ। ਪਰ 1990 ਦੇ ਦਹਾਕੇ ਤੋਂ ਬਾਅਦ ਖੇਤੀ ਉਪਜ ਅਤੇ ਉਤਪਾਦਨ ਵਿੱਚ ਠਹਿਰਾਅ ਆ ਗਿਆ। ਇਸੇ ਦੌਰਾਨ ਹੀ ਅਸਲ ਵਿੱਚ ਕਿਸਾਨ ਕਰਜ਼ਾਈ ਹੋਏ। ਨਾਬਾਰਡ 2023 ਦੀ ਰਿਪੋਰਟ ਅਨੁਸਾਰ 2022-23 'ਚ ਪੰਜਾਬ ਦੇ ਕਿਸਾਨਾਂ ਜ਼ੁੰਮੇ 73673 ਕਰੋੜ ਰੁਪਏ ਦਾ ਕਰਜ਼ਾ ਸੀ ਅਤੇ ਹਰਿਆਣਾ ਦੇ ਕਿਸਾਨਾਂ 'ਤੇ 76630 ਕਰੋੜ ਰੁਪਏ ਦਾ। ਇਹ ਕਰਜ਼ਾ ਬੈਂਕਾਂ ਅਤੇ ਸਹਿਕਾਰੀ ਸੁਸਾਇਟੀਆਂ ਤੋਂ ਲਿਆ ਗਿਆ ਕਰਜ਼ਾ ਸੀ। ਜਦ ਕਿ ਸ਼ਾਹੂਕਾਰਾਂ,ਦਲਾਲਾਂ,ਆੜਤੀਆਂ ਤੋਂ ਲਏ ਕਰਜ਼ੇ ਦਾ ਤਾਂ ਕੋਈ ਹਿਸਾਬ ਹੀ ਨਹੀਂ। ਅਸਲ ਵਿੱਚ ਤਾਂ 90 ਫ਼ੀਸਦੀ ਤੋਂ ਵੱਧ ਛੋਟੇ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ। ਉਹਨਾਂ ਦੇ ਵਿੱਤੀ ਹਾਲਾਤ ਤਰਸਯੋਗ ਹਨ।

ਦੇਸ਼ ਵਿੱਚ ਖੇਤੀ ਖੇਤਰ ਨੂੰ ਪੁਨਰਜੀਵਤ ਕਰਨ ਦੀ ਲੋੜ ਹੈ। ਵਧਦੇ ਹੋਏ ਕਰਜ਼ੇ ਦੇ ਬੁਨਿਆਦੀ ਕਾਰਨਾਂ ਨੂੰ ਸਮਝਣਾ ਪਵੇਗਾ, ਕਿਉਂਕਿ ਪੇਂਡੂਆਂ ਖਾਸ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ 'ਚ ਅਸ਼ਾਂਤੀ ਵਧ ਰਹੀ ਹੈ। ਅਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਦੇਸ਼ ਦੇ ਜ਼ਿਆਦਾਤਰ ਲੋਕਾਂ ਦਾ ਜੀਵਨ ਪੱਧਰ ਉੱਚਾ ਨਹੀਂ ਚੁੱਕਿਆ ਜਾ ਸਕਿਆ। ਕਾਰਨ ਹੋਰ ਵੀ ਬਥੇਰੇ ਹਨ। ਪਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਜੋ ਕੁਝ ਕੁ ਕਦਮ ਚੁੱਕੇ ਗਏ ਹਨ, ਉਹ ਆਮ ਕਿਸਾਨ ਤੱਕ ਨਹੀਂ ਪੁੱਜੇ। ਸਮੇਂ-ਸਮੇਂ 'ਤੇ ਦਿੱਤੀ ਗਈ ਰਾਹਤ ਉਹਨਾਂ ਦੇ ਦਰੀਂ ਨਹੀਂ ਪੁੱਜੀ। ਦਲਾਲ, ਵਿਚੋਲੇ ਇਹਨਾਂ ਨਾ ਮਾਤਰ ਯੋਜਨਾਵਾਂ, ਰਾਹਤਾਂ ਦਾ ਫਾਇਦਾ ਚੁੱਕ ਰਹੇ ਹਨ। ਦਹਾਕਿਆਂ ਪਹਿਲਾਂ ਡਾ: ਸਵਾਮੀਨਾਥਨ ਦੀ ਰਿਪੋਰਟ ਵਿੱਚ ਇਹ ਸੁਝਾਇਆ ਗਿਆ ਸੀ ਕਿ ਕਿਸਾਨਾਂ ਨੂੰ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਦਿੱਤਾ ਜਾਵੇ। ਸੁਪਰੀਮ ਕੋਰਟ ਵੱਲੋਂ ਤੈਅ ਕੀਤੇ ਗਏ ਪੈਨਲ, ਜਿਸ ਵਿੱਚ ਰਿਟਾਇਰਡ ਆਈ.ਪੀ.ਐੱਸ. ਅਧਿਕਾਰੀ ਬੀ.ਐੱਸ. ਸੰਧੂ, ਦੇਵਿੰਦਰ ਸ਼ਰਮਾ, ਪ੍ਰੋ.ਰਣਜੀਤ ਸਿੰਘ ਘੁੰਮਣ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਆਦਿ ਸ਼ਾਮਿਲ ਹਨ, ਨੇ ਵੀ ਸੁਝਾਇਆ ਹੈ ਕਿ ਕਿਸਾਨਾਂ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ ਅਤੇ ਕਰਜ਼ੇ ਵਿੱਚ ਰਾਹਤ ਦਿੱਤੀ ਜਾਵੇ, ਖੇਤੀ ਖੇਤਰ ਲਈ ਰੁਜ਼ਗਾਰ ਸਿਰਜਣ ਦੇ ਉਪਰਾਲੇ ਹੋਣ। ਪਰ ਇਸ ਸਬੰਧੀ ਪਹਿਲੀਆਂ ਸਰਕਾਰਾਂ ਨੇ ਵੀ ਅਤੇ ਹੁਣ ਵਾਲੀ ਭਾਜਪਾ ਸਰਕਾਰ ਨੇ ਵੀ ਚੁੱਪ ਵੱਟੀ ਹੋਈ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਦੇਸ਼ ਦਾ ਖੇਤੀ ਖੇਤਰ 142 ਕਰੋੜ ਦੇਸ਼ ਵਾਸੀਆਂ,ਜਿਨ੍ਹਾਂ ਵਿੱਚ 81 ਕਰੋੜ ਉਹ ਲੋਕ ਹਨ,ਜਿਨ੍ਹਾਂ ਨੂੰ ਮੁਫ਼ਤ ਵਿੱਚ ਅਨਾਜ ਮੁਹੱਈਆ ਕੀਤਾ ਜਾਂਦਾ ਹੈ, ਲਈ ਅਤਿਅੰਤ ਜ਼ਰੂਰੀ ਹੈ। ਸਰਕਾਰ ਇਸ ਖੇਤਰ ਦੇ ਵਾਧੇ ਲਈ ਯਤਨ ਕਰਨ ਦੀ ਬਜਾਏ, ਇਸ ਖੇਤਰ ਨੂੰ ਮਾਰਨ ਵੱਲ ਤੁਰੀ ਹੋਈ ਹੈ। ਖੇਤੀ ਖੇਤਰ ਜੋ ਦੇਸ਼ ਨੂੰ ਵੱਡਾ ਰੁਜ਼ਗਾਰ ਮੁਹੱਈਆ ਕਰ ਰਿਹਾ ਹੈ, ਉਸਨੂੰ ਉਤਸ਼ਾਹਿਤ ਕਰਨ ਅਤੇ ਇਸ ਖੇਤਰ 'ਚ ਹੋਰ ਮੌਕੇ ਮੁਹੱਈਆਂ ਕਰਨ ਵੱਲ ਕੋਈ ਧਿਆਨ ਨਾ ਦੇ ਕੇ, ਇਸ ਨੂੰ ਕਾਰਪੋਰੇਟ ਘਰਾਣਿਆਂ ਹੱਥ ਸੌਂਪਣ ਦੇ ਯਤਨ ਹੋ ਰਹੇ ਹਨ। ਜਿਵੇਂ ਦੇਸ਼ ਦੇ ਸਾਂਝੇ ਕੁਦਰਤੀ ਸਾਧਨ, ਕਾਰਪੋਰੇਟਾਂ,ਧੰਨ ਕਬੇਰਾਂ ਨੂੰ ਸੌਂਪੇ ਜਾ ਰਹੇ ਹਨ।

ਸਰਵਜਨਕ ਸੰਸਥਾਵਾਂ ਰੇਲਵੇ ਆਦਿ ਦਾ ਨਿੱਜੀਕਰਨ ਹੋ ਰਿਹਾ ਹੈ। ਖੇਤੀ ਜ਼ਮੀਨ ਵੀ ਕਾਰਪੋਰੇਟਾਂ ਨੂੰ ਸੌਂਪਣ ਦੀਆਂ ਸਾਜਿਸ਼ਾਂ ਹੋ ਰਹੀਆਂ ਹਨ। ਜਿਸ ਨਾਲ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਜਾਏਗੀ। ਇੱਕ ਸਰਵੇ ਅਨੁਸਾਰ 2035 ਛੋਟੇ ਕਿਸਾਨ ਹਰ ਰੋਜ਼ ਸਰਕਾਰੀ ਨੀਤੀਆਂ ਤੋਂ ਤੰਗ ਆ ਕੇ ਖੇਤੀ ਛੱਡਣ ਲਈ ਮਜਬੂਰ ਹੋ ਰਹੇ ਹਨ। ਭਾਵੇਂ ਕਿ ਦੇਸ਼ ਦੇ ਕੁੱਲ ਛੋਟੇ ਕਿਸਾਨਾਂ ਵਿੱਚੋਂ 84 ਫ਼ੀਸਦੀ ਛੋਟੇ ਕਿਸਾਨ ਖੇਤੀ ਨਹੀਂ ਛੱਡਣਾ ਚਾਹੁੰਦੇ। ਯਾਦ ਰਹੇ ਕਿ ਕਿ ਦੇਸ਼ ਦੇ ਕੁੱਲ ਕਿਸਾਨਾਂ ਵਿੱਚੋਂ 78 ਫ਼ੀਸਦੀ ਉਹ ਛੋਟੇ ਕਿਸਾਨ ਹਨ,ਜਿਨ੍ਹਾਂ ਕੋਲ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਇਸੇ ਜ਼ਮੀਨ ਉਤੇ ਉਹ ਆਪਣੇ ਪਰਿਵਾਰ ਦੀ ਦੋ ਡੰਗ ਦੀ ਰੋਟੀ ਚਲਾਉਂਦੇ ਹਨ। 2024 ਦੇ ਇਕਨਾਮਿਕ ਸਰਵੇ ਅਨੁਸਾਰ ਵੀ 2022-23 ਵਿੱਚ 4.7 ਫ਼ੀਸਦੀ ਦੀ ਥਾਂ ਖੇਤੀ ਉਤਪਾਦਨ 1.4 ਫ਼ੀਸਦੀ ਹੀ ਵਧਿਆ। ਜਦਕਿ ਦੇਸ਼ ਵਿੱਚ ਅਬਾਦੀ ਦਾ ਵਾਧਾ ਲਗਾਤਾਰ ਜਾਰੀ ਹੈ ਅਤੇ ਇਸ ਆਬਾਦੀ ਦੇ ਖਾਧ ਪਦਾਰਥਾਂ ਦੀ ਲੋੜ ਖੇਤੀ ਖੇਤਰ ਨੇ ਪੂਰੀ ਕਰਨੀ ਹੈ। ਇਸੇ ਕਰਕੇ ਖੇਤੀ ਖੇਤਰ ਦੇਸ਼ ਲਈ ਜ਼ਰੂਰੀ ਹੈ।

(ਬਾਕੀ ਸਫ਼ਾ 31 'ਤੇ)

# ਚੀਨ ਕਾਰਨ ਭਾਰਤ ਤੇ ਟਰੰਪ ਪ੍ਰਸ਼ਾਸਨ ਦੇ ਸਬੰਧਾਂ ਵਿੱਚ ਸੁਧਾਰ ਆਉਣ ਦੀ ਸੰਭਾਵਨਾ

ਹਰਸ਼.ਵੀ.ਪੰਤ

ਰਾਸ਼ਟਰਪਤੀ ਚੋਣਾਂ ਜਿੱਤਣ ਤੋਂ ਬਾਅਦ ਡੋਨਾਲਡ ਟਰੰਪ ਨੇ ਆਪਣੇ ਪ੍ਰਸ਼ਾਸਨ ਨੂੰ ਆਕਾਰ ਦੇਣਾ ਵੀ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਉਨ੍ਹਾਂ ਦੇ ਵਿਆਪਕ ਦ੍ਰਿਸ਼ਟੀਕੋਣ ਅਤੇ ਭਾਵੀ ਨੀਤੀਆਂ ਦੀ ਵੀ ਕੁਝ ਝਲਕ ਦਿਖਾਈ ਦਿੰਦੀ ਹੈ। ਅਮਰੀਕਾ ਕਿਉਂਕਿ ਇਕ ਬਹੁਤ ਹੀ ਤਲਖ਼ ਅਤੇ ਤਣਾਅ ਭਰੇ ਚੁਣਾਵੀ ਦੌਰ 'ਚੋਂ ਗੁਜ਼ਰਿਆ ਹੈ ਤਾਂ ਨਵੇਂ ਪ੍ਰਸ਼ਾਸਨ 'ਤੇ ਵੀ ਉਸ ਦੀ ਤਤਕਾਲੀ ਛਾਪ ਦਿਖਾਈ ਦੇ ਰਹੀ ਹੈ।

ਆਪਣੇ ਨਵੇਂ ਪ੍ਰਸ਼ਾਸਨ ਦੀ ਚੋਣ ਵਿੱਚ ਸਪਸ਼ਟ ਹੈ ਕਿ ਡੋਨਾਲਡ ਟਰੰਪ ਨੇ ਉਨ੍ਹਾਂ ਮੁੱਦਿਆਂ 'ਤੇ ਤੇਜ਼ ਲੋਕਾਂ ਨੂੰ ਚੁਣਿਆ ਹੈ ਜਿਨ੍ਹਾਂ ਨੂੰ ਉਸ ਨੇ ਆਪਣੀ ਚੋਣ ਮੁਹਿੰਮ ਦੇ ਕੇਂਦਰ ਵਿੱਚ ਰੱਖਿਆ ਸੀ। ਨਾਲ ਹੀ ਆਪਣੇ ਵਫ਼ਾਦਾਰਾਂ 'ਤੇ ਵੀ ਉਨ੍ਹਾਂ ਨੇ ਭਰਪੂਰ ਮਿਹਰਬਾਨੀ ਕੀਤੀ ਹੈ। ਅਗਲੇ ਸਾਲ ਦੀ ਸ਼ੁਰੂਆਤ ਵਿੱਚ ਜਦ ਬਤੌਰ ਰਾਸ਼ਟਰਪਤੀ ਉਹ ਦੂਜਾ ਕਾਰਜਕਾਲ ਸ਼ੁਰੂ ਕਰਨਗੇ ਤਾਂ ਸੂਜੀ ਵਾਈਲਜ਼ ਉਨ੍ਹਾਂ ਦੀ ਚੀਫ ਆਫ ਸਟਾਫ ਦੀ ਭੂਮਿਕਾ ਵਿੱਚ ਰਹੇਗੀ। ਇਹ ਅਹੁਦਾ ਸੰਭਾਲਣ ਵਾਲੀ ਵਾਈਲਜ਼ ਪਹਿਲੀ ਮਹਿਲਾ ਹੋਵੇਗੀ।

ਉਹ ਟਰੰਪ ਦੀ ਚੋਣ ਮੁਹਿੰਮ ਸੰਚਾਲਨ ਦੇ ਮੋਹਰੀ ਲੋਕਾਂ ਨਾਲ ਜੁੜੀ ਰਹੀ ਅਤੇ ਉਸ ਦੀ ਸਫਲਤਾ ਤੇ ਸੰਗਠਿਤ ਚੋਣ ਮੁਹਿੰਮ ਦਾ ਸਿਹਰਾ ਇੱਕ ਵੱਡੀ ਹੱਦ ਤੱਕ ਵਾਈਲਜ਼ ਨੂੰ ਦਿੱਤਾ ਜਾ ਰਿਹਾ ਹੈ। ਜਿੱਥੇ ਤੱਕ ਟਰੰਪ ਦੇ ਮੂਲ ਮੁੱਦਿਆਂ ਦੀ ਗੱਲ ਹੈ ਤਾਂ ਪੂਰੀ ਚੋਣ ਮੁਹਿੰਮ ਵਿੱਚ ਹੀ ਉਨ੍ਹਾਂ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਦਾ ਮੁੱਦਾ ਕੇਂਦਰ ਵਿੱਚ ਰੱਖਿਆ। ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਟਰੰਪ ਅਮਰੀਕਾ ਦੀ ਕੌਮੀ ਸੁਰੱਖਿਆ ਤੋਂ ਲੈ ਕੇ ਅਮਰੀਕੀ ਨਾਗਰਿਕਾਂ ਲਈ ਖ਼ਤਰਾ ਵੀ ਮੰਨਦੇ ਹਨ। ਚੋਣ ਜਿੱਤਣ ਤੋਂ ਬਾਅਦ ਵੀ ਉਨ੍ਹਾਂ ਨੇ ਕਈ ਵਾਰ ਦੁਹਰਾਇਆ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਲਗਪਗ ਇੱਕ ਕਰੋੜ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਖਦੇੜ ਕੇ ਹੀ ਦਮ ਲਵੇਗਾ।



ਇੰਨੇ ਵੱਡੇ ਪੈਮਾਨੇ 'ਤੇ ਮੁਹਿੰਮ ਚਲਾਉਣ ਦੇ ਰਾਹ ਵਿੱਚ ਆਉਣ ਵਾਲੇ ਸੰਭਾਵੀ ਅੜਿੱਕਿਆਂ ਨੂੰ ਦਰਕਿਨਾਰ ਕਰਦੇ ਹੋਏ ਟਰੰਪ ਨੇ ਕਿਹਾ ਕਿ ਇਸ ਮੁਹਿੰਮ ਦੀਆਂ ਜਟਿਲਤਾਵਾਂ ਤੇ ਲਾਗਤ ਦੀ ਉਨ੍ਹਾਂ ਨੂੰ ਪਰਵਾਹ ਨਹੀਂ ਅਤੇ ਇਸ ਨੂੰ ਕਿਸੇ ਵੀ ਤਰ੍ਹਾਂ ਅੰਜਾਮ ਦਿੱਤਾ ਜਾਵੇਗਾ। ਇਸ ਮੁਹਿੰਮ ਦੀ ਕਮਾਨ ਸੰਭਾਲਣ ਦਾ ਜ਼ਿੰਮਾ ਉਨ੍ਹਾਂ ਨੇ ਟੌਮ ਹੋਮਨ ਨੂੰ ਸੌਂਪਿਆ ਹੈ।

ਹੋਮਲੈਂਡ ਸਕਿਉਰਿਟੀ ਵਿਭਾਗ ਦੇ ਮੁਖੀ ਬਣੇ ਟੌਮ ਹੋਮਨ ਦਾ ਇਸ ਮੁੱਦੇ 'ਤੇ ਹਮਲਾਵਰ ਰੌਅ ਕਿਸੇ ਤੋਂ ਲੁਕਿਆ ਨਹੀਂ ਹੈ। ਉਥੇ ਹੀ, ਉਪ ਨੀਤੀ ਪ੍ਰਮੁੱਖ ਦੇ ਰੂਪ ਵਿੱਚ ਸਟੀਵਨ ਮਿਲਰ ਕੋਲ ਵੀ ਇਸ ਦਾ ਇੱਕ ਵੱਡਾ ਦਾਰੋਮਦਾਰ ਹੋਵੇਗਾ। ਵਰਣਨਯੋਗ ਹੈ ਕਿ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਟਰੰਪ ਨੇ ਆਪਣਾ ਚੋਣ ਮੁੱਦਾ ਬਣਾਇਆ ਸੀ।

ਅਮਰੀਕਾ ਦੇ ਨਾਗਰਿਕ ਵੀ ਪਰਵਾਸੀਆਂ ਨੂੰ ਵੱਡੇ ਪੱਧਰ 'ਤੇ ਨਾਗਰਿਕਤਾ ਦੇਣ ਦੇ ਵਿਰੁੱਧ ਹਨ। ਅਮਰੀਕੀ ਰਾਜਨੀਤੀ ਵਿੱਚ ਵਿਦੇਸ਼ ਨੀਤੀ ਦੀ ਆਪਣੀ ਮਹੱਤਤਾ ਹੈ ਤੇ ਰਾਸ਼ਟਰਪਤੀ ਤੋਂ ਬਾਅਦ ਪ੍ਰਸ਼ਾਸਨ 'ਚ ਜੇ ਸਭ ਤੋਂ ਵੱਧ ਨਜ਼ਰਾਂ ਕਿਸੇ ਨਿਯੁਕਤੀ 'ਤੇ ਲੱਗੀਆਂ ਹੁੰਦੀਆਂ ਹਨ ਤਾਂ ਸੰਭਵ ਤੌਰ 'ਤੇ ਉਹ ਵਿਦੇਸ਼ ਮੰਤਰੀ ਦਾ ਅਹੁਦਾ ਹੁੰਦਾ ਹੈ। ਇਸ ਦਾ ਇੱਕ ਵੱਡਾ ਕਾਰਨ ਬਾਕੀ ਦੁਨੀਆਂ ਨਾਲ ਅਮਰੀਕਾ ਦੀ ਸਰਗਰਮੀ ਅਤੇ ਉਸ ਦਾ ਆਲਮੀ ਅਸਰ ਹੈ।

ਇਸ ਅਹੁਦੇ ਲਈ ਟਰੰਪ ਨੇ ਸੈਨੇਟਰ ਮਾਰਕੋ ਰੂਬੀਓ ਨੂੰ ਚੁਣਿਆ ਹੈ ਅਤੇ ਉਨ੍ਹਾਂ ਦੀ ਚੋਣ ਦੀ ਵਜ੍ਹਾ ਵੀ ਇਕਦਮ ਸਪਸ਼ਟ ਹੈ ਕਿ ਉਹ ਚੀਨ ਤੋਂ ਲੈ ਕੇ ਇਰਾਨ ਤੱਕ ਸਖ਼ਤ ਵਿਦੇਸ਼ ਨੀਤੀ ਬਣਾਉਣ ਦੀ ਵਕਾਲਤ ਕਰਦੇ ਆਏ ਹਨ। ਟਰੰਪ ਚੀਨ ਨੂੰ ਅਮਰੀਕੀ ਚੜ੍ਹਤ ਲਈ ਸਭ ਤੋਂ ਵੱਡਾ ਖ਼ਤਰਾ ਮੰਨਦੇ ਹਨ ਅਤੇ ਉਸ ਦੀ ਕਾਟ ਤਲਾਸ਼ਣ ਦਾ ਜ਼ਿੰਮਾ ਰੂਬੀਓ 'ਤੇ ਹੋਵੇਗਾ। ਇਸੇ ਤਰ੍ਹਾਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਯਾਨੀ ਐੱਨਐੱਸਏ ਅਹੁਦੇ 'ਤੇ ਵੀ ਲੋਕਾਂ ਦੀਆਂ ਨਜ਼ਰਾਂ ਟਿਕੀਆਂ ਹੁੰਦੀਆਂ ਹਨ। ਉਸ ਵਾਸਤੇ ਟਰੰਪ ਨੇ ਤਮਾਮ ਚਰਚਿਤ ਨਾਵਾਂ ਦੌਰਾਨ ਮਾਈਕ ਵਾਲਟਜ਼ ਨੂੰ ਚੁਣਿਆ ਹੈ ਜੋ ਚੀਨ ਤੋਂ ਲੈ ਕੇ ਪਾਕਿਸਤਾਨ ਪ੍ਰਤੀ ਸਖ਼ਤ ਰਵੱਈਏ ਲਈ ਜਾਣੇ ਜਾਂਦੇ ਹਨ। ਵਾਲਟਜ਼ ਇੰਡੀਆ ਕਾਕਸ ਯਾਨੀ ਭਾਰਤ ਦੇ ਪੱਖ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਮੰਚ ਦੇ ਬੇਹੱਦ ਸਰਗਰਮ ਮੈਂਬਰ ਰਹੇ ਹਨ। ਖ਼ੁਫ਼ੀਆ ਵਿਭਾਗ ਦੀ ਨਿਰਦੇਸ਼ਕ ਦੇ ਤੌਰ 'ਤੇ ਹਿੰਦੂ ਅਮਰੀਕੀ ਤੁਲਸੀ ਗੋਬਾਰਡ ਦੀ ਚੋਣ ਵੀ ਬਹੁਤ ਕੁਝ ਸੰਦੇਸ਼ ਦਿੰਦੀ ਹੈ। ਗੋਬਾਰਡ ਇਹੀ ਮੰਨਦੀ ਆਈ ਹੈ ਕਿ ਅਮਰੀਕਾ ਨੂੰ ਵਿਸ਼ਵ ਵਿੱਚ ਬਹੁਤ ਜ਼ਿਆਦਾ ਦਖ਼ਲਅੰਦਾਜ਼ੀ ਕਰਨ ਤੋਂ ਬਚਣਾ ਚਾਹੀਦਾ ਹੈ।

ਉਸ ਦਾ ਇਹ ਦ੍ਰਿਸ਼ਟੀਕੋਣ ਟਰੰਪ ਦੀਆਂ ਵਿਆਪਕ ਨੀਤੀਆਂ ਨਾਲ ਕਾਫ਼ੀ ਮੇਲ ਖਾਂਦਾ ਹੈ ਅਤੇ ਉਹ ਇਸ ਅਹਿਮ ਅਹੁਦੇ ਲਈ ਪਹਿਲੀ ਪਸੰਦ ਬਣਨ ਵਿੱਚ ਕਾਮਯਾਬ ਰਹੀ। ਸਿਹਤ ਮੰਤਰੀ ਲਈ ਰਾਬਰਟ ਕੈਨੇਡੀ ਜੂਨੀਅਰ ਦੀ ਚੋਣ ਵੀ ਕਾਫ਼ੀ ਚਰਚਾ ਵਿੱਚ ਹੈ। ਸਿਹਤ ਨੂੰ ਲੈ ਕੇ ਰਵਾਇਤੀ ਦ੍ਰਿਸ਼ਟੀਕੋਣ ਰੱਖਣ ਵਾਲੇ ਕੈਨੇਡੀ ਜੂਨੀਅਰ ਵੈਕਸੀਨ ਨਾਲ ਜੁੜੀ ਮੁਹਿੰਮ ਨੂੰ ਲੈ ਕੇ ਵੀ ਚਰਚਾ ਵਿੱਚ ਰਹਿ ਚੁੱਕੇ ਹਨ। ਇਨ੍ਹਾਂ ਤਮਾਮ ਨਿਯੁਕਤੀਆਂ ਦੌਰਾਨ ਰੱਖਿਆ ਮੰਤਰੀ ਦੇ ਤੌਰ 'ਤੇ ਪੀਟ ਹੈਗਸੇਥ ਦੀ ਚੋਣ ਜ਼ਰੂਰ ਕੁਝ ਹੈਰਾਨ ਕਰਨ ਵਾਲੀ ਰਹੀ। ਇਸ ਅਹਿਮ ਜ਼ਿੰਮੇਵਾਰੀ ਲਈ ਹੇਗਸੇਥ ਕੋਲ ਬਹੁਤ ਜ਼ਿਆਦਾ ਪ੍ਰਸ਼ਾਸਕੀ ਤਜਰਬਾ ਨਹੀਂ ਹੈ ਅਤੇ ਹਾਲ ਤੱਕ ਉਹ ਇੱਕ ਟਿੱਪਣੀਕਾਰ ਦੇ ਰੂਪ ਵਿੱਚ ਹੀ ਸਰਗਰਮ ਰਹੇ। ਉਨ੍ਹਾਂ ਦੀ ਨਿਯੁਕਤੀ 'ਤੇ ਰਿਪਬਲਿਕਨ ਖੇਮੇ ਵਿੱਚੋਂ ਹੀ ਕੁਝ ਸਵਾਲ ਵੀ ਉੱਠੇ ਪਰ ਟਰੰਪ ਦੀ ਸ਼ਖ਼ਸੀਅਤ ਨੂੰ ਦੇਖਦੇ ਹੋਏ ਅਜਿਹੇ ਸਵਾਲ ਸਤ੍ਹਾ 'ਤੇ ਹੀ ਤੈਰਦੇ ਰਹੇ।

ਟਰੰਪ ਜਿਸ ਤਰ੍ਹਾਂ ਦੇ ਨੇਤਾ ਹਨ, ਉਸ ਨੂੰ ਦੇਖਦੇ ਹੋਏ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਜੋ ਉਹ ਆਖ ਰਹੇ ਹਨ, ਉਸ ਨੂੰ ਤਣ-ਪੱਤਣ ਲਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਦੇ ਅੜਬ ਸੁਭਾਅ ਨੂੰ ਉਨ੍ਹਾਂ ਦੇ ਪਿਛਲੇ ਕਾਰਜਕਾਲ ਵਿੱਚ ਖ਼ੂਬ ਦੇਖਿਆ ਗਿਆ ਸੀ। ਹੁਣ ਵੀ ਉਨ੍ਹਾਂ ਦੇ ਉਹੀ ਤੇਵਰ ਦੇਖਣ ਨੂੰ ਮਿਲ ਸਕਦੇ ਹਨ।

ਟਰੰਪ ਦੇ ਪ੍ਰਸ਼ਾਸਨ ਦੇ ਇਸ ਸਰੂਪ ਨੂੰ ਦੇਖਦੇ ਹੋਏ ਕੁਝ ਜਾਣਕਾਰ ਇਹ ਕਹਿ ਰਹੇ ਹਨ ਕਿ ਨਵੇਂ ਚੁਣੇ ਰਾਸ਼ਟਰਪਤੀ ਨੇ ਮੁਹਾਰਤ ਜਾਂ ਕਾਬਲੀਅਤ 'ਤੇ ਵਫ਼ਾਦਾਰੀ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਦੀ ਟੀਮ ਵਿੱਚ ਚੀਫ ਆਫ ਸਟਾਫ ਤੋਂ ਲੈ ਕੇ ਐੱਨਐੱਸਏ ਤੱਕ ਸਾਰੇ ਨਾਂ ਅਜਿਹੇ ਹਨ ਜੋ ਲੰਬੇ ਸਮੇਂ ਤੋਂ ਉਨ੍ਹਾਂ ਦੇ ਵਫ਼ਾਦਾਰ ਰਹੇ। ਇੱਥੋਂ ਤੱਕ ਕਿ ਬੜੇ ਜੋਸ਼ੋ-ਖਰੋਸ਼ ਨਾਲ ਉਨ੍ਹਾਂ ਦੀ ਚੋਣ ਮੁਹਿੰਮ ਦਾ ਸਮਰਥਨ ਕਰ ਰਹੇ ਦਿੱਗਜ ਸਨਅਤਕਾਰ ਐਲਨ ਮਸਕ ਲਈ ਤਾਂ ਟਰੰਪ ਨੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ ਵਰਗੇ ਨਵੇਂ ਵਿਭਾਗ ਦਾ ਗਠਨ ਕਰ ਦਿੱਤਾ ਹੈ ਜਿਸ ਵਿੱਚ ਭਾਰਤੀ ਮੂਲ ਦੇ ਅਮਰੀਕੀ ਵਿਵੇਕ ਰਾਮਾਸਵਾਮੀ ਉਨ੍ਹਾਂ ਦੇ ਜੋੜੀਦਾਰ ਹੋਣਗੇ। ਚੋਣਾਂ ਦੌਰਾਨ ਇੰਟਰਨੈੱਟ ਮੀਡੀਆ 'ਤੇ ਡੀਓਜੀਈ ਦੇ ਰੂਪ ਵਿੱਚ ਸਾਹਮਣੇ ਆਇਆ ਇਹ ਸ਼ਗੂਫਾ ਹੁਣ ਸਾਕਾਰ ਰੂਪ ਲੈ ਚੁੱਕਾ ਹੈ। ਟਰੰਪ ਪ੍ਰਸ਼ਾਸਨ ਵਿਚ ਜੇ ਕਿਸੇ ਇੱਕ ਪਹਿਲ 'ਤੇ ਸਭ ਤੋਂ ਵੱਧ ਨਜ਼ਰਾਂ ਟਿਕੀਆਂ ਹੋਈਆਂ ਹਨ ਤਾਂ ਉਹ ਇਹੀ ਵਿਭਾਗ ਹੈ। ਇਸ ਵਿਭਾਗ ਨੂੰ ਜ਼ਿੰਮਾ ਦਿੱਤਾ ਗਿਆ ਹੈ ਕਿ ਉਹ ਸਰਕਾਰੀ ਫ਼ਜ਼ੂਲਖ਼ਰਚੀ ਦੀ ਪਛਾਣ ਕਰ ਕੇ ਉਸ ਨੂੰ ਘਟਾਉਣ ਦੇ ਉਪਾਅ ਤਲਾਸ਼ੇ। ਇਸ ਵਾਸਤੇ ਰਾਸ਼ਟਰਪਤੀ ਟਰੰਪ ਨੇ ਐਲਨ ਮਸਕ ਅਤੇ ਵਿਵੇਕ ਰਾਮਾਸਵਾਮੀ ਨੂੰ ਜੁਲਾਈ 2026 ਤੱਕ ਦਾ ਸਮਾਂ ਦਿੱਤਾ ਹੈ।

ਇਸੇ ਸਾਲ ਅਮਰੀਕਾ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮਨਾਏਗਾ। ਸਰਕਾਰੀ ਖ਼ਰਚੇ ਨੂੰ ਘਟਾਉਣਾ ਵੀ ਟਰੰਪ ਦੇ ਪ੍ਰਮੁੱਖ ਚੋਣ ਮੁੱਦਿਆਂ 'ਚੋਂ ਇੱਕ ਰਿਹਾ ਹੈ। ਭਾਰਤ ਦੇ ਦ੍ਰਿਸ਼ਟੀਕੋਣ ਨਾਲ ਦੇਖਿਆ ਜਾਵੇ ਤਾਂ ਟਰੰਪ ਪ੍ਰਸ਼ਾਸਨ ਦੀ ਨਵੀਂ ਤਸਵੀਰ ਉਸ ਵਾਸਤੇ ਉਮੀਦਾਂ ਜਗਾਉਣ ਵਾਲੀ ਹੈ। ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨਾਲ ਨਾ ਸਿਰਫ਼ ਭਾਰਤ ਦੇ ਇੱਕ ਵੱਡੇ ਲਾਭਪਾਤਰੀ ਬਣਨ ਦੇ ਆਸਾਰ ਹਨ ਬਲਕਿ ਭੂ-ਰਾਜਨੀਤਕ ਮੋਰਚੇ 'ਤੇ ਵੀ ਉਸ ਦਾ ਕੱਦ ਵਧੇਗਾ।

ਟਰੰਪ ਪ੍ਰਸ਼ਾਸਨ ਵਿੱਚ ਜ਼ਿਆਦਾਤਰ ਚਿਹਰੇ ਭਾਰਤ ਸਮਰਥਕ ਹਨ। ਇਸ ਤੋਂ ਵੀ ਵਧ ਕੇ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਨਿੱਘੇ ਸਬੰਧਾਂ ਕਾਰਨ ਇਹ ਦੁਵੱਲੀ ਸਾਂਝ ਆਉਣ ਵਾਲੇ ਦਿਨਾਂ ਵਿੱਚ ਨਵੀਂ ਉੱਚਾਈ 'ਤੇ ਪੁੱਜ ਸਕਦੀ ਹੈ। ਚੀਨੀ ਹਮਲਾਵਰ ਰੁਖ਼ ਅਤੇ ਵਿਸਥਾਰਵਾਦ ਸਮੇਤ ਕਈ ਮੁੱਦਿਆਂ 'ਤੇ ਦੋਵੇਂ ਸਰਕਾਰਾਂ ਦੀ ਸੋਚ ਵੀ ਇਕਸਮਾਨ ਹੈ। ਟਰੰਪ ਪ੍ਰਸ਼ਾਸਨ ਕਿਉਂਕਿ ਚੀਨ ਦੇ ਵਿਰੁੱਧ ਹੋਰ ਹਮਲਾਵਰ ਰੁਖ਼ ਅਪਣਾਵੇਗਾ ਤਾਂ ਇਸ ਤੋਂ ਉਪਜਣ ਵਾਲੀ ਸਥਿਤੀ ਵਿੱਚ ਉਸ ਨੂੰ ਭਾਰਤ ਦੀ ਕਿਤੇ ਜ਼ਿਆਦਾ ਜ਼ਰੂਰਤ ਹੋਵੇਗੀ। ਹਿੰਦ-ਪ੍ਰਸ਼ਾਂਤ ਦੀ ਸੁਰੱਖਿਆ ਤੋਂ ਲੈ ਕੇ ਆਰਥਿਕ ਹਿੱਤਾਂ ਨੂੰ ਲੈ ਕੇ ਵੀ ਸਹਿਮਤੀ ਵਧਣ ਦੇ ਆਸਾਰ ਹਨ।

-(ਲੇਖਕ ਨਵੀਂ ਦਿੱਲੀ ਸਥਿਤ ਅਬਜ਼ਰਵਰ ਰਿਸਰਚ ਫਾਊਂਡੇਸ਼ਨ ਵਿੱਚ ਉਪ ਮੁਖੀ ਹੈ)

# ਮਹਿੰਗਾਈ ਤੇ ਵਿਕਾਸ



ਡਾ. ਜਯੰਤੀ ਲਾਲ ਭੰਡਾਰੀ
ਅਰਥ ਸ਼ਾਸਤਰੀ

ਵਿਸ਼ਵ ਪੱਧਰੀ ਕ੍ਰੈਡਿਟ ਰੇਟਿੰਗ ਏਜੰਸੀ ਮੂਡੀਜ਼ ਨੇ ਭਾਰਤ 'ਚ ਮਹਿੰਗਾਈ ਤੇ ਵਿਕਾਸ ਵਿਚਾਲੇ ਸੰਤੁਲਨ ਬਣਾਈ ਰੱਖਣ ਦੀ ਸ਼ਲਾਘਾ ਕੀਤੀ ਹੈ। ਇਸੇ ਤਰ੍ਹਾਂ ਵਿਸ਼ਵ ਪੱਧਰੀ ਸਾਖ਼ ਤੈਅ ਕਰਨ ਵਾਲੀ ਏਜੰਸੀ ਐੱਸਐਂਡਪੀ ਗਲੋਬਲ ਰੇਟਿੰਗਜ਼ ਨੇ ਵੀ ਆਪਣੀ ਰਿਪੋਟਰ 'ਚ ਕਿਹਾ ਹੈ ਕਿ ਭਾਰਤ 'ਚ ਖ਼ੁਰਾਕੀ ਪਦਾਰਥਾਂ ਦੀਆਂ ਵਧਦੀਆਂ ਹੋਈਆਂ ਕੀਮਤਾਂ ਨਾਲ ਮਹਿੰਗਾਈ ਵਧੀ ਹੈ ਪਰ ਜਿਸ ਤਰ੍ਹਾਂ ਭਾਰਤ 'ਚ ਪੂਰਤੀ ਸਮਰੱਥਾ ਤੇਜ਼ੀ ਨਾਲ ਵਧ ਰਹੀ ਹੈ, ਉਸ ਨਾਲ ਆਉਣ ਵਾਲੇ ਦਿਨਾਂ 'ਚ ਮਹਿੰਗਾਈ ਦੇ ਦਬਾਅ ਨੂੰ ਘੱਟ ਕਰਨ 'ਚ ਮਦਦ ਮਿਲੇਗੀ।

ਮੂਡੀਜ਼ ਤੇ ਐੱਸਐਂਡਪੀ ਗਲੋਬਲ ਰੇਟਿੰਗਜ਼ ਦੀ ਰਿਪੋਰਟ ਅਜਿਹੇ ਸਮੇਂ ਪੇਸ਼ ਹੋਈ ਹੈ, ਜਦ ਇੱਕ ਪਾਸੇ ਦੇਸ਼ ਦੇ ਉਦਯੋਗ ਤੇ ਕਾਰੋਬਾਰ ਨਾਲ ਜੁੜੇ ਸੰਗਠਨਾਂ ਵੱਲੋਂ ਤੇਜ਼ ਵਿਕਾਸ ਲਈ ਨੀਤੀਗਤ ਵਿਆਜ ਦਰਾਂ ਘਟਾਉਣ ਦੀ ਲੋੜ ਦੱਸੀ ਜਾ ਰਹੀ ਹੈ, ਉਥੇ ਦੂਜੇ ਪਾਸੇ ਦੇਸ਼ ਦੇ ਉਪਭੋਗਤਾ ਵਰਗ ਵੱਲੋਂ ਮਹਿੰਗਾਈ ਦੇ ਕੰਟਰੋਲ ਲਈ ਹੋਰ ਪੁਖ਼ਤਾ ਕਦਮ ਚੁੱਕਣ ਦੀ ਲੋੜ ਦੱਸੀ ਜਾ ਰਹੀ ਹੈ। ਇਨ੍ਹਾਂ ਹਾਲਾਤ 'ਚ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪਿਯੂਸ਼ ਗੋਇਲ ਨੇ ਇਕ ਟੀਵੀ ਚੈਨਲ 'ਤੇ ਪ੍ਰੋਗਰਾਮ 'ਚ ਕਿਹਾ ਹੈ ਕਿ ਦੇਸ਼ 'ਚ ਆਰਬੀਆਈ ਵੱਲੋਂ ਅਰਥਚਾਰੇ ਤੇ ਵਿਕਾਸ ਨੂੰ ਉਤਸ਼ਾਹ ਦੇਣ ਲਈ ਵਿਆਜ ਦਰਾਂ 'ਚ ਕਟੌਤੀ ਕਰਨੀ ਚਾਹੀਦੀ ਹੈ। ਵਿਆਜ ਦਰ ਘਟਾਉਣ ਜਾਂ ਵਧਾਉਣ ਦਾ ਫ਼ੈਸਲਾ ਖ਼ੁਰਾਕੀ ਮਹਿੰਗਾਈ ਦੇ ਹਿਸਾਬ ਨਾਲ ਲੈਣ ਦਾ ਸਿਧਾਂਤ ਸਹੀ ਨਹੀਂ ਹੈ। ਉਥੇ ਆਰਬੀਆਈ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਹੈ ਕਿ ਵਿਸ਼ਵ ਪੱਧਰੀ ਚੁਣੌਤੀਆਂ ਦੇ ਬਾਵਜੂਦ ਵਾਜਬ ਮੁਦਰਾ ਨੀਤੀ ਨਾਲ ਮਹਿੰਗਾਈ 'ਤੇ ਕੰਟਰੋਲ ਦੇ ਨਾਲ ਭਾਰਤੀ ਅਰਥਚਾਰਾ ਸੁਚਾਰੂ ਤਰੀਕੇ ਨਾਲ ਅੱਗੇ ਵਧ ਰਿਹਾ ਹੈ।




ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਇਸ ਸਮੇਂ ਦੇਸ਼ 'ਚ ਖ਼ੁਰਾਕੀ ਪਦਾਰਥਾਂ ਦੀ ਤੇਜ਼ੀ ਨਾਲ ਵਧਦੀ ਮਹਿੰਗਾਈ ਦੇ ਕੰਟਰੋਲ ਤੇ ਵਿਕਾਸ ਦੀਆਂ ਲੋੜਾਂ ਵਿਚਾਲੇ ਵਾਜਬ ਤਾਲਮੇਲ ਜ਼ਰੂਰੀ ਹੈ। ਰਾਸ਼ਟਰੀ ਅੰਕੜਾ ਦਫ਼ਤਰ ਦੇ ਅੰਕੜਿਆਂ ਮੁਤਾਬਕ ਬੀਤੇ ਅਕਤੂਬਰ 'ਚ ਦੇਸ਼ 'ਚ ਥੋਕ ਮਹਿੰਗਾਈ ਦਰ ਵਧ ਕੇ 2.36 ਫ਼ੀਸਦੀ 'ਤੇ ਪੁੱਜ ਗਈ, ਜੋ ਪਿਛਲੇ ਚਾਰ ਮਹੀਨੇ ਦਾ ਉੱਚਤਮ ਪੱਧਰ ਹੈ। ਸਤੰਬਰ 'ਚ ਇਹ ਅੰਕੜਾ 1.84 ਫ਼ੀਸਦੀ ਸੀ। ਅਕਤੂਬਰ 'ਚ ਪਰਚੂਨ ਮਹਿੰਗਾਈ ਦਰ ਵੀ ਵਧ ਕੇ 6.21 ਫ਼ੀਸਦੀ ਹੋ ਗਈ, ਜੋ ਪਿਛਲੇ 14 ਮਹੀਨੇ ਦਾ ਉੱਚਤਮ ਪੱਧਰ ਹੈ।

ਸਤੰਬਰ 'ਚ ਇਹ ਅੰਕੜਾ 5.49 ਫ਼ੀਸਦੀ ਸੀ। ਆਲੂ ਤੇ ਪਿਆਜ਼ ਸਮੇਤ ਸਾਰੇ ਤਰ੍ਹਾਂ ਦੀਆਂ ਸਬਜ਼ੀਆਂ ਦੀ ਪਰਚੂਨ ਮਹਿੰਗਾਈ ਦਰ ਵੀ ਵਧ ਕੇ 10.87 ਫ਼ੀਸਦੀ ਹੋ ਗਈ। ਜਦਕਿ ਸਤੰਬਰ 'ਚ ਇਹ 9.24 ਫ਼ੀਸਦੀ ਤੇ ਅਗਸਤ 'ਚ 5.66 ਫ਼ੀਸਦੀ ਸੀ। ਜਿਨ੍ਹਾਂ ਸੂਬਿਆਂ 'ਚ ਮਹਿੰਗਾਈ ਸਭ ਤੋਂ ਵੱਧ ਰਹੀ ਹੈ, ਉਨ੍ਹਾਂ 'ਚ ਛੱਤੀਸਗੜ੍ਹ, ਬਿਹਾਰ, ਓਡੀਸ਼ਾ, ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਮੁੱਖ ਹਨ। ਇਹ ਗੱਲ ਮਹੱਤਵਪੂਰਨ ਹੈ ਕਿ ਵਿਆਜ ਦਰਾਂ ਦੀ ਸਥਿਤੀ ਦੇ ਨਾਲ ਆਰਬੀਆਈ ਤੇ ਚੰਗੇ ਮੌਨਸੂਨ ਅਤੇ ਸਥਿਰ ਪੂਰਤੀ ਰਾਹੀਂ ਸਰਕਾਰ ਮਹਿੰਗਾਈ 'ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸੇ ਕਾਰਨ ਆਰਬੀਆਈ ਮੁਦਰਾ ਨੀਤੀ ਸਮੀਖਿਆ ਬੈਠਕਾਂ 'ਚ ਤੇਜ਼ ਵਿਕਾਸ ਦਰ ਦੀ ਥਾਂ ਮਹਿੰਗਾਈ 'ਤੇ ਕਾਬੂ ਕਰਨ ਨੂੰ ਤਰਜੀਹ ਦੇ ਰਿਹਾ ਹੈ। ਉਸ ਨੇ ਲੰਬੇ ਸਮੇਂ ਤੋਂ ਰੈਪੋ ਰੇਟ 6.50 ਫ਼ੀਸਦੀ ਤੇ ਬੈਂਕ ਰੇਟ 6.75 ਫ਼ੀਸਦੀ 'ਤੇ ਸਥਿਰ ਰੱਖੀ ਹੈ।

ਮਾਨਸੂਨ ਦੇ ਚੰਗੇ ਰਹਿਣ ਨਾਲ ਇਸ ਸਾਲ ਦੇਸ਼ 'ਚ ਅਨਾਜ, ਦਾਲਾਂ ਤੇ ਤੇਲ ਬੀਜ ਦਾ ਉਤਪਾਦਨ ਵਧੇਗਾ ਤੇ ਇਨ੍ਹਾਂ ਦੀ ਪੂਰਤੀ ਵਧਣ ਨਾਲ ਇਨ੍ਹਾਂ ਦੀਆਂ ਕੀਮਤਾਂ ਵੀ ਘੱਟ ਹੋਣਗੀਆਂ। ਇਸ ਨਾਲ ਸਰਕਾਰ ਖ਼ੁਰਾਕੀ ਮਹਿੰਗਾਈ 'ਤੇ ਕੰਟਰੋਲ ਲਈ ਚਾਲੂ ਵਿੱਤੀ ਸਾਲ ਦੇ ਬਜਟ ਦੇ ਤਹਿਤ ਕੀਤੀਆਂ ਗਈਆਂ ਵਿਵਸਥਾਵਾਂ ਨੂੰ ਵੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ। ਇਸ ਤਰ੍ਹਾਂ ਮੁਦਰਾ ਪ੍ਰਬੰਧਨ ਤੇ ਅਨਾਜ ਬਰਾਮਦ ਨੀਤੀ ਅਤੇ ਸਟਾਕ ਸੀਮਾ ਤੈਅ ਆਦਿ ਉਪਾਅ ਵਧਦੀ ਮਹਿੰਗਾਈ 'ਤੇ ਕਾਬੂ ਕਰ ਸਕਣਗੇ। ਖ਼ੁਰਾਕੀ ਪਦਾਰਥਾਂ ਦੀ ਮਹਿੰਗਾਈ ਰੋਕਣ ਲਈ ਸਰਕਾਰ ਨੂੰ ਇਨ੍ਹਾਂ ਤਰੀਕਿਆਂ ਦੇ ਨਾਲ ਲੰਬੇ ਸਮੇਂ ਦੇ ਤਰੀਕਿਆਂ 'ਤੇ ਵੀ ਧਿਆਨ ਦੇਣਾ ਪਵੇਗਾ। ਇਸ ਸਮੇਂ ਗ੍ਰਾਮੀਣ ਭਾਰਤ 'ਚ ਜਲਦ ਖ਼ਰਾਬ ਹੋਣ ਵਾਲੇ ਅਜਿਹੇ ਖੇਤੀ ਉਤਪਾਦਾਂ ਦੀ ਪੂਰਤੀ ਲੜੀ ਬਿਹਤਰ ਕਰਨ 'ਤੇ ਤਰਜੀਹ ਨਾਲ ਕੰਮ ਕਰਨਾ ਪਵੇਗਾ।

ਜਿਨ੍ਹਾਂ ਦੀ ਖ਼ੁਰਾਕੀ ਮਹਿੰਗਾਈ ਦੇ ਉਤਰਾਅ-ਚੜ੍ਹਾਅ 'ਚ ਅਹਿਮ ਭੂਮਿਕਾ ਹੁੰਦੀ ਹੈ। ਇਸ ਕਾਰਨ ਸਰਕਾਰ ਨੂੰ ਖ਼ੁਰਾਕ ਉਤਪਾਦਨ 'ਚ ਵਾਧੇ ਦੇ ਨਾਲ ਨਾਲ ਖੇਤੀ ਉਪਜ ਦੀ ਬਰਬਾਦੀ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਤਹਿਤ ਖ਼ੁਰਾਕ ਭੰਡਾਰਨ ਦੀ ਕਾਰਗਰ ਵਿਵਸਥਾ ਦੇ ਰਾਹ 'ਤੇ ਵਧਣਾ ਪਵੇਗਾ। ਉਮੀਦ ਕਰੀਏ ਕਿ ਪਰਚੂਨ ਮਹਿੰਗਾਈ ਤੇ ਥੋਕ ਮਹਿੰਗਾਈ ਦਰ ਦੇ ਵਧਣ ਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਸਰਕਾਰ ਤੇ ਰਿਜ਼ਰਵ ਬੈਂਕ ਵੱਖ ਵੱਖ ਰਣਨੀਤਕ ਕੋਸ਼ਿਸ਼ਾਂ ਨਾਲ ਦੇਸ਼ 'ਚ ਮਹਿੰਗਾਈ ਨੂੰ ਕਾਬੂ ਕਰਨ ਤੇ ਵਿਕਾਸ ਨੂੰ ਰਫ਼ਤਾਰ ਦੇਣ ਲਈ ਨਵੀਂ ਸੰਤੁਲਿਤ ਰਣਨੀਤੀ ਦੇ ਨਾਲ ਅੱਗੇ ਵਧਣਗੇ।



# ਪੰਜਾਬ ਦੀ ਜਵਾਨੀ ਤੇ ਪੌਣ-ਪਾਣੀ ਨੂੰ ਬਚਾਉਣ ਲਈ ਸੁਚੇਤ ਹੋਣ ਪੰਜਾਬੀ

## ਸਿਆਸੀ ਰੱਸਾਕਸ਼ੀ 'ਚ ਉਲਝ ਕੇ ਰਹਿ ਜਾਂਦੇ ਨੇ ਪੰਜਾਬੀਆਂ ਦੇ ਵੱਡੇ ਮਸਲੇ








ਸਾਡਾ ਹੱਸਦਾ-ਵਸਦਾ ਪੰਜਾਬ ਭਾਵੇਂ ਅਨੇਕਾਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ ਪਰ ਪੰਜਾਬ ਦੇ ਬਹਾਦਰ ਲੋਕ ਇਹਨਾਂ ਸਮੱਸਿਆਵਾਂ ਦਾ ਪੂਰੀ ਬਹਾਦਰੀ ਨਾਲ ਮੁਕਾਬਲਾ ਕਰ ਰਹੇ ਹਨ। ਪੰਜਾਬ ਵਿੱਚ ਪਿਛਲੇ ਕਈ ਦਿਨਾਂ ਦੌਰਾਨ ਲਗਾਤਾਰ ਦਿਨ ਸਮੇਂ ਵੀ ਧੁਆਂਖੀ ਧੁੰਦ ਛਾਈ ਰਹੀ, ਜਿਸ ਕਾਰਨ ਪੰਜਾਬੀਆਂ ਨੂੰ ਅਨੇਕਾਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ, ਇਸ ਦੇ ਬਾਵਜੂਦ ਪੰਜਾਬੀਆਂ ਦੀ ਜ਼ਿੰਦਗੀ ਦੀ ਚਾਲ ਮੱਠੀ ਨਹੀਂ ਸੀ ਪਈ। ਪਿਛਲੇ ਦਿਨੀਂ ਮੰਡੀਆਂ ਵਿੱਚ ਝੋਨੇ ਸਮੇਤ ਕਿਸਾਨ ਰੁਲੇ ਪਰ ਇਸ ਸਮੇਂ ਕਿਸਾਨ ਕਣਕ ਦੀ ਬਿਜਾਈ ਕਰਕੇ ਹੋਰਨਾਂ ਖੇਤੀ ਕੰਮਾਂ ਵਿੱਚ ਰੁੱਝੇ ਹੋਏ ਹਨ। ਇਹ ਕਿਸਾਨਾਂ ਦਾ ਹੌਸਲਾ ਹੀ ਹੈ ਕਿ ਉਹ ਸਰਕਾਰਾਂ ਨਾਲ ਟੱਕਰ ਲੈਣ ਦੇ ਨਾਲ ਖੇਤੀਬਾੜੀ ਅਤੇ ਘਰੇਲੂ ਕੰਮਕਾਰ ਵੀ ਕਰਦੇ ਰਹਿੰਦੇ ਹਨ। ਪੰਜਾਬ ਦੇ ਵੱਖ-ਵੱਖ ਵਰਗਾਂ ਨਾਲ ਸਬੰਧਿਤ ਲੋਕ ਆਪੋ ਆਪਣੇ ਕੰਮਾਂ ਕਾਰਾਂ 'ਚ ਮਸਤ ਹਨ ਅਤੇ ਮਹਿੰਗਾਈ ਸਮੇਤ ਹਰ ਔਕੜ ਦਾ ਡਟ ਕੇ ਸਾਹਮਣਾ ਕਰ ਰਹੇ ਹਨ।



ਪੰਜਾਬੀਆਂ ਦੇ ਮੁੱਖ ਮੁੱਦੇ ਅਤੇ ਵੱਡੇ ਮਸਲੇ ਅਕਸਰ ਸਿਆਸੀ ਪਾਰਟੀਆਂ ਅਤੇ ਆਗੂਆਂ ਦੇ ਚੋਣ ਜੁਮਲਿਆਂ ਵਿੱਚ ਰੁਲ ਜਾਂਦੇ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਿਆਸੀ ਪਾਰਟੀਆਂ ਨੂੰ ਪੰਜਾਬੀਆਂ ਦੇ ਇਹ ਮਸਲੇ ਸਿਰਫ਼ ਚੋਣਾਂ ਸਮੇਂ ਯਾਦ ਆਉਂਦੇ ਹਨ, ਬਾਅਦ ਵਿੱਚ ਸਿਆਸੀ ਪਾਰਟੀਆਂ ਇਹਨਾਂ ਮਸਲਿਆਂ ਨੂੰ ਹੱਲ ਕਰਨ ਦੀ ਥਾਂ ਭੁੱਲ ਭੁਲਾ ਜਾਂਦੀਆਂ ਹਨ, ਇਸ ਗੱਲ ਨੂੰ ਹੁਣ ਪੰਜਾਬੀ ਵੀ ਚੰਗੀ ਤਰ੍ਹਾਂ ਸਮਝਣ ਲੱਗ ਪਏ ਹਨ। ਪਿਛਲੇ ਦਿਨੀਂ ਪੰਜਾਬ ਵਿੱਚ ਚਾਰ ਵਿਧਾਨ ਸਭਾ ਹਲਕਿਆਂ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਵਿੱਚ ਜ਼ਿਮਨੀ ਚੋਣਾਂ ਹੋਈਆਂ। ਇਹਨਾਂ ਜ਼ਿਮਨੀ ਚੋਣਾਂ ਦੌਰਾਨ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਨੇ ਪੰਜਾਬ ਦੇ ਮੁੱਖ ਮਸਲਿਆਂ ਜਾਂ ਸਮੱਸਿਆਵਾਂ ਨੂੰ ਚੋਣ ਮੁੱਦਾ ਨਹੀਂ ਬਣਾਇਆ ਸਗੋਂ ਸਾਰੀਆਂ ਧਿਰਾਂ ਸਿਰਫ਼ ਇਹਨਾਂ ਚੋਣਾਂ ਨੂੰ ਜਿੱਤਣ ਲਈ ਹੀ ਸਰਗਰਮ ਰਹੀਆਂ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਦੇ ਮੁੱਖ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਵੀ ਧਿਰ ਸੁਹਿਰਦ ਨਹੀਂ।

ਵਿਦਵਾਨ ਜਾਰਜ ਬਰਨਾਰਡ ਸ਼ਾਹ ਦਾ ਕਹਿਣਾ ਸੀ ਕਿ ਲੋਕਤੰਤਰ ਵਿੱਚ ਲੋਕਾਂ ਲਈ ਸ਼ਾਸਨ ਤਾਂ ਹੁੰਦਾ ਹੈ ਪਰ ਇਹ ਲੋਕਾਂ ਵੱਲੋਂ ਨਹੀਂ ਹੁੰਦਾ। ਉਹਨਾਂ ਦਾ ਕਹਿਣਾ ਸੀ ਕਿ ਸ਼ਾਸਨ ਹਮੇਸ਼ਾ ਸ਼ਕਤੀਸ਼ਾਲੀ ਧਿਰ ਵਲੋਂ ਕੀਤਾ ਜਾਂਦਾ ਹੈ, ਜਿਸ ਵਲੋਂ ਸਿਰਫ਼ ਆਪਣੀ ਅਤੇ ਆਪਣੇ ਚਹੇਤਿਆਂ ਦੀ ਭਲਾਈ ਲਈ ਯਤਨ ਕੀਤੇ ਜਾਂਦੇ ਹਨ। ਇਸ ਵਿਦਵਾਨ ਦੇ ਇਹ ਵਿਚਾਰ ਪੰਜਾਬ ਦੀ ਅੱਜ ਦੀ ਸਿਆਸੀ ਸਥਿਤੀ 'ਤੇ ਵੀ ਢੁਕਵੇਂ ਲੱਗਦੇ ਹਨ। ਪੰਜਾਬ ਵਿੱਚ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਹੋਵੇ ਤਾਂ ਆਮ ਲੋਕਾਂ ਨੂੰ ਬਹੁਤਾ ਫਰਕ ਨਹੀਂ ਪੈਂਦਾ ਜਿਸ ਕਰਕੇ ਆਮ ਲੋਕਾਂ ਦੇ ਮਸਲੇ ਪਹਿਲਾਂ ਵਾਂਗ ਲਮਕਦੇ ਰਹਿੰਦੇ ਹਨ ਅਤੇ ਆਮ ਲੋਕਾਂ ਦੇ ਆਮ ਮੁੱਦੇ ਸਿਆਸੀ ਪਾਰਟੀਆਂ ਦੇ ਆਪਸੀ ਯੁੱਧ ਵਿੱਚ ਬਿਲਕੁਲ ਦੱਬ ਜਾਂਦੇ ਹਨ।



ਪੰਜਾਬ ਵਿੱਚ ਵੱਖ- ਵੱਖ ਤਰ੍ਹਾਂ ਦੀਆਂ ਚੋਣਾਂ ਸਮੇਂ ਅਤੇ ਚੋਣਾਂ ਤੋਂ ਬਗੈਰ ਵੀ ਅਕਸਰ ਸੱਤਾਧਾਰੀ ਅਤੇ ਵਿਰੋਧੀ ਸਿਆਸੀ ਪਾਰਟੀਆਂ ਵਿਚਾਲੇ ਸਿਆਸੀ ਯੁੱਧ ਲਗਾਤਾਰ ਚਲਦਾ ਰਹਿੰਦਾ ਹੈ। ਜਿਥੇ ਹਰ ਸੱਤਾਧਾਰੀ ਸਿਆਸੀ ਪਾਰਟੀ ਵੱਲੋਂ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਪੂਰਾ ਯਤਨ ਕੀਤਾ ਜਾਂਦਾ ਹੈ, ਉਥੇ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਸਰਕਾਰ ਦੇ ਹਰ ਕਦਮ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸੱਤਾਧਾਰੀ ਸਿਆਸੀ ਪਾਰਟੀ ਅਤੇ ਵਿਰੋਧੀ ਸਿਆਸੀ ਪਾਰਟੀਆਂ ਵਿਚਾਲੇ ਲਗਾਤਾਰ ਸਿਆਸੀ ਯੁੱਧ ਚਲਦਾ ਹੈ, ਜੋ ਕਿ ਅਸਲ ਵਿੱਚ ਕੁਰਸੀ ਦੀ ਲੜਾਈ ਹੁੰਦੀ ਹੈ। ਸਿਆਸੀ ਪਾਰਟੀਆਂ ਦੇ ਇਸ ਸਿਆਸੀ ਯੁੱਧ ਵਿੱਚ ਆਮ ਲੋਕਾਂ ਦੇ ਮੁੱਦੇ ਦੱਬ ਕੇ ਰਹਿ ਜਾਂਦੇ ਹਨ। ਵੱਖ- ਵੱਖ ਟੀ ਵੀ ਚੈਨਲਾਂ 'ਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਵਿਚਾਲੇ ਹੁੰਦੀ ਬਹਿਸ ਵਿੱਚ ਵੀ ਇੱਕ ਦੂਜੇ 'ਤੇ ਦੂਸ਼ਣਬਾਜੀ ਭਾਰੂ ਰਹਿੰਦੀ ਹੈ ਅਤੇ ਇਹਨਾਂ ਬਹਿਸਾਂ ਵਿੱਚ ਆਮ ਲੋਕਾਂ ਦੇ ਮੁੱਦਿਆਂ ਦੀ ਗੱਲ ਬਹੁਤ ਘੱਟ ਹੁੰਦੀ ਹੈ। ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਸਿਆਸੀ ਪਾਰਟੀਆਂ ਲਈ ਆਮ ਲੋਕਾਂ ਦੇ ਮੁੱਦੇ ਕੋਈ ਅਹਿਮੀਅਤ ਨਾ ਰਖਦੇ ਹੋਣ।

ਪੰਜਾਬ ਵਿੱਚ ਹੁਣ ਤੱਕ ਅਨੇਕਾਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਆਈਆਂ ਤੇ ਗਈਆਂ ਪਰ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਸਮੇਤ ਕਿਸੇ ਵੀ ਸਰਕਾਰ ਨੇ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਕਰਨ ਲਈ ਯੋਗ ਉਪਰਾਲੇ ਨਹੀਂ ਕੀਤੇ, ਜਿਸ ਕਰਕੇ ਇਹ ਮਸਲੇ ਦਿਨੋਂ ਦਿਨ ਉਲਝਦੇ ਜਾ ਰਹੇ ਹਨ। ਭਾਵੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਦੀਆਂ ਅਨੇਕਾਂ ਸਮੱਸਿਆਵਾਂ ਉਹਨਾਂ ਦੀ ਸਰਕਾਰ ਵੱਲੋਂ ਹੱਲ ਕਰਨ ਦਾ ਦਾਅਵਾ ਕਰਦੇ ਹਨ ਪਰ ਜੋ ਅਸਲੀਅਤ ਹੈ ਉਹ ਤਾਂ ਸਭ ਦੇ ਸਾਹਮਣੇ ਹੈ।

ਇਸ ਸਮੇਂ ਧਰਤੀ ਹੇਠਲੇ ਪਾਣੀ ਦੀ ਘਾਟ, ਦਰਿਆਈ ਪਾਣੀਆਂ ਦਾ ਰੇੜਕਾ, ਬੇਰੁਜ਼ਗਾਰੀ, ਨਸ਼ਾ, ਪ੍ਰਦੂਸ਼ਣ, ਖੂਨ ਪੀਣੀਆਂ ਸੜਕਾਂ, ਪਰਵਾਸ ਦਾ ਸੱਤਵਾਂ ਦਰਿਆ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਮੁੱਖ ਮਸਲੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਹੋਰ ਵੀ ਅਨੇਕਾਂ ਸਮੱਸਿਆਵਾਂ ਹਨ, ਜਿਨ੍ਹਾਂ ਦਾ ਪੰਜਾਬੀ ਸਾਹਮਣਾ ਕਰ ਰਹੇ ਹਨ। ਸਿਆਸੀ ਪਾਰਟੀਆਂ ਸਿਰਫ਼ ਚੋਣਾਂ ਮੌਕੇ ਹੀ ਪੰਜਾਬ ਦੇ ਮਸਲਿਆਂ ਤੇ ਸਮੱਸਿਆਵਾਂ ਦਾ ਜ਼ਿਕਰ ਕਰਦੀਆਂ ਹਨ, ਬਾਕੀ ਸਮੇਂ ਇਹ ਮਸਲੇ ਠੰਡੇ ਬਸਤੇ ਵਿੱਚ ਪਏ ਰਹਿੰਦੇ ਹਨ। ਇਸੇ ਕਾਰਨ ਇਹਨਾਂ ਮਸਲਿਆਂ ਦਾ ਅਜੇ ਤੱਕ ਕੋਈ ਹੱਲ ਨਹੀਂ ਨਿਕਲਿਆ। ਪੰਜਾਬ ਨੇ ਪੁਰਾਤਨ ਸਮੇਂ ਵੀ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਡਟ ਕੇ ਕੀਤਾ ਸੀ ਤੇ ਕਿਸੇ ਦੀ ਈਨ ਨਹੀਂ ਸੀ ਮੰਨੀ ਤੇ ਹੁਣ ਵੀ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਪੰਜਾਬ ਡਟ ਕੇ ਕਰ ਰਿਹਾ ਹੈ। ਪੰਜਾਬ ਦੀ ਜਵਾਨੀ ਅਤੇ ਪੌਣ-ਪਾਣੀਆਂ ਨੂੰ ਬਚਾਉਣ ਲਈ ਪੰਜਾਬੀਆਂ ਨੂੰ ਖੁਦ ਸੁਚੇਤ ਹੋਣ ਦੀ ਲੋੜ ਹੈ।





# ਪੰਜਾਬ ’ਚ ਆਵਾਸ-ਪਰਵਾਸ ਦੇ ਮਸਲੇ



ਕੰਵਲਜੀਤ ਕੌਰ ਗਿੱਲ

ਪੰਜਾਬ ਦੀਆਂ ਪੰਚਾਇਤੀ ਚੋਣਾਂ ਦੇ ਨਤੀਜਿਆਂ ਨਾਲ ਜੁੜੇ ਹੋਰ ਮੁੱਦਿਆਂ ਤੋਂ ਇਲਾਵਾ ਇੱਕ ਅਹਿਮ ਮੁੱਦਾ ਇਹ ਸਾਹਮਣੇ ਆ ਰਿਹਾ ਹੈ ਕਿ ਪੰਜਾਬ ਵਿੱਚ ਆਬਾਦੀ ਦਾ ਸਮੀਕਰਨ ਬਦਲ ਰਿਹਾ ਹੈ; ਭਾਵ, ਆਬਾਦੀ ਦੀ ਬਣਤਰ ਵਿੱਚ ਤਬਦੀਲੀ ਆ ਰਹੀ ਹੈ। ਬਾਹਰਲੇ ਰਾਜਾਂ ਤੋਂ ਆ ਕੇ ਲੋਕ ਇੱਥੇ ਵੱਸ ਗਏ ਹਨ। ਨਾਲ ਹੀ ਇਥੋਂ ਦੇ ਲੋਕ ਪੰਜਾਬੋਂ ਬਾਹਰ ਜਾ ਰਹੇ ਹਨ, ਪਿੰਡ ਖਾਲੀ ਹੋ ਰਹੇ ਹਨ, ਪੰਜਾਬ ਦੀ ਸਥਾਨਕ ਆਬਾਦੀ ਘੱਟ ਰਹੀ ਹੈ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਬਾਹਰੋਂ ਆਏ ਪਰਵਾਸੀ ਪੰਚਾਇਤੀ ਚੋਣਾਂ ਵਿੱਚ ਪੰਚ-ਸਰਪੰਚ ਬਣ ਕੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਉੱਪਰ ਹਾਵੀ ਹੋਣ ਦੀ ਪ੍ਰਕਿਰਿਆ ਵਿੱਚ ਹਨ, ਪੰਜਾਬੀ ਸੱਭਿਆਚਾਰ ਖ਼ਤਰੇ ਵਿੱਚ ਹੈ।

2011 ਤੋਂ ਬਾਅਦ 2021 ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਨਹੀਂ ਹੋਈ। ਇਸ ਕਾਰਨ ਪੰਜਾਬ ਤੋਂ ਬਾਹਰ ਜਾਣ ਅਤੇ ਪੰਜਾਬ ਵਿੱਚ ਆਉਣ ਵਾਲੇ ਲੋਕਾਂ ਦੀ ਗਿਣਤੀ ਬਾਰੇ ਸਰਕਾਰੀ ਤੌਰ ’ਤੇ ਜਾਣਕਾਰੀ ਪ੍ਰਾਪਤ ਨਾ ਹੋਣ ਕਾਰਨ ਕੇਵਲ ਅੰਦਾਜ਼ੇ ਹੀ ਹਨ; ਜਾਂ ਪ੍ਰਾਈਵੇਟ ਤੌਰ ’ਤੇ ਯੂਨੀਵਰਸਿਟੀਆਂ ਜਾਂ ਹੋਰ ਸੰਸਥਾਵਾਂ ਦੇ ਖੋਜ ਅਧਿਐਨ ਹੀ ਮਿਲਦੇ ਹਨ। ਇਹ ਅਧਿਐਨ ਵੀ ਮੁੱਖ ਰੂਪ ਵਿੱਚ ਪੰਜਾਬ ਤੋਂ ਬਾਹਰ ਜਾਣ ਵਾਲਿਆਂ ਨਾਲ ਸਬੰਧਿਤ ਹਨ। ਸਥਾਨਕ ਆਬਾਦੀ ਵਿੱਚ ਬਾਹਰੋਂ ਕਿੰਨੇ ਲੋਕ, ਕਿਹੜੇ ਰਾਜਾਂ ਤੋਂ, ਕਦੋਂ ਆਏ, ਇਹ ਮਰਦਮਸ਼ੁਮਾਰੀ ਜਾਂ ਹੋਰ ਸਰਕਾਰੀ ਅੰਕੜਿਆਂ ਦੀ ਅਣਹੋਂਦ ਕਾਰਨ ਕਿਆਸਅਰਾਈਆਂ ਹਨ। ਆਬਾਦੀ ਵਿੱਚ ਆਈ ਤਬਦੀਲੀ ਬਾਰੇ ਜੋ ਪ੍ਰਚਾਰਿਆ ਜਾ ਰਿਹਾ ਹੈ ਤੇ ਅਸਲੀਅਤ ਕੀ ਹੈ, ਇਹ ਡੂੰਘੀ ਵਿਚਾਰ ਚਰਚਾ ਦਾ ਵਿਸ਼ਾ ਹੈ। ਪੰਜਾਬ ਤੋਂ ਬਾਹਰਲੇ ਮੁਲਕਾਂ ਵਿੱਚ ਜਾਣਾ ਅਤੇ ਬਾਹਰਲੇ ਰਾਜਾਂ ਤੋਂ ਪੰਜਾਬ ਵਿੱਚ ਆਉਣਾ, ਦੋਹਾਂ ਨੂੰ ਵੱਖੋ-ਵੱਖਰੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਇੱਕ ਪ੍ਰਕਿਰਿਆ ਦਾ ਸਵਾਗਤ ਕੀਤਾ ਜਾ ਰਿਹਾ ਹੈ, ਦੂਜੀ ਨੂੰ ਨਕਾਰਿਆ ਜਾ ਰਿਹਾ ਹੈ।

ਭਾਰਤ, ਖਾਸ ਤੌਰ ’ਤੇ ਪੰਜਾਬ ਤੋਂ ਪਰਵਾਸ ਕਰਨ ਦਾ ਰੁਝਾਨ ਕੋਈ ਨਵਾਂ ਨਹੀਂ। ਕੇਰਲ ਤੋਂ ਬਾਅਦ ਪੰਜਾਬ ਦਾ ਹੀ ਨੰਬਰ ਆਉਂਦਾ ਹੈ ਜਿਥੋਂ ਸਭ ਤੋਂ ਵਧੇਰੇ ਲੋਕ ਦੂਜੇ ਮੁਲਕਾਂ ਨੂੰ ਗਏ ਹਨ। ਲੋਕ ਪਹਿਲਾਂ ਵੀ ਉਚੇਰੀ ਵਿਦਿਆ ਵਾਸਤੇ ਬਾਹਰਲੀਆਂ ਯੂਨੀਵਰਸਿਟੀਆਂ ਆਦਿ ਵਿੱਚ ਜਾਂਦੇ, ਡਿਗਰੀਆਂ ਲੈਂਦੇ ਤੇ ਵਾਪਸ ਵਤਨ ਪਰਤ ਕੇ ਇੱਥੇ ਨੌਕਰੀ ਆਦਿ ਕਰਦੇ ਸਨ। ਮਜ਼ਦੂਰ ਜਮਾਤ ਵਿੱਚੋਂ ਵੀ ਦੁਬਈ, ਇਟਲੀ ਤੇ ਮੱਧ ਏਸ਼ੀਆ ਦੇ ਹੋਰ ਦੇਸ਼ਾਂ ਵਿੱਚ ਜਾਂਦੇ ਸਨ। 1970ਵਿਆਂ ਵਿੱਚ ਪੰਜਾਬ ਦੀ ਖੇਤੀਬਾੜੀ ਦਾ ਪੈਟਰਨ ਤਬਦੀਲ ਹੋਇਆ। ਝੋਨੇ ਦੀ ਲੁਆਈ ਵਾਸਤੇ ਯੂਪੀ, ਬਿਹਾਰ ਤੋਂ ਮਜ਼ਦੂਰ ਪੰਜਾਬ ਵਿੱਚ ਆ ਉਂਦੇ ਸਨ। ਸੀਜ਼ਨ ਖਤਮ ਹੋਣ ਪਿੱਛੋਂ ਕੁਝ ਪਰਤ ਜਾਂਦੇ ਤੇ ਕੁਝ ਵਾਪਸ ਜਾਣ ਦੀ ਬਜਾਇ ਫੈਕਟਰੀਆਂ ਆਦਿ ਵਿੱਚ ਕੰਮ ਕਰਨ ਲਗਦੇ। ਹੌਲੀ-ਹੌਲੀ ਉਹਨਾਂ ਆਪਣੇ ਪਰਿਵਾਰਕ ਜੀਅ ਬੁਲਾਉਣੇ ਸ਼ੁਰੂ ਕਰ ਦਿੱਤੇ। ਕੁਝ ਮਜ਼ਦੂਰਾਂ ਨੇ ਮਿਹਨਤ ਮਜ਼ਦੂਰੀ ਕਰ ਕੇ ਗੁਜ਼ਾਰੇ ਜੋਗੇ ਘਰ ਵੀ ਬਣਾ ਲਏ। ਉਹਨਾਂ ਦੇ ਇੱਥੇ ਰਹਿੰਦੇ ਹੋਏ ਬਾਲ-ਬੱਚੇ ਵੀ ਹੋਏ ਜਿਹੜੇ ਹੁਣ ਪੰਜਾਬੀ ਹਨ, ਪੰਜਾਬੀ ਬੋਲਦੇ ਹਨ, ਪੰਜਾਬੀ ਸਕੂਲਾਂ ਵਿੱਚ ਪੜ੍ਹਦੇ ਹਨ।




ਇਹ ਸਾਰਾ ਪੈਟਰਨ ਲਗਭਗ ਉਹੀ ਹੈ ਜਿਹੜਾ ਸਾਡੇ ਬੱਚੇ ਪੰਜਾਬ ਤੋਂ ਬਾਹਰਲੇ ਮੁਲਕਾਂ ਵਿੱਚ ਜਾ ਕੇ ਕਰਦੇ ਹਨ। ਸਾਡੇ ਬੱਚੇ ਭਾਵੇਂ ਉਹ ਵਿਦਿਆਰਥੀ ਵੀਜ਼ੇ ’ਤੇ ਜਾਣ ਜਾਂ ਵਿਜ਼ਿਟਰ ਵੀਜ਼ੇ ’ਤੇ ਹੋਣ, ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਜਲਦੀ ਤੋਂ ਜਲਦੀ ਵਰਕ ਪਰਮਿਟ ਮਿਲ ਜਾਏ। ਪੀਆਰ ਹੋ ਜਾਏ ਜਾਂ ਗਰੀਨ ਕਾਰਡ ਮਿਲ ਜਾਵੇ। ਉਹ ਉੱਥੇ ਪਹਿਲਾਂ ਕੁਝ ਮਹੀਨੇ ਜਾਂ ਇੱਕ ਦੋ ਸਾਲ ਬੇਸਮੈਂਟ ਆਦਿ ਵਿੱਚ ਇਕੱਠੇ ਰਹਿਣ ਮਗਰੋਂ ਆਪਣਾ ਵੱਖੋ-ਵੱਖਰਾ ਘਰ ਲੈ ਲੈਂਦੇ ਹਨ। ਇਸੇ ਦੌਰਾਨ ਉਹ ਵਿਆਹ ਆਦਿ ਵੀ ਉਥੋਂ ਦੇ ਪੱਕੇ ਨਿਵਾਸੀ ਨਾਲ ਕਰਵਾਉਂਦੇ ਹਨ। ਉਹਨਾਂ ਦੇ ਉੱਥੇ ਪੈਦਾ ਹੋਏ ਬੱਚੇ ਕਾਨੂੰਨਨ ਉਥੋਂ ਦੇ ਹੀ ਨਾਗਰਿਕ ਕਹਾਉਂਦੇ ਹਨ। ਕੁਝ ਕੁ 40-45 ਸਾਲ ਦੀ ਉਮਰ ਵਿੱਚ ਉਹਨਾਂ ਦੀ ਸਥਾਨਕ ਰਾਜਨੀਤੀ ਵਿੱਚ ਸ਼ਾਮਿਲ ਹੋ ਕੇ ਉੱਥੇ ਦੇ ਮੇਅਰ, ਐੱਮਐੱਲਏ ਜਾਂ ਮੰਤਰੀ ਆਦਿ ਵੀ ਬਣ ਜਾਂਦੇ ਹਨ। ਅਸੀਂ ਇਸ ਵਰਤਾਰੇ ਦਾ ਸਵਾਗਤ ਕਰਦੇ ਹਾਂ ਤੇ ਮਾਣ ਵੀ ਮਹਿਸੂਸ ਕਰਦੇ ਹਾਂ। ਅਸੀਂ ਬਾਬੇ ਨਾਨਕ ਦਾ ਹਵਾਲਾ ਦਿੰਦੇ ਵੀ ਨਹੀਂ ਝਕਦੇ ਕਿ ਉਹਨਾਂ ਦੀ ਅਸੀਸ ਮੁਤਾਬਿਕ ਉੱਜੜ ਕੇ ਸਾਰੀ ਦੁਨੀਆਂ ਵਿੱਚ ਫੈਲ ਗਏ ਹਾਂ ਤੇ ਆਪਣੀ ਬੋਲੀ ਤੇ ਸੱਭਿਆਚਾਰ ਦਾ ਇਹਨਾਂ ਦੇਸ਼ਾਂ ਵਿੱਚ ਪਸਾਰ ਕਰ ਰਹੇ ਹਾਂ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਅਧਿਐਨ ਅਨੁਸਾਰ, 2016 ਤੋਂ 2021 ਤੱਕ ਪੰਜ ਸਾਲਾਂ ਦੌਰਾਨ ਪੰਜਾਬ ਵਿੱਚੋਂ 10 ਲੱਖ ਦੇ ਕਰੀਬ ਲੋਕ ਬਾਹਰਲੇ ਮੁਲਕਾਂ ਨੂੰ ਗਏ ਹਨ। ਵਿਦੇਸ਼ ਮਹਿਕਮੇ ਅਨੁਸਾਰ, ਇਹਨਾਂ ਵਿੱਚੋਂ ਤਕਰੀਬਨ 38% ਵਿਦਿਆਰਥੀ ਵੀਜੇ ’ਤੇ ਗਏ ਸਨ। 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਬਾਹਰਲੇ ਰਾਜਾਂ ਤੋਂ ਪੰਜਾਬ ਵਿੱਚ ਲਗਭਗ 20.8 ਲੱਖ ਦੇ ਕਰੀਬ ਪਰਵਾਸੀ ਲੋਕ ਆ ਚੁੱਕੇ ਸਨ ਜਿਨ੍ਹਾਂ ਵਿੱਚ ਮੁੱਖ ਤੌਰ ’ਤੇ ਯੂਪੀ ਤੋਂ 6.5 ਲੱਖ, ਹਰਿਆਣਾ ਤੋਂ 5.5 ਲੱਖ, ਬਿਹਾਰ ਤੋਂ 3.5 ਲੱਖ, ਹਿਮਾਚਲ ਪ੍ਰਦੇਸ਼ ਤੋਂ 2.1 ਅਤੇ ਰਾਜਸਥਾਨ ਤੋਂ 2 ਲੱਖ ਸਨ। 70 ਹਜ਼ਾਰ ਜੰਮੂ ਕਸ਼ਮੀਰ ਅਤੇ 55 ਹਜ਼ਾਰ ਉੱਤਰਾਖੰਡ ਤੋਂ ਵੀ ਆਏ ਸਨ। 2011 ਵਿੱਚ ਪੰਜਾਬ ਦੀ ਆਬਾਦੀ 2 ਕਰੋੜ 77 ਲੱਖ ਸੀ। ਇਉਂ ਪੰਜਾਬ ਵਿੱਚ ਬਾਹਰਲੇ ਰਾਜਾਂ ਤੋਂ ਆਏ ਪਰਵਾਸੀ ਕੁਲ ਵਸੋਂ ਦਾ ਲਗਭਗ 7.5% ਸਨ। ਇਨ੍ਹਾਂ ਵਿੱਚੋਂ ਯੂਪੀ, ਬਿਹਾਰ ਤੋਂ ਆਏ ਲੋਕ ਪੰਜਾਬ ਦੀ ਆਬਾਦੀ ਦਾ 3.6% ਸਨ। ਬਾਕੀ 92.5% ਆਬਾਦੀ ਆਪਣੇ ਪੰਜਾਬ ਵਿੱਚ ਪੈਦਾ ਹੋਏ ਲੋਕਾਂ ਦੀ ਸੀ।

ਵਿਦੇਸ਼ਾਂ ਵਿੱਚ ਹੁਣ ਪਰਵਾਸ ਨਿਯਮ ਬਦਲ ਰਹੇ ਹਨ। ਵਿਦੇਸ਼ਾਂ ਵਿੱਚ ਜਦੋਂ ਵੀ ਜਿਸ ਪ੍ਰਕਾਰ ਦੇ ਨੌਜਵਾਨਾਂ ਦੀ ਜ਼ਰੂਰਤ ਹੁੰਦੀ ਹੈ, ਉਹ ਆਪਣੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹ ਦਿੰਦੇ ਹਨ। ਜਦੋਂ ਉਹਨਾਂ ਦੀ ਮੰਗ ਪੂਰੀ ਹੋ ਜਾਂਦੀ ਹੈ, ਉਹ ਪਰਵਾਸ ਲਈ ਦਰਵਾਜ਼ੇ ਬੰਦ ਕਰ ਦਿੰਦੇ ਹਨ ਜਾਂ ਅਗਾਂਹ ਵਾਸਤੇ ਵਰਕ ਪਰਮਿਟ ਦੇਣੇ ਬੰਦ ਕਰ ਦਿੰਦੇ ਹਨ। ਇਸ ਲਈ ਜ਼ਰੂਰੀ ਹੈ, ਨੌਜਵਾਨੀ ਨੂੰ ਪੰਜਾਬ ਵਿੱਚ ਰੱਖਣ ਵਾਸਤੇ ਮਿਆਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਦਿੱਤੀਆਂ ਜਾਣ। ਪੰਜਾਬ ਤੋਂ ਹੋਣ ਵਾਲੇ ਵਿੱਤੀ ਅਤੇ ਮਨੁੱਖੀ ਸਰਮਾਏ ਦੇ ਪਰਵਾਸ ਨੂੰ ਠੱਲ੍ਹ ਪਾ ਕੇ ਪੰਜਾਬ ਦੇ ਵਿਕਾਸ ਨੂੰ ਮੁੜ ਲੀਹਾਂ ’ਤੇ ਲਿਆਉਣਾ ਸਮੇਂ ਦੀ ਜ਼ਰੂਰਤ ਹੈ।



# ਵਿਦੇਸ਼ ਜਾਣ ਦੀ ਤਾਂਘ

ਪ੍ਰੋ. ਹਰਦੀਪ ਸਿੰਘ, ਸੰਗਰੂਰ

ਪੰਜਾਬ ਵਿੱਚ ਮਾਹੌਲ ਇਹ ਹੈ ਕਿ ਸਕੂਲ ਦੀ ਪੜ੍ਹਾਈ ਦੀ ਪੌੜੀ ਦਾ ਅਖੀਰਲਾ ਡੰਡਾਂ (+2) ਨੂੰ ਚੜ੍ਹ ਚੁੱਕੇ ਬਹੁਤੇ ਵਿਦਿਆਰਥੀ ਵਿਦੇਸ਼ ਜਾਣ ਨੂੰ ਕਾਹਲੇ ਹਨ । ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਵਿਦੇਸ਼ ਵਿੱਚ ਜਾਂਦਿਆਂ ਹੀ ਸੈੱਟ ਹੋ ਜਾਣਗੇ ਤੇ ਮੋਟੀ ਕਮਾਈ ਕਰਨ ਦੇ ਸਾਰੇ ਸਾਧਨ ਹਾਸਲ ਕਰ ਕੇ ਆਲੀਸ਼ਾਨ ਜ਼ਿੰਦਗੀ ਦੇ ਮਾਲਕ ਹੋ ਜਾਣਗੇ। ਜਦਕਿ ਕੈਨੇਡਾ ਵਰਗੇ ਮੁਲਕਾਂ ਨੇ ਤਾਂ ਵੀਜ਼ਾ ਸ਼ਰਤਾਂ ਵੀ ਸਖ਼ਤ ਕਰ ਦਿੱਤੀਆਂ ਨੇ, ਜਿਸ ਕਾਰਨ ਪੜ੍ਹਾਈ ਦੇ ਆਧਾਰ ’ਤੇ ਉਥੇ ਜਾਣਾ ਹੁਣ ਔਖਾ ਹੋ ਗਿਆ ਹੈ ਤੇ ਪਹਿਲਾਂ ਗਏ ਲੱਖਾਂ ਭਾਰਤੀ ਵਿਦਿਆਰਥੀਆਂ ਨੂੰ ਉਥੋਂ ਵਾਪਸ ਭੇਜਣ ਦੀ ਵੀ ਤਿਆਰੀ ਹੈ ।

ਪਰ ਬਹੁਤੇ ਨੌਜਵਾਨਾਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪੇ ਵੀ ਦੂਜਿਆਂ ਨੂੰ ਦੇਖ ਕੇ ਆਪਣੇ ਬੱਚਿਆਂ ਨੂੰ ਛੇਤੀ ਤੋਂ ਛੇਤੀ ਵਿਦੇਸ਼ ਭੇਜਣ ਦੇ ਚਾਹਵਾਨ ਹਨ, ਕਿਉਂਕਿ ਉਹ ਚਾਹੁੰਦੇ ਹਨ ਕਿ ਬੱਚਾ ਵਿਦੇਸ਼ ਵਿੱਚ ਆਪਣੀ ਪੜ੍ਹਾਈ ਜਲਦੀ ਮੁਕੰਮਲ ਕਰ ਕੇ ਉਥੇ ਛੇਤੀ ਪੱਕਾ ਹੋ ਕੇ ਸੈੱਟ ਹੋ ਜਾਵੇ। ਕੈਨੇਡਾ ਦੀ ਸਖ਼ਤੀ ਮਗਰੋਂ ਹੁਣ ਬਹੁਤੇ ਨੌਜਵਾਨ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵੱਲ ਵਹੀਰਾਂ ਘੱਤਣ ਦੀ ਤਿਆਰੀ ’ਚ ਹਨ। ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦੇ ਚਾਹਵਾਨ ਇਨ੍ਹਾਂ ਬੱਚਿਆਂ ਦੇ ਮਾਪੇ ਉਨ੍ਹਾਂ ਦੀ ਵਿਦੇਸ਼ ਪਰਵਾਜ਼ ਲਈ ਹਰ ਹੀਲਾ ਵਸੀਲਾ ਵਰਤ ਰਹੇ ਨੇ ।



ਕੋਈ ਮਾਂ-ਬਾਪ ਆਪਣੀ ਪੁਰਖਿਆਂ ਦੀ ਜ਼ਮੀਨ ਨੂੰ ਵੇਚ ਕੇ ਜਹਾਜ਼ ਦੀਆਂ ਟਿਕਟਾਂ ਤੇ ਕੋਰਸ ਦੀ ਫੀਸ ਦਾ ਪ੍ਰਬੰਧ ਕਰ ਰਹੇ ਹਨ । ਕਿਸੇ ਨੇ ਲਿਮਟਾਂ ਬਣਾ ਕੇ ਬੈਂਕਾਂ ਤੋਂ ਕਰਜ਼ਾ ਚੁੱਕਿਆ ਤੇ ਕਿਸੇ ਨੇ ਘਰਵਾਲੀ ਦੇ ਗਹਿਣੇ-ਗੱਟੇ ਵੇਚ ਕੇ ਪੈਸੇ ਇਕੱਠੇ ਕੀਤੇ ਤੇ ਘਟਦੀ ਰਕਮ ਕਿਸੇ ਤੋਂ ਕਰਜ਼ਾ ਲੈ ਕੇ ਪੂਰੀ ਕੀਤੀ । ਕਈਆਂ ਨੇ ਆਪਣੇ ਮੁੰਡੇ-ਕੁੜੀ ਨੂੰ ਬਾਹਰ ਭੇਜਣ ਲਈ ਆਇਲੈਟਸ ਪਾਸ ਕੁੜੀ-ਮੁੰਡੇ ਨਾਲ ਵਿਆਹ ਲਈ ਰਿਸ਼ਤੇ ਲੱਭ ਕੇ ਜੁਗਾੜ ਕੀਤਾ ਤੇ ਕਈ ਟਰੈਵਲ ਏਜੰਟਾਂ ਨੂੰ ਮੋਟੀ ਰਕਮ ਤਾਰ ਕੇ ਆਪਣੇ ਜਵਾਕਾਂ ਨੂੰ ਡੌਂਕੀ ਲਵਾ ਕੇ ਵਲੈਤ ਭੇਜਣ ਦਾ ਜੋਖ਼ਮ ਵੀ ਲਈ ਜਾ ਰਹੇ ਹਨ ।

ਭਾਵ ਕਿ ਵਿਦੇਸ਼ ਸੈੱਟ ਹੋਣ ਦੀ ਚਾਹਤ ਨਾਲ ਬਾਹਰ ਜਾਣ ਵਾਲੇ ਬੱਚਿਆਂ ਦੇ ਮਾਪੇ ਕਈ ਤਰ੍ਹਾਂ ਦੇ ਤਰੀਕੇ ਵਰਤ ਕੇ ਉਨ੍ਹਾਂ ਨੂੰ ਬਾਹਰ ਭੇਜ ਰਹੇ ਹਨ । ਜਹਾਜ਼ ਦੀਆਂ ਟਿਕਟਾਂ , ਵੀਜ਼ਾ ਅਤੇ ਵਿਦੇਸ਼ ਵਿੱਚ ਪੜ੍ਹਾਈ ਵਾਲੇ ਕਾਲਜ ਦੇ ਪ੍ਰਬੰਧ ਤੋਂ ਬਾਅਦ ਬੱਚੇ ਇਕ ਨਵੀਂ ਆਸ ਨਾਲ ਘਰ ਦੀ ਸਰਦਲ ਨੂੰ ਸਿਜਦਾ ਕਰ ਏਅਰਪੋਰਟ ਪਹੁੰਚਦੇ ਹਨ ਪਰ ਉਨ੍ਹਾਂ ਨੂੰ ਏਅਰਪੋਰਟ ਛੱਡਣ ਜਾ ਰਹੇ ਮਾਪਿਆਂ ਦਾ ਅੰਦਰੋਂ ਬੜਾ ਕੁਝ ਪਿਘਲਦਾ ਵੀ ਹੈ॥

ਆਪਣੇ ਇਕਲੌਤੇ ਧੀ-ਪੁੱਤ ਨੂੰ ਜਦ ਕੋਈ ਅੱਖੋਂ ਦੂਰ ਹੁੰਦਾ ਦੇਖਦੈ ਤਾਂ ਉਸ ਨੂੰ ਆਪਾ ਖੁਰਦਾ ਨਜ਼ਰ ਆਉਂਦੈ। ਮਾਪੇ ਆਪਣੇ ਜਾਇਆਂ ਨੂੰ ਵਾਰ-ਵਾਰ ਤਾਕੀਦ ਕਰਦੇ ਹਨ ਕਿ ਪੁੱਤ ਸੰਭਲ ਕੇ ਰਹੀਂ , ਮਨ ਲਾ ਕੇ ਪੜ੍ਹੀਂ , ਉਥੇ ਮੋਟੇ ਕੱਪੜੇ ਪਾਈਂ , ਠੰਢ ਤੋਂ ਬਚਾਅ ਰੱਖੀਂ ਤੇ ਆਪਣੀ ਫੀਸ ਦੀ ਅਗਲੀ ਕਿਸ਼ਤ ਤਾਰਨ ਲਈ ਕੰਮ ’ਤੇ ਲੱਗੀਂ , ਸਾਡੇ ਕੋਲ ਜੋ ਕੁਝ ਸੀ ਉਹ ਅਸੀਂ ਤੈਨੂੰ ਦੇ ਦਿੱਤਾ ਹੈ। ਬੱਚਿਆਂ ਨੂੰ ਤੋਰਨ ਲੱਗਿਆਂ ਮਾਪਿਆਂ ਦੀਆਂ ਦੀਆਂ ਅੱਖਾਂ ਵਿੱਚ ਕਈ ਤਰ੍ਹਾਂ ਦੇ ਧੁੜਕੂ ਤੈਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਬੇਗਾਨੀ ਧਰਤੀ ’ਤੇ ਮੌਸਮ ਦੀ ਮਾਰ ਨਾਲ ਜਾਂ ਕਿਸੇ ਹੋਰ ਕਾਰਨ ਬੱਚਿਆਂ ਦੇ ਬਿਮਾਰ ਹੋਣ ਨਾਲ ਜਾਨ ਜਾਣ ਦਾ ਡਰ ਵੀ ਸਤਾਉਂਦਾ ਹੈ। ਮਾਪਿਆਂ ਨੂੰ ਇਹ ਡਰ ਵੀ ਸਤਾਉਂਦੈ ਕਿ ਕਿਤੇ ਉਨ੍ਹਾਂ ਦਾ ਬੱਚਾ ਵਿਦੇਸ਼ ਵਿੱਚ ਕਿਸੇ ਮਾੜੀ ਸੰਗਤ ’ਚ ਪੈ ਕੇ ਵਿਗੜ ਨਾ ਜਾਵੇ। ਕਿਤੇ ਬੁਰੀਆਂ ਅਲਾਮਤਾਂ ਦੀ ਛੂਕਦੀ ਨਦੀ ਦਾ ਖ਼ੌਲਦਾ ਪਾਣੀ ਉਨ੍ਹਾਂ ਦੇ ਜਾਇਆਂ ਨੂੰ ਆਪਣੇ ਨਾਲ ਨਾ ਵਹਾਅ ਕੇ ਲੈ ਜਾਵੇ। ਜਿਸ ਢੰਗ ਨਾਲ ਹੇੜਾਂ ਦੀਆਂ ਹੇੜਾਂ ਨਿੱਤ ਜਹਾਜ਼ ਚੜ੍ਹ ਵਿਦੇਸ਼ ਜਾਣ ਲਈ ਪਰਵਾਸ ਦੇ ਰਾਹ ਪਈਆਂ ਨੇ ਉਸ ਤੋਂ ਲਗਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਅੰਦਰ ਸਿਰਫ਼ ਵਡੇਰੀ ਉਮਰ ਦੇ ਨਾਗਰਿਕ ਹੀ ਰਹਿ ਜਾਣਗੇ ਤੇ ਇਹ ਬੁੱਢਿਆਂ ਦਾ ਸੂਬਾ ਬਣ ਕੇ ਰਹਿ ਜਾਵੇਗਾ ।

ਸੂਬੇ ਦੇ ਬਹੁਤੇ ਸ਼ਹਿਰਾਂ ਅੰਦਰ ਹੁਣ ਇਹ ਰੁਝਾਨ ਵੀ ਦੇਖਣ ਨੂੰ ਮਿਲ ਰਿਹਾ ਹੈ ਕਿ ਕਈ ਪੂਰੇ ਦੇ ਪੂਰੇ ਪਰਿਵਾਰ ਵਿਦੇਸ਼ ਚਲੇ ਗਏ ਹਨ ਤੇ ਉਹ ਇੱਥੇ ਆਪਣੇ ਘਰਾਂ ਦੀ ਰਾਖੀ ਲਈ ਗ਼ੈਰ ਪੰਜਾਬੀ ਲੋਕਾਂ ਨੂੰ ਚੌਕੀਦਾਰ ਰੱਖ ਸੁਰਖਰੂ ਹੋਏ ਬੈਠੇ ਹਨ । ਜੇ ਵੇਲੇ ਸਿਰ ਪਰਵਾਸ ਦੇ ਕਾਰਨਾਂ ਨੂੰ ਵਿਚਾਰ ਕੇ ਉਨ੍ਹਾਂ ਦਾ ਹੱਲ ਨਾ ਲੱਭਿਆ ਗਿਆ ਤਾਂ ਘਰਾਂ ਦੀ ਰਾਖੀ ਲਈ ਰੱਖੇ ਇਹ ਚੌਕੀਦਾਰ ਚੁਬਾਰਿਆਂ ਦੇ ਦਾਅਵੇਦਾਰ ਬਣ ਸਕਦੇ ਹਨ ਜਾਂ ਵਿਦੇਸ਼ ਗਏ ਬੱਚਿਆਂ ਦੇ ਮੁੜ ਕੇ ਆਉਣ ਤੱਕ ਚਾਵਾਂ ਨਾਲ ਬਣਾਏ ਆਸ਼ਿਆਨਿਆਂ ’ਤੇ ਮਾਲਕੀ ਹੱਕ ਕਿਸੇ ਹੋਰ ਦਾ ਹੋ ਸਕਦਾ ਹੈ।

ਮਾਪਿਆਂ ਦੇ ਗਲ ਅੰਗੂਠਾ ਦੇ ਕੇ ਵਿਦੇਸ਼ ਗਏ ਜਾਂ ਜਾਣ ਲਈ ਕਾਹਲੇ ਹੋਏ ਨੌਜਵਾਨਾਂ ਅਤੇ ਬੱਚਿਆਂ ਨੂੰ ਪੌੜੀ ਬਣਾ ਕੇ ਵਿਦੇਸ਼ ਜਾਣ ਲਈ ਜਹਾਜ਼ ਚੜ੍ਹਨ ਦੇ ਚਾਹਵਾਨ ਮਾਂ-ਬਾਪ ਨੂੰ ਕੁਝ ਸੋਚ ਵਿਚਾਰ ਕਰਨਾ ਚਾਹੀਦਾ ਹੈ। ਸਮਾਂ ਆ ਗਿਆ ਹੈ ਕਿ ਆਪਣੇ ਦੇਸ਼ ਵਿੱਚ ਹੀ ਰੁਜ਼ਗਾਰ ਦਾ ਕੋਈ ਹੀਲਾ-ਵਸੀਲਾ ਕੀਤਾ ਜਾਵੇ। ਇਸ ਲਈ ਸਰਕਾਰਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।



# ਵਿਗਿਆਨ ਦੇ ਚਾਨਣ 'ਚ ਫ਼ੈਲਿਆ ਅੰਧਵਿਸ਼ਵਾਸ ਦਾ ਹਨੇਰਾ

## ਆਮ ਲੋਕਾਂ ਨੂੰ ਤਰਕਸ਼ੀਲ ਸੋਚ ਅਪਨਾਉਣ ਦੀ ਲੋੜ

**ਨਵਾਂ ਸਾਲ 2025 ਆਉਣ ਵਿੱਚ ਅਜੇ ਇੱਕ ਮਹੀਨੇ ਦਾ ਸਮਾਂ ਪਿਆ ਹੈ, ਪਰ ਵੱਡੀ ਗਿਣਤੀ ਲੋਕਾਂ ਨੇ ਹੁਣੇ ਤੋਂ ਹੀ ਨਵੇਂ ਸਾਲ 2025 ਦਾ ਰਾਸ਼ੀਫ਼ਲ ਦੇਖਣਾ ਸ਼ੁਰੂ ਕਰ ਦਿੱਤਾ ਹੈ। ਵੱਡੀ ਗਿਣਤੀ ਲੋਕ ਅਨੇਕਾਂ ਵਹਿਮਾਂ ਭਰਮਾਂ ਵਿੱਚ ਵੀ ਫ਼ਸੇ ਹੋਏ ਹਨ। ਅਨੇਕਾਂ ਲੋਕ ਅਜਿਹੇ ਵੀ ਹਨ ਜੋ ਕਿ ਸਵੇਰ ਵੇਲੇ ਪਾਣੀ ਵਿੱਚ ਮੱਛੀਆਂ ਨੂੰ ਆਟੇ ਦੀਆਂ ਗੋਲ਼ੀਆਂ ਪਾਉਂਦੇ ਹਨ ਪਰ ਸ਼ਾਮ ਵੇਲੇ ਦਾਰੂ ਪੀਂਦਿਆਂ ਸੁਆਦ ਲੈ ਕੇ ਮੱਛੀ ਦੇ ਪਕੌੜੇ ਖਾਂਦੇ ਹਨ। ਹੁਣ ਅਜਿਹੇ ਲੋਕਾਂ ਦੀ ਸੋਚ ਨੂੰ ਕੀ ਆਖਿਆ ਜਾਵੇ ? ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਅਸੀਂ ਪੜ੍ਹੇ ਲਿਖੇ ਲੋਕਾਂ ਨੂੰ ਵੀ ਅੰਧ ਵਿਸ਼ਵਾਸਾਂ ਵਿੱਚ ਫ਼ਸੇ ਹੋਏ ਵੇਖਦੇ ਹਾਂ। ਆਮ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਰਹਿ ਕੇ ਤਰਕਸ਼ੀਲ ਸੋਚ ਅਪਨਾਉਣੀ ਚਾਹੀਦੀ ਹੈ।**

ਜਗਮੋਹਨ ਸਿੰਘ ਲੱਕੀ
ਮੋਬਾ. 9463819174

ਇੱਕ ਪਾਸੇ ਆਧੁਨਿਕ ਯੁੱਗ ਵਿੱਚ ਵਿਗਿਆਨੀਆਂ ਵੱਲੋਂ ਚੰਦ ਉੱਪਰ ਮਨੁੱਖੀ ਬਸਤੀਆਂ ਵਸਾਉਣ ਦੇ ਯਤਨ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਸਾਡਾ ਸਮਾਜ ਅਜੇ ਵੀ ਅੰਧਵਿਸ਼ਵਾਸ, ਡਰ ਅਤੇ ਠੱਗੀਆਂ ਦੇ ਵਿੱਚ ਫ਼ਸਿਆ ਹੋਇਆ ਹੈ। ਜਿਸ ਸੋਸ਼ਲ ਮੀਡੀਆ ਦੀ ਖੋਜ ਮਨੁੱਖ ਦੀ ਭਲਾਈ ਲਈ ਕੀਤੀ ਗਈ ਸੀ, ਉਸੇ ਸੋਸ਼ਲ ਮੀਡੀਆ ਦੀ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗਲਤ ਵਰਤੋ ਵੀ ਕੀਤੀ ਜਾ ਰਹੀ ਹੈ, ਜਿਸ ਕਾਰਨ ਵਿਗਿਆਨੀਆਂ ਵੱਲੋਂ ਕੀਤੀਆਂ ਗਈਆਂ ਵਰਦਾਨੀ ਖੋਜਾਂ ਇੱਕ ਅਭਿਸ਼ਾਪ ਬਣਕੇ ਰਹਿ ਗਈਆਂ ਹਨ।

### ਸੋਸ਼ਲ ਮੀਡੀਆ 'ਤੇ ਧਾਰਮਿਕ ਤਸਵੀਰਾਂ ਪਾ ਕੇ ਉਹਨਾਂ ਨੂੰ ਅੱਗੇ ਭੇਜਣ ਦੀ ਲਿਖੀ ਹੁੰਦੀ ਹੈ ਚਿਤਾਵਨੀ

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਕਿਸੇ ਸ਼ਰਾਰਤੀ ਅਨਸਰ ਜਾਂ ਸਿਰਫ਼ਿਰੇ ਵਿਅਕਤੀ ਵੱਲੋਂ ਕਿਸੇ ਦੇਵੀ ਦੇਵਤੇ ਦੀ ਤਸਵੀਰ ਜਾਂ ਹੋਰ ਧਾਰਮਿਕ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾ ਦਿੱਤੀਆਂ ਜਾਂਦੀਆਂ ਹਨ ਅਤੇ ਉਹਨਾਂ ਤਸਵੀਰਾਂ ਨਾਲ ਦੋ ਤਿੰਨ ਲਾਈਨਾਂ ਵੀ ਲਿਖੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੁੰਦਾ ਹੈ ਕਿ ਤੁਰੰਤ ਹੀ ਇਹ ਤਸਵੀਰਾਂ 15 ਲੋਕਾਂ ਨੂੰ ਭੇਜੋ ਤਾਂ ਤੁਹਾਨੂੰ ਬਹੁਤ ਲਾਭ ਹੁੰਦਾ ਹੈ। ਇਸ ਦੇ ਨਾਲ ਹੀ ਇਹਨਾਂ ਤਸਵੀਰਾਂ ਦੇ ਨਾਲ ਚਿਤਾਵਨੀ ਵੀ ਲਿਖੀ ਹੁੰਦੀ ਹੈ ਕਿ ਜੇ ਇਹ ਤਸਵੀਰਾਂ ਤੁਸੀਂ ਅੱਗੇ 15 ਲੋਕਾਂ ਨੂੰ ਸ਼ੇਅਰ ਨਹੀਂ ਕੀਤੀਆਂ ਤਾਂ ਤੁਹਾਡਾ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ ਜਾਂ ਮਾਂ ਮਰ ਜਾਵੇਗੀ ਜਾਂ ਅਜਿਹਾ ਹੀ ਕੁਝ ਹੋਰ ਡਰਾਵਾ ਦਿੱਤਾ ਗਿਆ ਹੁੰਦਾ ਹੈ। ਅਕਸਰ ਅਜਿਹੀਆਂ ਤਸਵੀਰਾਂ ਅਤੇ ਤਸਵੀਰਾਂ ਨਾਲ ਲਿਖੀ ਹੋਈ ਚਿਤਾਵਨੀ ਦੇਖ ਕੇ ਆਮ ਲੋਕ ਡਰ ਜਾਂਦੇ ਹਨ ਅਤੇ ਇਸੇ ਡਰ ਤਹਿਤ ਉਹ ਇਹ ਤਸਵੀਰਾਂ ਅੱਗੇ ਹੋਰਨਾਂ ਲੋਕਾਂ ਨੂੰ ਸ਼ੇਅਰ ਕਰ ਦਿੰਦੇ ਹਨ। ਜਿਸ ਕਾਰਨ ਇਹ ਤਸਵੀਰਾਂ ਦੇਸ਼ ਵਿਦੇਸ਼ ਵਿੱਚ ਘੁੰਮਣ ਲੱਗਦੀਆਂ ਹਨ। ਜਿਸ ਕਾਰਨ ਆਧੁਨਿਕ ਅਤੇ ਤਰਕਸ਼ੀਲ ਕਹੇ ਜਾਂਦੇ ਇਸ ਯੁੱਗ ਵਿੱਚ ਵੀ ਅੰਧਵਿਸ਼ਵਾਸ ਅਤੇ ਠੱਗੀਆਂ ਫ਼ੈਲ ਜਾਂਦੇ ਹਨ।





ਇਹ ਸਿਰਫ਼ ਕਿਸੇ ਇੱਕ ਪਿੰਡ ਜਾਂ ਸ਼ਹਿਰ ਤੱਕ ਸੀਮਿਤ ਨਹੀਂ ਹੈ, ਸਗੋਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅਕਸਰ ਸ਼ਰਾਰਤੀ ਅਨਸਰ ਅਤੇ ਸਿਰਫ਼ਿਰੇ ਲੋਕ ਅਜਿਹੀਆਂ ਧਾਰਮਿਕ ਤਸਵੀਰਾਂ ਨੂੰ ਸੋਸ਼ਲ ਮੀਡੀਆ ਤੇ ਪਾਉਂਦੇ ਰਹਿੰਦੇ ਹਨ ਅਤੇ ਨਾਲ ਹੀ ਚਿਤਾਵਨੀ ਲਿਖ ਕੇ ਆਮ ਲੋਕਾਂ ਨੂੰ ਡਰਾਉਂਦੇ ਹਨ ਤੇ ਆਮ ਭੋਲੇ ਭਾਲੇ ਲੋਕਾਂ ਨੂੰ ਇਹ ਤਸਵੀਰਾਂ ਅੱਗੇ ਸ਼ੇਅਰ ਕਰਨ ਲਈ ਮਜਬੂਰ ਕਰਦੇ ਹਨ। ਅਜਿਹੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਿਸੇ ਗਰੁੱਪ ਵਿੱਚ ਆਉਣ ਤੋਂ ਬਾਅਦ ਆਮ ਵਿਅਕਤੀ ਨੂੰ ਪਤਾ ਨਹੀਂ ਚੱਲਦਾ ਕਿ ਉਹ ਕੀ ਕਰਨ। ਕੁਝ ਲੋਕ ਤਾਂ ਅਜਿਹੀਆਂ ਤਸਵੀਰਾਂ ਆਉਣ 'ਤੇ ਤੁਰੰਤ ਇਹਨਾਂ ਤਸਵੀਰਾਂ ਨੂੰ ਡਿਲੀਟ ਕਰ ਦਿੰਦੇ ਹਨ ਜਦੋਂ ਕਿ ਅਨੇਕਾਂ ਲੋਕ ਅਜਿਹੀਆਂ ਤਸਵੀਰਾਂ ਆਉਣ ਅਤੇ ਨਾਲ ਹੀ ਨੁਕਸਾਨ ਹੋਣ ਦੀ ਚਿਤਾਵਨੀ ਲਿਖੀ ਹੋਣ ਕਰਕੇ ਡਰ ਜਾਂਦੇ ਹਨ ਅਤੇ ਉਹਨਾਂ ਨੂੰ ਸਮਝ ਨਹੀਂ ਲੱਗਦੀ ਕਿ ਉਹ ਕੀ ਕਰਨ। ਅਕਸਰ ਆਮ ਲੋਕ ਡਰਦੇ ਹੋਏ ਅਜਿਹੀਆਂ ਤਸਵੀਰਾਂ ਸ਼ੇਅਰ ਕਰ ਦਿੰਦੇ ਹਨ ਜਿਸ ਕਾਰਨ ਸ਼ਰਾਰਤੀ ਅਨਸਰ ਅਤੇ ਸਿਰਫ਼ਿਰੇ ਲੋਕ ਆਪਣੀ ਚਾਲ ਵਿੱਚ ਕਾਮਯਾਬ ਹੋ ਜਾਂਦੇ ਹਨ।




ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਦਾ ਕੋਈ ਦੀਨ, ਇਮਾਨ ਅਤੇ ਧਰਮ ਨਹੀਂ ਹੁੰਦਾ ਸਗੋਂ ਅਜਿਹੇ ਲੋਕਾਂ ਦਾ ਮਕਸਦ ਸਿਰਫ਼ ਆਮ ਲੋਕਾਂ ਵਿੱਚ ਡਰ ਅਤੇ ਸਨਸਨੀ ਫ਼ੈਲਾਉਣਾ ਹੀ ਹੁੰਦਾ ਹੈ। ਹਰ ਇਲਾਕੇ ਵਿੱਚ ਅਜਿਹੇ ਸਿਰਫ਼ਿਰੇ ਲੋਕ ਅਕਸਰ ਮਿਲ ਜਾਂਦੇ ਹਨ, ਜਿਨ੍ਹਾਂ ਨੂੰ ਹੋਰ ਕੋਈ ਕੰਮ ਨਾ ਹੋਣ ਕਰਕੇ ਉਹ ਅਜਿਹੇ ਗਲਤ ਕੰਮ ਕਰਦੇ ਰਹਿੰਦੇ ਹਨ, ਜਿਸ ਕਾਰਨ ਆਮ ਲੋਕਾਂ ਵਿੱਚ ਕਈ ਤਰਾਂ ਦੀਆਂ ਅਫ਼ਵਾਹਾਂ ਵੀ ਫ਼ੈਲ ਜਾਂਦੀਆਂ ਹਨ। ਕਾਨੂੰਨ ਲਾਗੂ ਕਰਨ ਵਾਲਿਆਂ ਦੀ ਢਿੱਲ ਮੱਠ ਕਾਰਨ ਸ਼ਰਾਰਤੀ ਅਨਸਰ ਅਜਿਹੀਆਂ ਕਾਰਵਾਈਆਂ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਨਾ ਮਿਲਣ ਕਾਰਨ ਉਹਨਾਂ ਦੇ ਹੌਂਸਲੇ ਵੱਧ ਜਾਂਦੇ ਹਨ ਅਤੇ ਉਹ ਸਿਰਫ਼ ਆਪਣੇ ਸਸਤੇ ਮਨੋਰੰਜਨ ਲਈ ਅਜਿਹੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਅਕਸਰ ਪਾਉਂਦੇ ਰਹਿੰਦੇ ਹਨ ਤੇ ਆਮ ਲੋਕਾਂ ਨੂੰ ਪਰੇਸ਼ਾਨ ਕਰਨ ਦਾ ਯਤਨ ਕਰਦੇ ਰਹਿੰਦੇ ਹਨ।

ਅਜਿਹੀਆਂ ਤਸਵੀਰਾਂ ਮਿਲਣ 'ਤੇ ਆਮ ਲੋਕਾਂ ਨੂੰ ਘਬਰਾਉਣਾ ਨਹੀਂ ਚਾਹੀਦਾ ਅਤੇ ਇਹਨਾਂ ਤਸਵੀਰਾਂ ਨੂੰ ਵਾਪਸ ਉਸ ਨੰਬਰ ਜਾਂ ਗਰੁੱਪ ਵਿੱਚ ਹੀ ਭੇਜ ਦੇਣਾ ਚਾਹੀਦਾ ਹੈ, ਜਿਸ ਨੰਬਰ ਜਾਂ ਗਰੁੱਪ ਵਿਚੋਂ ਇਹ ਤਸਵੀਰਾਂ ਆਈਆਂ ਹੋਣ ਅਤੇ ਇਹਨਾਂ ਤਸਵੀਰਾਂ ਨੂੰ ਡਿਲੀਟ ਕਰ ਦੇਣਾ ਚਾਹੀਦਾ ਹੈ। ਸ਼ਰਾਰਤੀ ਅਨਸਰ ਕਈ ਵਾਰ ਮਨੋਰੋਗੀ ਹੁੰਦੇ ਹਨ ਤੇ ਉਹਨਾਂ ਨੂੰ ਦੂਸਰੇ ਲੋਕਾਂ ਨੂੰ ਪਰੇਸ਼ਾਨ ਕਰਕੇ ਖੁਸ਼ੀ ਮਿਲਦੀ ਹੈ। ਇਸ ਕਰਕੇ ਅਜਿਹੀਆਂ ਤਸਵੀਰਾਂ ਵੇਖ ਕੇ ਡਰਨਾ ਨਹੀਂ ਚਾਹੀਦਾ ਅਤੇ ਆਪਣੀ ਸੋਚ ਤਰਕਸ਼ੀਲ ਰੱਖਣੀ ਚਾਹੀਦੀ ਹੈ ਤੇ ਕਿਸੇ ਵਹਿਮ ਭਰਮ ਵਿੱਚ ਨਹੀਂ ਪੈਦਾ ਚਾਹੀਦਾ। ਜੇ ਕੋਈ ਸ਼ਰਾਰਤੀ ਅਨਸਰ ਅਜਿਹੀਆਂ ਤਸਵੀਰਾਂ ਵਾਰ ਵਾਰ ਭੇਜੇ ਤਾਂ ਉਸ ਦੀ ਪੁਲਿਸ ਕੋਲ ਸ਼ਿਕਾਇਤ ਦਰਜ਼ ਕਰਵਾਉਣੀ ਚਾਹੀਦੀ ਹੈ ਜਾਂ ਅਜਿਹੀਆਂ ਤਸਵੀਰਾਂ ਭੇਜਣ ਵਾਲੇ ਦੀ ਹੋਰਨਾਂ ਲੋਕਾਂ ਸਾਹਮਣੇ ਲਾਹ ਪਾਹ ਕਰਨੀ ਚਾਹੀਦੀ ਹੈ ਤਾਂ ਕਿ ਉਹ ਸ਼ਰਾਰਤੀ ਅਨਸਰ ਅਜਿਹੀਆਂ ਤਸਵੀਰਾਂ ਅੱਗੇ ਤੋਂ ਤੁਹਾਨੂੰ ਨਾ ਭੇਜੇ। ਸ਼ਰਾਰਤੀ ਅਨਸਰਾਂ ਵਿਰੁੱਧ ਕਾਰਵਾਈ ਲਈ ਸਮਾਜ ਨੂੰ ਇੱਕ ਮੁੱਠ ਹੋ ਕੇ ਸਾਂਝੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਇਸ ਗਲਤ ਰੁਝਾਨ ਨੂੰ ਰੋਕਿਆ ਜਾ ਸਕੇ।





# ਸੱਦਾ ਪੱਤਰਾਂ ਦਾ ਨਿੱਘ



ਜਗਜੀਤ ਸਿੰਘ
ਲੋਹਟਬੱਦੀ

ਪੰਜਾਬੀ ਸੱਦਾ ਪੱਤਰਾਂ ਦੇ ਸ਼ੌਕੀਨ ਨੇ, ਸਿਰੇ ਦੇ ਸ਼ੁਦਾਈ। ਜਿੱਥੇ ਬੁੱਕਲ ਖੁੱਲ੍ਹੀ ਹੋਵੇ, ਉੱਥੇ ਸੱਦੇ ਤੋਂ ਬਿਨਾਂ ਵੀ ਜਾਣ ਲਈ ਤਿਆਰ ਰਹਿੰਦੇ ਨੇ। ਬਿੜਕਾਂ ਲੈਂਦੇ ਰਹਿੰਦੇ ਨੇ ਕਿ ਕੋਈ ਰਸਮ ਇਨ੍ਹਾਂ ਦੀ 'ਸਤਿਕਾਰਤ' ਮੌਜੂਦਗੀ ਤੋਂ ਬਿਨਾਂ ਸੁੱਕੀ ਨਾ ਲੰਘ ਜਾਵੇ। 'ਵਿਆਹ 'ਚ ਮੇਲਣ' ਵਾਲਾ ਅਹਿਸਾਸ ਹੋਣਾ ਚਾਹੀਦਾ ਹੈ, ਚਾਹੇ ਵਡੇਰੇ ਦਾ ਭੋਗ ਈ ਹੋਵੇ। ਮੱਲੋ-ਮੱਲੀ ਮੇਜ਼ਬਾਨ ਨਾਲ ਨੇੜਤਾ ਦੇ ਬਾਨ੍ਹਣੂ ਬੰਨ੍ਹਣ ਲੱਗਦੇ ਨੇ। ਜਿੱਥੇ ਨਹੀਂ ਜਾਣਾ, ਉੱਥੇ ਫੁੱਫੜ ਬਣ ਕੇ ਬੈਠ ਜਾਂਦੇ ਨੇ...ਨਿਰਾ ਮਾਹਾਂ ਦਾ ਆਟਾ! ਫਿਰ ਸਭ ਅਗਲੀਆਂ ਪਿਛਲੀਆਂ ਪੁਣ ਛਾਣ ਕੇ ਕੋਈ ਘੁੰਤਰਬਾਜ਼ੀ ਮੂਹਰੇ ਲਿਆਉਣਗੇ। ਪਤਾ ਹੁੰਦੈ ਕਿ 'ਬਲੈਕਮੇਲਿੰਗ' ਦਾ ਮੁੱਲ ਪਊਗਾ, ਖ਼ਾਸ ਕਰ ਕੇ 'ਮਿਲਣੀ' ਦੇ ਸਮੇਂ।

ਸਾਡੀ ਪ੍ਰਾਹੁਣਚਾਰੀ ਵੀ ਮਿਸਾਲੀ ਐ। ਦੁਨੀਆਂ ਦੇ ਕਿਸੇ ਕੋਨੇ ਵਿੱਚ ਚਲੇ ਜਾਈਏ, ਪੰਜਾਬੀਆਂ ਦਾ ਚਾਹ ਵਾਲਾ ਪਤੀਲਾ ਚੁੱਲ੍ਹੇ 'ਤੇ ਚੜ੍ਹਿਆ ਈ ਰਹਿੰਦੈ। ਸ਼ਾਇਦ ਸਾਡੇ ਖ਼ੂਨ ਵਿੱਚ ਮਹਿਮਾਨ ਨਿਵਾਜ਼ੀ ਵੱਸੀ ਹੋਈ ਹੈ। ਅਸੀਂ ਗੁਰੂਆਂ ਦੀ ਦੱਸੀ ਹੋਈ ਸਾਂਝੀਵਾਲਤਾ ਅਤੇ ਭਾਈਚਾਰਕ ਸਾਂਝ ਦੀ ਤੰਦ ਨਾਲ ਬੱਝੇ ਹੋਏ ਹਾਂ। ਮਹਿਮਾਨ ਦਾ ਆਗਮਨ ਜਿਉਂਦੇ ਵਸਦੇ ਘਰਾਂ ਦਾ ਪ੍ਰਤੀਕ ਮੰਨਿਆ ਜਾਂਦੈ। ਕਹਾਵਤ ਹੈ, 'ਤੱਤੇ ਪਾਣੀਆਂ ਨਾਲ ਘਰ ਨੀਂ ਫੁਕਦੇ!' ਬੇਜ਼ੁਬਾਨਾਂ ਲਈ ਵੀ ਕਦੇ ਦਰਵਾਜ਼ੇ ਨਹੀਂ ਢੋਏ ਮਿਲਦੇ। ਅਖੇ, ਹਰੇਕ ਜੀਅ ਆਪਣੀ ਕਿਸਮਤ ਦਾ ਖੱਟਿਆ ਖਾਂਦੈ। ਲਿੱਸੇ ਘਰਾਂ 'ਚ ਵੀ 'ਅਤਿਥੀ ਦੇਵੋ ਭਵ' ਹੁੰਦੈ, ਸਗੋਂ ਮਿਲਣੀ 'ਚ ਜ਼ਿਆਦਾ ਨਿੱਘ ਹੁੰਦੈ। ਕਿਸੇ ਤਰ੍ਹਾਂ ਦੀ ਤੋਟ ਨੇੜੇ ਨਹੀਂ ਫੜਕਦੀ। ਅੰਤਰੀਵ ਖ਼ੁਸ਼ੀ ਦਿਲ ਟੁੰਬਦੀ ਆ ਕਿ ਜੱਗ ਜਿਊਂਦਿਆਂ ਦੇ ਮੇਲੇ ਈ ਲੱਗਦੇ ਨੇ...ਕੋਈ ਆਪਣਾ ਹੀ ਅਪਣੱਤ ਜਤਾ ਕੇ ਕੁੰਡਾ ਖੜਕਾਉਂਦੈ;

ਇਹ ਆਉਂਦੇ ਸਿਰ ਪਲੋਸਦੇ
ਤੇ ਜਾਂਦੇ ਦੇਣ ਅਸੀਸ
ਇਹ ਹਿੱਕਾਂ ਤਾਣਦੇ ਲੜਨ ਨੂੰ
ਪਰ ਮੋਹ ਵਿੱਚ ਟੇਕਣ ਸੀਸ
ਇਹ ਨਾਨਕ ਦੇ ਪੁੱਤ ਨੇ!

ਸਿਆਣੇ ਕਹਿੰਦੇ ਨੇ, ਸੰਸਾਰ ਵਿੱਚ ਜਿਹੜੀ ਚੀਜ਼ ਮੁੱਲ ਨਹੀਂ ਖ਼ਰੀਦੀ ਜਾ ਸਕਦੀ, ਉਹ ਹਨ ਅਸੀਸਾਂ। ਪੰਜਾਬੀ ਸ਼ਾਇਦ ਆਪਣੇ ਆਪ ਨੂੰ ਅਸੀਸਾਂ ਤੋਂ ਬਿਨਾਂ ਅਧੂਰੇ ਸਮਝਦੇ ਨੇ। ਇਸੇ ਕਰਕੇ ਦਿਲਾਂ ਦੀ ਅਮੀਰੀ ਹੈ ਅਤੇ ਸੱਦਾ ਮਿਲਣ 'ਤੇ ਚਾਅ ਨਹੀਂ ਚੁੱਕਿਆ ਜਾਂਦਾ। ਪੁਰਾਤਨ ਸਮਿਆਂ ਤੋਂ ਹੀ ਖ਼ੁਸ਼ੀ ਗ਼ਮੀ ਦੇ ਸਮਾਗਮਾਂ 'ਤੇ ਸੱਦਾ ਭੇਜਣ ਦਾ ਦਸਤੂਰ ਚੱਲਿਆ ਆ ਰਿਹੈ। ਮਾਨਵ ਸਮਾਜਿਕ ਪ੍ਰਾਣੀ ਜੋ ਹੋਇਆ। ਢੰਗ ਤਰੀਕੇ ਜ਼ਰੂਰ ਬਦਲਦੇ ਰਹੇ ਨੇ। ਪ੍ਰੇਮੀਆਂ ਦਾ ਸੁਨੇਹੜਾ ਕਬੂਤਰ ਦੇ ਪੈਰਾਂ ਨਾਲ ਬੰਨ੍ਹ ਕੇ ਭੇਜਣਾ ਵੀ ਮਕਬੂਲ ਸਰੋਤ ਰਿਹੈ। ਅੱਜਕੱਲ੍ਹ ਦੇ ਕਾਰਡ ਛਪਣ ਤੋਂ ਪਹਿਲਾਂ ਸੱਦੇ, ਜ਼ੁਬਾਨੀ ਜਾਂ ਸੁਨੇਹਿਆਂ ਦੁਆਰਾ ਹੀ ਪਹੁੰਚਦੇ ਸਨ। ਪਿੰਡ ਦਾ ਕੋਈ ਲਾਗੀ, ਪਰਿਵਾਰਕ ਦੂਤ ਬਣ ਕੇ ਸਾਕ ਸਬੰਧੀਆਂ ਦੀਆਂ ਬਰੂਹਾਂ 'ਤੇ ਜਾ ਦਸਤਕ ਦਿੰਦਾ ਸੀ। ਅਨਪੜ੍ਹਤਾ ਕਾਰਨ ਬਹੁਤੇ ਸ਼ਖ਼ਸ ਕਾਰਡ ਪੜ੍ਹਨ ਤੋਂ ਸੱਖਣੇ ਹੁੰਦੇ ਸਨ।

ਸੱਦੇ ਦੀ ਸਹੀ ਭਾਵਨਾ ਨੂੰ ਦਰਸਾਉਣ ਲਈ ਕਈ ਸੰਕੇਤਕ ਕਾਰਜ ਕੀਤੇ ਜਾਂਦੇ ਸਨ। ਖ਼ੁਸ਼ੀ ਵਾਲੇ ਸੱਦੇ ਦਾ ਸੁਖਾਵਾਂ ਭਾਵ ਉਜਾਗਰ ਕਰਨ ਹਿੱਤ ਚਿੱਠੀ ਜਾਂ ਕਾਰਡ ਉੱਤੇ ਕੇਸਰ ਜਾਂ ਹਲਦੀ ਦਾ ਛਿੱਟਾ ਦਿੱਤਾ ਜਾਂਦਾ ਸੀ। ਇਹ ਰੰਗ ਹੀ ਖ਼ੁਸ਼ੀ ਦਾ ਸਬੱਬ ਬਣ ਰੂਹ ਨੂੰ ਸਕੂਨ ਬਖ਼ਸ਼ਦਾ ਸੀ। ਇਸ ਦੇ ਉਲਟ, ਸੋਗ ਦਾ ਪੱਤਰ ਥੋੜ੍ਹਾ ਪਾੜ ਕੇ ਦਿੱਤਾ ਜਾਂਦਾ ਸੀ। ਗ਼ਮ ਦਾ ਇਹ ਸੰਦੇਸ਼ ਘਰਾਂ ਵਿੱਚ ਅਣਹੋਣੀ ਦੀ ਖ਼ਬਰ ਸੁਣਾ ਸਭ ਨੂੰ ਦਿਲਗੀਰ ਕਰ ਦਿੰਦਾ ਸੀ। ਘਰਾਂ ਵਿੱਚ ਸੱਥਰ ਵਿਛ ਜਾਂਦੇ ਸਨ। ਕਈ ਵਾਰ ਕੋਈ ਘੱਟ ਪੜ੍ਹਿਆ ਡਾਕੀਆ ਵੀ ਸੋਗ ਦੀ ਲਹਿਰ ਦਾ ਕਾਰਨ ਬਣਦਾ ਸੀ ਅਤੇ ਅਸਲੀਅਤ ਪਤਾ ਲੱਗਣ 'ਤੇ ਖ਼ੁਸ਼ੀ ਦੁੱਗਣੀ ਹੋ ਨਿੱਬੜਦੀ ਸੀ।

ਪੰਜਾਬੀ ਆਪਣੀ ਭਾਸ਼ਾ ਤੋਂ ਅਵੇਸਲੇ ਨੇ। ਕਿਸੇ ਦੂਸਰੀ ਭਾਸ਼ਾ ਵਿੱਚ ਬਿਰਤਾਂਤ ਰਚਾ ਕੇ ਫੁੱਲੇ ਨ੍ਹੀਂ ਸਮਾਉਂਦੇ। ਹੀਣ ਭਾਵਨਾ ਦੇ ਸ਼ਿਕਾਰ ਨੇ। ਪੱਛਮੀ ਅਤੇ ਦੱਖਣੀ ਭਾਰਤ ਦੇ ਸੂਬਿਆਂ ਵਿੱਚ ਜਿੱਥੇ ਲੋਕ ਆਪਣੀ ਮਾਤ ਭਾਸ਼ਾ ਵਿੱਚ ਸੱਦਾ ਪੱਤਰ ਛਾਪ ਕੇ ਵੰਡਦੇ ਹਨ, ਅਸੀਂ ਪੰਜਾਬੀ, ਗੋਰਿਆਂ ਦੀ ਜ਼ੁਬਾਨ ਨੂੰ ਤਰਜੀਹ ਦਿੰਦੇ ਹਾਂ। ਦੇਖਿਆ ਗਿਐ ਕਿ ਅਨਪੜ੍ਹ ਲੋਕਾਂ ਵਿੱਚ ਇਹ ਭਾਵਨਾ ਪ੍ਰਬਲ ਹੈ ਕਿ ਅੰਗਰੇਜ਼ੀ ਵਿੱਚ ਛਪੇ ਕਾਰਡ ਦਾ ਵਾਧੂ ਰੋਅਬ ਪੈਂਦੈ! ਪੜ੍ਹੇ ਭਾਵੇਂ ਆਪ ਵੀ ਨਾ ਹੋਣ, ਪਰ ਅਸਰ ਦੂਰ ਦਰਾਡੇ ਤੱਕ ਛੱਡਣਾ ਚਾਹੁੰਦੇ ਨੇ। ਸ਼ਬਦ-ਜੋੜ ਵਿੱਚ ਬੇਤਹਾਸ਼ਾ ਗ਼ਲਤੀਆਂ ਹੁੰਦੀਆਂ ਨੇ ਕਿਉਂਕਿ ਸਿਰਫ਼ ਨਾਂ ਹੀ ਬਦਲੇ ਹੁੰਦੇ ਨੇ, ਬਾਕੀ ਤਾਂ ਪ੍ਰੈੱਸ ਵਾਲੇ ਖ਼ੁਦ ਬਖ਼ੁਦ ਛਾਪ ਦਿੰਦੇ ਨੇ। ਕਦੇ ਕਦੇ ਇਉਂ ਮਹਿਸੂਸ ਹੁੰਦੈ ਕਿ ਸ਼ਾਇਦ ਵਾਹਵਾ ਸਮਾਂ ਗੋਰਿਆਂ ਦੇ ਗ਼ੁਲਾਮ ਰਹਿਣ ਕਰ ਕੇ ਇਹ ਵਿੰਗੀ ਟੇਢੀ ਅੰਗਰੇਜ਼ੀ ਚੇਪ ਕੇ ਗੋਰਿਆਂ ਤੋਂ 'ਬਦਲਾ' ਲੈਣ ਦੇ ਮੂਡ 'ਚ ਨੇ! ਪੰਜਾਬੀ ਨੂੰ ਖ਼ਤਰਾ ਪੰਜਾਬੀਆਂ ਤੋਂ ਹੈ, ਕਿਸੇ ਬਿਗਾਨੇ ਤੋਂ ਨਹੀਂ। ਭੁੱਲ ਜਾਂਦੇ ਹਾਂ ਕਿ ਸਾਡੀ ਮਾਤ ਭਾਸ਼ਾ ਤਾਂ ਮਿੱਠਤ ਨਾਲ ਲਬਰੇਜ਼ ਐ! ਫਿਰ ਸ਼ਰਮ ਕਿਉਂ?

ਸੱਦਾ ਪੱਤਰਾਂ ਦੀ ਆਪਣੀ ਇੱਕ ਤਹਿਜ਼ੀਬ ਹੁੰਦੀ ਹੈ। ਸਮੇਂ ਦੇ ਨਾਲ ਇਸ ਵਿਚਲਾ ਤੱਤ ਵੀ ਬਦਲਦਾ ਰਹਿੰਦੈ। ਹੁਣ ਕੁਝ ਨਿਸ਼ਚਿਤ ਵਿਧੀ ਜਾਂ ਲੇਖਣੀ ਤੋਂ ਅੱਗੇ ਵਧ ਕੇ ਪੰਜਾਬੀਆਂ ਦਾ ਇੱਕ ਵਰਗ ਕਾਰਡਾਂ ਨੂੰ ਮਾਤ ਭਾਸ਼ਾ ਵਿੱਚ ਭੇਜਣ ਨੂੰ ਤਰਜੀਹ ਦੇਣ ਲੱਗਿਐ। ਸ਼ੁਭ ਸ਼ਗਨ ਹੈ! ਸਾਹਿਤਕ ਅਤੇ ਕਲਾਮਈ ਸੱਦਾ ਪੱਤਰਾਂ ਨੇ ਦਿਲਾਂ ਨੂੰ ਟੁੰਬਿਆ ਹੈ। ਲੋਕ ਗੀਤਾਂ ਨਾਲ ਸ਼ਿੰਗਾਰੇ ਇਨ੍ਹਾਂ ਸੁਨੇਹਿਆਂ ਦੀ ਖ਼ੂਬਸੂਰਤੀ ਕਈ ਗੁਣਾਂ ਵਧ ਜਾਂਦੀ ਐ। ਇੱਕ ਝਲਕ ਦੇਖੋ:

ਆ ਨੀਂ ਮਾਲਣੇ ਬੈਠ ਦਲੀਜ਼ੇ,
ਕਰ ਨੀਂ ਸਿਹਰੇ ਦਾ ਮੁੱਲ ਨੀਂ
ਇੱਕ ਲੱਖ ਚੰਬਾ, ਦੋ ਲੱਖ ਮਰੂਆ,
ਤਿੰਨ ਲੱਖ ਬਾਕੀ ਦੇ ਫੁੱਲ ਨੀਂ
ਲੈ ਨੀਂ ਮਾਲਣੇ ਭਰ ਭਰ ਝੋਲੀਆਂ,
ਖ਼ੁਸ਼ੀਆਂ ਤਾਂ ਅਣਮੁੱਲ ਨੀਂ
ਪੁੱਤ ਤਾਂ ਸਾਰੇ ਜਹਾਨੋਂ ਮਹਿੰਗੇ,
ਨੂੰਹਾਂ ਦੇ ਕੋਈ ਨਾ ਤੁੱਲ ਨੀਂ



ਸਰਦਾਰ ਨਿਹਾਲ ਸਿੰਘ ਅਤੇ ਸਰਦਾਰਨੀ ਜੈ ਕੌਰ ਦੇ ਪੋਤਰੇ
ਕੰਵਲ ਨੈਨ ਸਿੰਘ
ਅਤੇ
ਸੁਨੰਦਾ ਕੌਰ
(ਸਰਦਾਰ ਭਰਪੂਰ ਸਿੰਘ ਅਤੇ ਸਰਦਾਰਨੀ ਨਿਰਮਲ ਕੌਰ ਦੀ ਪੋਤਰੀ)
ਨੇ ਸੁਪਨਿਆਂ ਦੀਆਂ ਕੰਧਾਂ ਉਸਾਰੀਆਂ ਨੇ, ਮੁਹੱਬਤਾਂ ਦੀ ਤਾਰਿਆਂ ਜੜੀ ਛੱਤ 'ਤੇ ਖ਼ੁਸ਼ੀਆਂ ਦੇ ਫਾਨੂਸ ਲਟਕਾਏ ਨੇ ਤੇ ਇਸ ਤਲਿਸਮੀ ਉਸਾਰੀ ਨੂੰ ਘਰ ਕਹਿਣ ਲਈ ਸਿਰਜੇ ਵਿਆਹ ਦੇ ਸੰਜੋਗੀ ਪਲਾਂ ਵਿੱਚ ਤੁਸੀਂ ਸਾਡੇ ਚਾਅ ਦੀ ਉਂਗਲ ਫੜ ਕੇ ਇਨ੍ਹਾਂ ਸੁਪਨਿਆਂ ਦੀ ਤਾਮੀਰ ਦਾ ਹੁੰਗਾਰਾ ਭਰਿਓ।
ਸਾਡਾ ਹਰੇਕ ਸਾਹ ਤੁਹਾਡੀ ਪੈੜ ਨੂੰ ਜੀ ਆਇਆਂ ਕਹੇਗਾ
ਉਡੀਕਵਾਨ
ਨਾਨਕੇ, ਦਾਦਕੇ

ਇਸ ਵਿੱਚ ਜਿੱਥੇ ਵੱਡੇ ਪੁਰਖਿਆਂ ਦੀ ਅਸੀਸ ਦੀ ਝਲਕ ਮਿਲਦੀ ਹੈ, ਉੱਥੇ ਘਰ ਵਿੱਚ ਆਉਣ ਵਾਲੀ ਨਵੀਂ ਧੀ ਧਿਆਣੀ ਦੇ ਵਡਮੁੱਲੇ ਅਕਸ ਦਾ ਵੀ ਝਲਕਾਰਾ ਪੈਂਦਾ ਹੈ।

ਕਈ ਵਾਰੀ ਗ਼ਮਗੀਨ ਪਲਾਂ ਦੇ ਸੱਦਾ ਪੱਤਰ ਵੀ ਵਿਲੱਖਣਤਾ ਦਾ ਮੁਜ਼ਾਹਰਾ ਕਰਦੇ ਹਨ ਅਤੇ ਯਾਦਗਾਰੀ ਛਿਣਾਂ ਨੂੰ ਹੋਰ ਉਦਾਸ ਕਰ ਜਾਂਦੇ ਹਨ। ਪੰਜਾਬੀ ਦੇ ਇੱਕ ਉੱਘੇ ਲੇਖਕ ਵੱਲੋਂ ਆਪਣੇ ਪਿਤਾ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦਾ ਸੁਨੇਹਾ ਦਿੰਦਾ ਕਾਰਡ ਦੇਖੋ:

ਸਾਡਾ ਬਿਰਧ ਸੂਰਜ
ਸਾਰੀ ਰੋਸ਼ਨੀ ਆਪਣੇ ਟੋਟਿਆਂ ਨੂੰ ਸੌਂਪ ਕੇ
ਆਪਣੇ ਆਤਸ਼ੀ ਵਜੂਦ ਸਮੇਤ ਤੁਰ ਗਿਆ ਹੈ।
ਬਾਪੂ ਜੀ ਦੇ ਅਖੰਡ ਪਾਠ ਦੀ ਅਰਦਾਸ
31 ਜੁਲਾਈ 1982 ਸ਼ਨਿੱਚਰਵਾਰ ਦੇ ਦਿਨ
ਸਾਢੇ ਬਾਰਾਂ ਵਜੇ ਹੋਵੇਗੀ।
ਤੁਸੀਂ ਸਾਡੇ ਉਦਾਸ ਨਜ਼ਮ ਵਰਗੇ
ਘਰ ਦੀਆਂ ਬਰੂਹਾਂ ਟੱਪ ਕੇ
ਸਾਡੀ ਦਿਲਬਰੀ ਬਣਿਓ।
ਇਹ ਹੁੰਗਾਰਾ
ਤੁਹਾਡੇ ਮੋਹ-ਧਰਵਾਸੇ ਦਾ ਤਲਬਗਾਰ ਹੈ।

ਸੱਦਾ ਪੱਤਰ ਸਿਰਫ਼ ਵਿਆਹਾਂ ਜਾਂ ਮਰਨਿਆਂ ਲਈ ਹੀ ਨਹੀਂ ਹੁੰਦੇ। ਜਸ਼ਨ ਦਾ ਕੋਈ ਵੀ ਸਬੱਬ ਧਮੱਚੀ ਪੱਟ ਸਕਦੈ। ਪ੍ਰੋ. ਰਵਿੰਦਰ ਭੱਠਲ ਹੁਰਾਂ ਦੇ ਫ਼ਰਜ਼ੰਦਾਂ ਦੇ ਗ੍ਰੈਜ਼ੂਏਸ਼ਨ ਪਾਸ ਕਰਨ ਦੀ ਖ਼ੁਸ਼ੀ ਵਿੱਚ ਵੰਡੇ ਸੁਨੇਹੜੇ ਵਿੱਚ ਸਨੇਹੀਆਂ ਨੂੰ ਆਉਣ ਦੀ ਪੁਰਜ਼ੋਰ ਤਾਕੀਦ ਕਰਦੀਆਂ ਕੁਝ ਸਤਰਾਂ ਹਨ:

ਸੱਦੀ ਹੋਈ ਮਿੱਤਰਾਂ ਦੀ
ਪੈਰ ਜੁੱਤੀ ਨਾ ਪਾਵਾਂ
********

ਮਿੱਤਰ!
ਵੀਹ ਜਨਵਰੀ ਐਤਵਾਰ ਨੂੰ
ਜਿਉਂ ਹੀ ਸੂਰਜ ਛਿਪੇ
ਹਨੇਰਾ ਜਿਹਾ ਉਤਰ ਆਵੇ
ਤਾਂ ਤੈਂ, ਸਿਰਫ਼ ਤੈਂ
ਆਉਣੈ, ਤੇ ਜ਼ਰੂਰ ਆਉਣੈ
ਨਰੈਣ ਸਿੰਘ ਦੇ ਅਹਾਤੇ
ਜਿੱਥੇ ਭੂਤ ਵੱਸਦੇ ਹਨ ਬੰਦਿਆਂ ਜਿਹੇ।
ਦੇਖੀਂ! ਕਿਤੇ ਪੱਛੜ ਜਾਵੇਂ
ਜਾਂ ਆਵੇਂ ਹੀ ਨਾ।
ਇਹ ਸਾਰੀ ਉਮਰ ਦਾ ਪਛਤਾਵਾ ਬਣਜੂ, ਭਰਾਵਾ!
ਉੱਥੇ ਆਪਾਂ ਮਿਲ ਬੈਠਾਂਗੇ
ਤੇ ਛੇਵੇਂ ਦਰਿਆ ਵਿੱਚ ਚੁੱਭੀ ਮਾਰਾਂਗੇ।

ਪੰਜਾਬੀਆਂ ਦੇ ਸੁਭਾਅ ਦੀ ਵਿਲੱਖਣਤਾ ਹੈ ਕਿ 'ਸਸਤੇ' ਸੌਦੇ ਨਹੀਂ ਕਰਦੇ। ਇਨ੍ਹਾਂ ਦੇ 'ਇਨਵੀਟੇਸ਼ਨ ਕਾਰਡ' ਵੀ ਮਹਿੰਗੇ ਪੁੱਗਦੇ ਨੇ। ਵੱਡੇ ਸਾਈਜ਼ ਦੇ ਮੋਟੇ ਗੱਤੇ 'ਤੇ ਸਜ-ਧਜ ਨਾਲ ਲਿਖੀ ਇਬਾਰਤ ਅਤੇ ਪੈਕ ਕੀਤੇ ਡਰਾਈਫਰੂਟ, ਮਿਸ਼ਠਾਨ 'ਸਟੇਟਸ ਸਿੰਬਲ' ਬਣ ਜਾਂਦੇ ਨੇ। ਇਸ ਦੇ ਉਲਟ, ਦੱਖਣੀ ਭਾਰਤੀਆਂ ਦੇ ਛੋਟੇ ਤੇ ਸੰਖੇਪ ਜਿਹੇ ਸੱਦਾ ਪੱਤਰ ਉਹੀ ਵਾਰਤਾ ਚੰਦ ਕੁ ਸ਼ਬਦਾਂ ਵਿੱਚ ਕਹਿ ਜਾਂਦੇ ਨੇ। ਮੇਰਾ ਇੱਕ ਪੰਜਾਬੀ ਮਿੱਤਰ ਹਾਸੇ ਮਜ਼ਾਕ ਵਿੱਚ ਕਹਿੰਦਾ ਹੁੰਦੈ, ਜਿੰਨਾ ਖ਼ਰਚ ਆਪਾਂ ਵਿਆਹ ਸ਼ਾਦੀ ਵੇਲੇ ਕਾਰਡਾਂ ਅਤੇ ਡੱਬਿਆਂ 'ਤੇ ਕਰਦੇ ਆਂ, ਗੁਜਰਾਤੀ ਓਨੇ 'ਚ ਪੂਰਾ ਸਾਹਾ ਭੁਗਤਾ ਲੈਂਦੇ ਨੇ। ਹੈ ਵੀ ਸੱਚ!

'ਸਾਹੇ- ਚਿੱਠੀ' ਅੱਜ ਵੀ ਸਾਡਾ ਪਿਆਰਾ ਜਿਹਾ ਸੱਦਾ ਪੱਤਰ ਐ। ਭਾਵੇਂ ਅੱਜਕੱਲ੍ਹ ਇਹ ਰਸਮੀ ਭਾਸ਼ਾ ਵਿੱਚ ਲਿਖੀ ਲਿਖਾਈ ਮਿਲ ਜਾਂਦੀ ਹੈ, ਪਰ ਜੋ ਅਪਣੱਤ, ਜੋ ਸਹਿਜਤਾ, ਜੋ ਹਲੀਮੀ ਪਿਛਲੇ ਸਮਿਆਂ ਵਿੱਚ ਇਸ ਵਿਚਲੇ ਮਿੱਠੜੇ ਸ਼ਬਦਾਂ ਵਿੱਚ ਹੁੰਦੀ ਸੀ, ਉਹ ਹੁਣ ਲੋਪ ਜਿਹਾ ਲੱਗਦੈ। ਲੜਕੀ ਦੇ ਮਾਪਿਆਂ, ਰਿਸ਼ਤੇਦਾਰਾਂ ਅਤੇ ਪੰਚਾਇਤ ਵੱਲੋਂ ਜੋ ਬੇਨਤੀ ਇਸ ਚਿੱਠੀ ਵਿੱਚ ਲੜਕੇ ਦੇ ਪਰਿਵਾਰ ਅਤੇ ਪਤਵੰਤਿਆਂ ਨੂੰ ਬਰਾਤ ਦੇ ਢੁਕਾਅ ਲਈ ਸੱਦਾ ਪੱਤਰ ਦੇ ਰੂਪ ਵਿੱਚ ਭੇਜੀ ਜਾਂਦੀ ਸੀ, ਉਹ ਅੱਜ ਵੀ ਸਾਡੇ ਰਸਮੋ-ਰਿਵਾਜਾਂ ਦਾ ਮਾਣਮੱਤਾ ਇਤਿਹਾਸ ਐ:

ਲਿਖਤੁਮ ਪੰਚਾਇਤ ਸਰਬੱਤ ਪਿੰਡ ਬਾਲੇਵਾਲ ਦੀ
ਵਾਸਤੇ ਰੁਲੀਆ ਸਿੰਘ ਦੇ ਪਰਿਵਾਰ ਦੇ।
ਸਾਰੀ ਪੰਚਾਇਤ ਅਤੇ ਪਰਿਵਾਰ ਵੱਲੋਂ
ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਵਾਚਣੀ ਜੀ।
ਅੱਗੇ ਜੋਗ ਸਰਬੱਤ ਪੰਚਾਇਤ ਪਿੰਡ ਮਿੱਠੇਵਾਲ ਦੀ
ਘਰ ਸਾਧੂ ਸਿੰਘ ਦੇ ਚਿੱਠੀ ਪਹੁੰਚੇ ਜੀ।
ਅੱਗੇ ਸੂਰਤ ਅਹਿਵਾਲ ਇਹ ਹੈ ਕਿ
ਰੁਲੀਆ ਸਿੰਘ ਦੀ ਲੜਕੀ-'ਮਲਕੀਤੋ' - ਮਲਕੀਤ ਕੌਰ ਦਾ ਲਗਨ
ਸਾਧੂ ਸਿੰਘ ਦੇ ਪੁੱਤਰ ਬੁੱਕਣ ਸਿੰਘ ਨਾਲ
ਮਾਘ ਦੀ ਪੁੰਨਿਆ ਦਾ ਨਿਕਲਿਆ ਹੈ।
ਚੌਦੇਂ ਦੀ ਰੋਟੀ ਹੈ।
ਪੁੰਨਿਆ ਦੀ ਰਾਤ ਨੂੰ ਪਹਿਲੇ ਪੱਖ ਦੀਆਂ ਦੋ ਘੜੀਆਂ
ਰਾਤ ਰਹਿੰਦੀ ਦੇ ਫੇਰੇ ਨੇ
ਸੋਧੇ ਹੋਏ ਲਗਨ ਦਾ ਸ਼ਗਨ ਪ੍ਰਵਾਨ ਕਰਨਾ ਜੀ।
ਅਸੀਂ ਧੀ ਵਾਲੇ ਗ਼ਰੀਬਾਂ ਦਾ
ਤੁਹਾਡੇ ਭਗਵਾਨਾਂ ਨਾਲ ਕੋਈ ਟਾਕਰਾ ਨਹੀਂ ਜੀ।
ਗਰੀਬੀ ਦਾਅਵੇ ਨਾਲ ਹੱਥ ਬੰਨ੍ਹ ਕੇ ਬੇਨਤੀ ਹੈ
ਲੜਕੇ ਦੇ ਨਾਲ ਚਾਰ ਬੰਦੇ ਆ ਕੇ
ਭਮਾਲੀਆਂ ਲੈ ਜਾਣਾ.....(ਮੇਰਾ ਪਿੰਡ: ਗਿਆਨੀ ਗੁਰਦਿੱਤ ਸਿੰਘ)

ਸੱਦਾ ਪੱਤਰ ਪੰਜਾਬ ਅਤੇ ਪੰਜਾਬੀਆਂ ਦੀ ਰੂਹ ਦਾ ਹੁਲਾਰਾ ਨੇ। ਇਨ੍ਹਾਂ ਵਿੱਚ ਸਾਡੀ ਨਬਜ਼ ਧੜਕਦੀ ਐ। ਸੱਜਣਾਂ ਦੀ ਮਾਰੀ ਹੋਈ ਮਾਖਿਉਂ ਮਿੱਠੀ ਹਾਕ ਸਾਨੂੰ ਅੰਬਰੋਂ ਆਇਆ ਰੱਬੀ ਸੁਨੇਹਾ ਲੱਗਦੈ। ਦੁੱਖ ਵਿੱਚ ਜਿੱਥੇ ਅਸੀਂ ਦਿਲ ਹੌਲਾ ਕਰਨ ਲਈ ਕਿਸੇ ਦਾ ਮੋਢਾ ਭਾਲਦੇ ਹਾਂ, ਖ਼ੁਸ਼ੀ ਦਾ ਸੁਨੇਹਾ ਸਾਨੂੰ ਅਸਮਾਨੀ ਪਾਈ ਸਤਰੰਗੀ ਪੀਂਘ ਵਰਗਾ ਜਾਪਦੈ ਅਤੇ ਸਾਡੇ ਸਾਹਾਂ ਵਿੱਚ ਮਿਸ਼ਰੀ ਘੋਲ ਦਿੰਦੈ। ਵਿਸਮਾਦ ਵਿੱਚ ਆਇਆ ਮਨ ਟਹਿਕਣ ਲੱਗ ਜਾਂਦੈ ਅਤੇ ਬੰਬੀਹੇ ਦੀ ਹੂਕ ਸੁਣਾਈ ਦਿੰਦੀ ਐ:

ਲੱਗਦੇ ਰਹਿਣ ਖ਼ੁਸ਼ੀ ਦੇ ਮੇਲੇ
ਮਿਲਦੀਆਂ ਰਹਿਣ ਵਧਾਈਆਂ!





# ਪੰਜਾਬ ਦੇ ਕਿਸਾਨਾਂ ਲਈ ਰਾਹ ਦਸੇਰੀ ਹੈ ਆਸਟ੍ਰੇਲੀਆ ਦੀ ਖੇਤੀ

ਮਾ. ਲਖਵਿੰਦਰ ਸਿੰਘ ਰਈਆ



ਆਸਟ੍ਰੇਲੀਆ ਦੇ ਬਹੁਤ ਸਾਰੇ ਜਰਖੇਜ਼ ਖਿੱਤਿਆਂ ਵਿਚੋਂ ਨਿਊ ਸਾਊਥ ਵੇਲਜ਼ ਆਸਟ੍ਰੇਲੀਆ ਦੇ ਦੱਖਣ ਪੂਰਬ ਵਿੱਚ ਵੀ ਜਰਖੇਜ਼ ਖਿੱਤਾ ਹੈ ਜੋ ਭੂਗੋਲਿਕ ਤੌਰ 'ਤੇ ਪੁਰਾਤਨ ਪੰਜਾਬ ਦਾ ਪੂਰਾ ਝਾਕਾ ਪਾਉਂਦਾ ਨਜ਼ਰ ਆਉਂਦਾ ਹੈ। ਨੀਮ ਪਹਾੜੀਆਂ ਵਿਚ ਘਿਰਿਆ ਮੈਦਾਨੀ ਇਲਾਕਾ ਕਾਫ਼ੀ ਹੱਦ ਤੱਕ ਪੱਧਰਾ ਹੈ। ਦੂਰ ਦੂਰ ਜਿੱਧਰ ਵੀ ਝਾਤੀ ਮਾਰੀ ਜਾਵੇ ਮੀਲਾਂ ਦੇ ਮੀਲ ਚਰਾਂਦਾਂ/ਖੇਤੀ ਫਾਰਮ ਹੀ ਨਜ਼ਰ ਆਉਂਦੇ ਹਨ। ਦੂਰ-ਦੂਰ ਵਿਰਲੇ ਟਾਂਵੇਂ ਘਰ ਜਾਂ ਫਾਰਮ ਹਾਊਸ ਬਾਰੀਂ ਕੋਹੀਂ ਦੀਵਾ ਜਗਣ ਦੀ ਬਾਤ ਪਾਉਂਦੇ ਜਾਪਦੇ ਹਨ। ਵਿਸ਼ਾਲ ਵਲਗਣਾਂ (ਚਰਾਂਦਾਂ) ਵਿੱਚ ਭੇਡਾਂ, ਗਾਵਾਂ ਤੇ ਹੋਰ ਬਹੁਤ ਸਾਰੇ ਪਾਲਤੂ ਪਸ਼ੂਆਂ ਦੇ ਝੁੰਡ ਮਸਤੀ ਨਾਲ ਘਾਹ ਪੱਠਾ ਚੁਗਦੇ ਨਜ਼ਰ ਆਉਂਦੇ ਹਨ।

ਇਹ ਜਾਨਵਰ ਆਪਣੇ ਦੁੱਧ, ਮਾਸ ਤੇ ਉੱਨ੍ਹ ਆਦਿ ਨਾਲ ਆਸਟ੍ਰੇਲੀਆ ਦੀ ਅਰਥ-ਵਿਵਸਥਾ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਆਸਟ੍ਰੇਲੀਅਨ ਸਰਕਾਰ ਨੇ 1912 ਵਿੱਚ ਮੁਹਰੱਮ ਬੀਜੇ ਦਰਿਆ ਉਤੇ ਬਰੀਇੰਜਕ ਡੈਮ 'ਤੇ 1950 ਵਿੱਚ ਟੀਮੁਟ ਦਰਿਆ ਉਤੇ ਬਲੋਰਿੰਗ ਡੈਮ ਦੀ ਉਸਾਰੀ ਕਰਕੇ ਇਸ ਜਰਖੇਜ਼ ਜ਼ਮੀਨ ਸਿੰਚਾਈ ਲਈ ਨਹਿਰੀ ਪਾਣੀ ਦਾ ਬੰਦੋਬਸਤ ਕਰ ਦਿੱਤਾ। ਲੀਟਨ, ਨਰਿੰਦਰਾ ਤੇ ਗ੍ਰਿਫ਼ਥ ਕਸਬਿਆਂ ਦੀ ਉਸਾਰੀ ਹੋਈ। ਇਸ ਜਰਖੇਜ਼ ਭੂਮੀ ਦਾ ਕੇਂਦਰ ਬਿੰਦੂ ਗ੍ਰਿਫ਼ਥ ਹੋਣ ਕਰਕੇ ਇਹ ਕਸਬਾ ਨਿਊ ਸਾਊਥ ਵੇਲਜ਼ ਦਾ ਪ੍ਰਮੁੱਖ ਕਸਬੇ ਵਜੋਂ ਜਾਨਿਆ ਜਾਣ ਲੱਗਾ। ਪਹਿਲਾਂ ਇਤਾਲਵੀ ਤੇ ਫਿਰ ਅੱਧੀ ਕੁ ਸਦੀ ਤੋਂ ਪੰਜਾਬੀ ਲੋਕਾਂ ਨੇ ਏਥੇ ਪਹੁੰਚ ਕੇ ਮਿਹਨਤ ਸਦਕਾ ਇਸ ਇਲਾਕੇ ਨੂੰ ਹਰਿਆ ਭਰਿਆ ਕਰਦਿਆਂ ਜਿਥੇ ਉਹ ਸੈਂਕੜੇ/ਹਜ਼ਾਰਾਂ ਏਕੜਾਂ ਦੇ ਮਾਲਕਾਂ ਵੀ ਬਣੇ ਉਥੇ ਉਹ ਬਹੁਤ ਸਾਰੇ ਖੇਤੀ ਉਤਪਾਦਨਾਂ ਰਾਹੀਂ ਆਸਟ੍ਰੇਲੀਆ ਦੇ ਖ਼ੁਰਾਕੀ ਭੰਡਾਰ ਵੱਡਾ ਯੋਗਦਾਨ ਪਾ ਰਹੇ ਹਨ। ਖ਼ਾਸ ਕਰਕੇ ਫਲ ਮਾਲਟੇ/ਸੰਤਰੇ, ਨਿੰਬੂ ਅੰਗੂਰ, ਡਰਾਈ ਫਰੂਟ ਬਦਾਮ ਅਖਰੋਟ ਤੇ ਸੀਰੀਅਲ/ ਅਨਾਜ(ਕਣਕ, ਮੱਕੀ, ਬਾਜ਼ਰਾ, ਜੌਂ, ਛੋਲੇ, ਮਸਰ, ਚੌਲ ਤੇ ਸਬਜ਼ੀਆਂ ਮੂਲ਼ੀਆਂ ਗਾਜ਼ਰਾਂ ਸ਼ਲਗਮ, ਟਮਾਟਰ ਅਤੇ ਤੇਲ ਬੀਜ ਸਰੋਂ ਆਦਿ ਇਥੋਂ ਦੀਆਂ ਪ੍ਰਮੁੱਖ ਫ਼ਸਲਾਂ ਦੀ ਭਰਪੂਰ ਪੈਦਾਵਾਰ ਕਾਰਨ ਇਥੋਂ ਦੇ ਇਲਾਕੇ ਨੂੰ 'ਅਸਟ੍ਰੇਲੀਅਨ ਫੂਡ ਬਾਊਲ'( ਆਸਟ੍ਰੇਲੀਅਨ ਭੋਜਨ ਛਾਬਾ) ਵਜੋਂ ਵੀ ਜਾਣਿਆ ਜਾਂਦਾ ਹੈ। ਫੂਡ ਪ੍ਰੋਸੈਸਿੰਗ ਉਦਯੋਗਾਂ ਦੀ ਵੀ ਕਾਫੀ ਭਰਮਾਰ ਹੈ।

### ਫ਼ਸਲੀ ਚੱਕਰ ਵਿਚ ਨਹੀਂ ਫਸਦੇ ਕਿਸਾਨ

ਫ਼ਸਲੀ ਚੱਕਰ ਵਿੱਚ ਇਥੋਂ ਦੇ ਕਿਸਾਨ ਨਹੀਂ ਫਸਦੇ ਸਗੋਂ ਉਪਜੀਵਕਾ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਖ਼ਾਸ ਖੇਤੀ ਨੀਤੀ ਤਹਿਤ ਅਨੁਸਾਰ 'ਅਕਲ ਨਾਲ ਵਾਹ ਰੱਜ ਕੇ ਖਾਹ' ਨਾਲ ਕੀਤੀ ਜਾਂਦੀ ਹੈ। ਫ਼ਸਲੀ ਵਿਭਿੰਨਤਾ ਲਈ ਜ਼ੋਨ ਵੰਡ ਕਰ ਕੇ ਖੇਤੀ ਕੀਤੀ /ਕਰਵਾਈ ਜਾਂਦੀ ਹੈ। ਏਥੇ ਕਿਸਾਨੀ ਦਾ ਅਰਥ ਇੱਕ ਸੂਝਵਾਨ ਮਨੁੱਖ ਤੋਂ ਲਿਆ ਜਾਂਦਾ ਹੈ ਜੋ ਅੰਨਦਾਤਾ ਵੀ ਹੈ ਤੇ ਵਾਤਾਵਰਣ ਦਾ ਰਖਵਾਲਾ ਵੀ ਹੈ। ਫ਼ਸਲਾਂ ਦੀ ਬਿਜਾਈ ਅਨੁਸ਼ਾਸਨ ਹੇਠ ਰਹਿੰਦਿਆਂ ਹੀ ਕੀਤੀ ਜਾਂਦੀ ਹੈ। ਖਾਦਾਂ/ਮਾਰੂ ਨਦੀਨ/ ਕੀੜੇ ਪਤੰਗੇ ਮਾਰ ਦਵਾਈਆਂ ਦਵਾਈਆਂ ਦੀ ਵਰਤੋਂ ਵੀ ਇਕ ਹੱਦ ਵਿੱਚ ਰਹਿ ਕੇ ਹੀ ਕੀਤੀ ਜਾਂਦੀ ਹੈ ਤਾਂ ਕਿ ਪੈਦਾ ਹੋਇਆ ਹਰ ਭੋਜਨ ਕਾਫ਼ੀ ਹੱਦ ਤੱਕ ਜ਼ਹਿਰੀਲੇ ਅੰਸ਼ਾਂ ਤੋਂ ਮੁਕਤ ਗੁਣਵੱਤਾ ਭਰਪੂਰ ਹੋਵੇ ਤੇ ਚੌਗਿਰਦਾ ਵੀ ਦੂਸ਼ਿਤ ਨਾ ਹੋਵੇ। ਸਰਕਾਰ ਵੀ ਕਿਸੇ ਸੰਕਟ ਸਮੇਂ ਕਿਸਾਨੀ ਦੀ ਬਾਂਹ ਪਕੜਨ ਤੋਂ ਪਿੱਛੇ ਨਹੀਂ ਹੱਟਦੀ ਸਗੋਂ ਕਿਸਾਨੀ ਨਾਲ ਖੜ੍ਹ ਦੀ ਹੈ। ਇਦਾਂ ਕਿਸਾਨੀ ਤੇ ਖਪਤਕਾਰ ਦੀ ਲੁੱਟ ਦੇ ਰੌਲੇ ਦੀ ਅਰਾਜਕਤਾ ਤੋਂ ਬਚਿਆ ਮਾਹੌਲ ਅੰਨ ਭੰਡਾਰ ਵੀ ਕਰਦਾ ਤੇ ਹਿੱਤ ਸੁਰੱਖਿਅਤ ਵੀ ਰੱਖਦਾ ਹੈ।

### ਪਾਣੀ ਦਾ ਬਚਾਅ

ਬਾਗ਼-ਬਗ਼ੀਚੇ ਖੇਤਰ ਜਿਥੇ ਕਿਤੇ ਵੀ ਜ਼ਮੀਨ ਹੇਠਾਂ ਖਾਰਾ/ਲੂਣੀ ਪਾਣੀ ਦੀ ਹੋਂਦ ਹੈ। ਜਦ ਉਥੇ ਇਸ ਖਾਰੇ ਪਾਣੀ ਦਾ ਪੱਧਰ ਉਚਾ ਹੋ ਕੇ ਬਾਗ਼ ਬਗ਼ੀਚੇ ਦੇ ਪੌਦਿਆਂ ਦੀਆਂ ਜੜ੍ਹਾਂ ਤੱਕ ਪਹੁੰਚ ਜਾਂਦਾ ਹੈ ਤਾਂ ਫਿਰ ਪੌਦਿਆਂ ਦਾ ਸੜਨ/ਗਲਨ ਦਾ ਖ਼ਤਰਾ ਵੀ ਪੈਦਾ ਕਰਦਾ ਹੈ। ਸੋ ਇਸ ਖ਼ਾਰੇ ਪਾਣੀ ਦੀ ਮਾਰ ਤੋਂ ਬਚਾਉਣ ਲਈ ਇਸ ਖਾਰੇ ਪਾਣੀ ਦੀ ਨਿਕਾਸੀ ਲਈ ਜ਼ਮੀਨ ਹੇਠਾਂ ਵਿੱਚ ਜ਼ਮੀਨ ਦੋਜ਼ ਜਾਲੀਦਾਰ ਪਾਈਪ ਜਾਲ ਵਿਛਾਇਆ ਜਾਂਦਾ ਹੈ ਤਾਂ ਕਿ ਖ਼ਾਰੇ ਪਾਣੀ ਦੀ ਪੱਧਰ ਉੱਪਰ ਉੱਠਣ ਤੋਂ ਰੁਕ ਸਕੇ। ਇਹ ਖਾਰਾ ਪਾਣੀ ਜਾਲੀਦਾਰ ਪਾਈਪ ਰਾਹੀਂ ਫਾਰਮਾਂ ਵਿੱਚ ਬਣਾਈਆਂ ਖੂਹੀਆਂ ਵਿਚ ਜਮਾਂ ਹੋਈ ਜਾਂਦਾ ਹੈ। ਫਿਰ ਇਨ੍ਹਾਂ ਖੂਹੀਆਂ ਵਿਚੋਂ ਆਟੋਮੈਟਿਕ ਸਿਸਟਮ ਨਾਲ ਲੱਗੀਆਂ ਮੋਟਰਾਂ ਨਾਲ ਪਾਣੀ ਖਿੱਚ ਕੇ ਪਾਈਪਾਂ ਰਾਹੀਂ ਪੱਕੇ ਖਾਲਿਆਂ ਵਿੱਚ ਸੁੱਟ ਕੇ ਅਗੋਂ ਦੂਰ ਦੁਰਾਡੇ ਬਣੀਆਂ ਵਿੱਚ ਆਰਜ਼ ਝੀਲਾਂ ਵਿੱਚ ਖਪਾਏ ਜਾਣ ਦੀ ਵਿਵਸਥਾ ਕੀਤੀ ਜਾਂਦੀ ਹੈ। ਸਿੰਚਾਈ ਲਈ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਸਿੰਚਾਈ ਲਈ ਵਰਤਿਆ ਜਾਂਦੇ ਇਸ ਪਾਣੀ ਦਾ ਕਰਾਇਆ ਭਰਨ ਲਈ ਮੀਟਰ ਲੱਗੇ ਹੁੰਦੇ ਹਨ। ਪਾਣੀ ਦੀ ਖ਼ਪਤ ਅਨੁਸਾਰ ਕਿਸਾਨਾਂ ਨੂੰ ਪਾਣੀ ਮੁੱਲ ਅਦਾ ਕਰਨਾ ਪੈਂਦਾ ਹੈ। ਸਿੰਚਾਈ ਲਈ ਅੰਡਰ ਗਰਾਊਂਡ ਪਾਈਪ ਤੋਂ ਅੱਗੇ ਡਰਿਪ/ ਫੁਹਾਰਾ ਸਿਸਟਮ ਨਾਲ ਸਿੰਚਾਈ ਕੀਤੀ ਜਾਂਦੀ ਹੈ। ਖਾਦ / ਦਵਾਈਆਂ ਦੇ ਤਰਲ ਰੂਪ ਨੂੰ ਡਰਿਪ ਸਿਸਟਮ ਨਾਲ ਜੋੜ ਕੇ ਲੋੜ ਅਨੁਸਾਰ ਫ਼ਸਲਾਂ ਤੱਕ ਪਹੁੰਚਾਇਆ ਜਾਂਦਾ ਹੈ।

ਇਥੋਂ ਸਿੰਚਾਈ ਪਾਣੀ ਦੀ ਸੰਜਮ ਭਰੀ ਤਕਨੀਕ ਨਾਲ ਹੀ ਵਰਤੋਂ ਕੀਤੀ ਜਾਂਦੀ ਹੈ। ਜਿਥੇ ਸਾਡੇ ਪੰਜਾਬ ਵਿੱਚ ਇੱਕ ਏਕੜ ਦਾ ਝੋਨਾ ਜਿਨ੍ਹਾਂ ਪਾਣੀ ਡਕਾਰ ਜਾਂਦਾ ਉਨੇ ਹੀ ਪਾਣੀ ਦੀ ਸੁਚੱਜੇ ਢੰਗ ਨਾਲ ਵਰਤੋਂ ਨਾਲ ਏਥੇ ਤੀਹ ਤੋਂ ਪੰਜਾਹ ਏਕੜ ਤੱਕ ਦੀ ਫ਼ਸਲ ਨੂੰ ਸਫਲਤਾ ਪੂਰਵਕ ਪਾਲ਼ਿਆ ਜਾਣ ਦੀ ਵਿਵਸਥਾ ਹੈ। ਦਵਾਈਆਂ ਆਦਿ ਸਪਰੇ ਕਰਨ ਲਈ ਵੱਡੀ ਵੱਡੀ ਮਿਸ਼ਨਰੀ ਦੀ ਲੋੜ ਹੁੰਦੀ ਹੈ। ਜਿਸ ਵਾਸਤੇ ਕਿਸਾਨਾਂ ਨੂੰ ਬੈਂਕ ਕਰਜ਼ੇ ਦੀ ਦੇਣ ਦੀ ਵਿਵਸਥਾ ਕੀਤੀ ਹੋਈ ਹੈ। ਫਸਲਾਂ ਦੀ ਪੈਦਾਵਾਰ ਦੀ ਸੰਭਾਲ ਲਈ ਲੋੜੀਂਦੀਆਂ ਸਹੂਲਤਾਂ ਵਾਲੇ ਏ ਸੀ ਸਟੋਰ/ਸੈਲੋਜ ਬਣੇ ਹੋਏ ਹਨ। ਹਰ ਤਰ੍ਹਾਂ ਦੀ ਪੈਦਾਵਾਰ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਦੇ ਪੂਰੇ ਪ੍ਰਬੰਧ ਹੁੰਦੇ ਹਨ। ਖੇਤੀ ਉਤਪਾਦਨ ਦੀ ਖਰੀਦ ਵੇਚ ਦਾ ਜ਼ਿੰਮਾ ਵਪਾਰੀ ਤਬਕੇ (ਪ੍ਰਾਈਵੇਟ ਕੰਪਨੀਆਂ) ਨੇ ਸੰਭਾਲਿਆ ਹੋਇਆ ਹੈ। ਖੇਤੀ ਨੂੰ ਵੀ ਇੱਕ ਵਪਾਰ ਵਜੋਂ ਲੈਂਦਿਆਂ ਇਸ ਨੂੰ ਕਾਫ਼ੀ ਹੱਦ ਤੱਕ ਬੀਮੇ ਦੇ ਘੇਰੇ ਵਿੱਚ ਰੱਖਿਆ ਹੋਇਆ ਹੈ। ਖੇਤੀ ਨੁਕਸਾਨਾਂ ਦੀ ਭਰਪਾਈ ਬੀਮਾ ਕੰਪਨੀਆਂ ਦੁਆਰਾ ਹੋ ਜਾਣ ਨਾਲ ਕਿਸਾਨੀ ਧੰਦਾ ਆਪਣੇ ਪੈਰਾਂ ਸਿਰ ਹੀ ਰਹਿੰਦਾ ਹੈ। ਖੇਤੀ ਕਰਜ਼ਿਆਂ ਉਤੇ ਸਬਸਿਡੀ ਕਾਰਨ ਕਿਸਾਨ ਬੇਫ਼ਿਕਰ ਹੋ ਕੇ ਮਿਹਨਤ ਨਾਲ ਖੇਤੀ ਉਤਪਾਦਨ ਕਰਨ ਵਿੱਚ ਡੱਟੇ ਰਹਿੰਦੇ ਹਨ।



# ਯਹੂਦੀ ਏਨੇ ਪ੍ਰਤਿਭਾਸ਼ਾਲੀ ਕਿਉਂ ਹੁੰਦੇ ਹਨ ?

ਡਾ: ਸਟੀਫਨ ਕਾਰ ਲਿਓਨ

ਆਪਣੀ ਇੰਨਟਰਨਸ਼ਿਪ ਦੌਰਾਨ ਮੈਂ ਤਿੰਨ ਸਾਲ ਇਜ਼ਰਾਇਲ ਦੇ ਕਈ ਹਸਪਤਾਲਾਂ ਵਿੱਚ ਕੰਮ ਕੀਤਾ ਤਾਂ ਮੇਰੇ ਦਿਮਾਗ ਵਿੱਚ ਇਹ ਜਾਨਣ ਦਾ ਵਿਚਾਰ ਆਇਆ ਕਿ ਯਹੂਦੀ ਏਨੇ ਪ੍ਰਤਿਭਾਸ਼ਾਲੀ ਕਿਉਂ ਹੁੰਦੇ ਹਨ ?

ਇਸ ਵਿੱਚ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਯਹੂਦੀ ਜ਼ਿੰਦਗੀ ਦੇ ਬਹੁਤ ਪੱਖਾਂ ਵਿੱਚ ਦੂਜਿਆਂ ਨਾਲੋਂ ਅੱਗੇ ਹਨ। ਇੰਜੀਨੀਅਰਿੰਗ, ਮੈਡੀਕਲ, ਸੰਗੀਤ, ਵਿਗਿਆਨ ਅਤੇ ਸਭ ਤੋਂ ਵੱਧ ਵਪਾਰ ਵਿੱਚ, ਦੁਨੀਆਂ ਭਰ ਦੇ ਬਿਜ਼ਨਸ ਦੇ ਲਗਭਗ 70% ਤੇ ਯਹੂਦੀਆਂ ਦਾ ਨਿਯੰਤਰਨ ਹੈ ਜਿਵੇਂ ਕਾਸਮੈਟਿਕ ( ਸ਼ਿੰਗਾਰ ਸਮਗਰੀ) , ਭੋਜਨ, ਫੈਸ਼ਨ, ਹਥਿਆਰ, ਹੋਟਲ ਅਤੇ ਫਿਲਮ ਇੰਡਸਟਰੀ ਆਦਿ।

ਮੇਰੇ ਦੂਜੇ ਸਾਲ ’ਚ ਕੈਲੀਫ਼ੋਰਨੀਆ ਆਉਂਦਿਆਂ ਮੇਰੇ ਦਿਮਾਗ ਵਿੱਚ ਹੈਰਾਨੀ ਭਰਿਆ ਵਿਚਾਰ ਸੀ ਕਿ ਰੱਬ ਨੇ ਯਹੂਦੀਆਂ ਨੂੰ ਹੀ ਕਿਉਂ ਏਨੀ ਯੋਗਤਾ ਅਤੇ ਪ੍ਰਤਿਭਾ ਦਾ ਤੋਹਫ਼ਾ ਦਿੱਤਾ ਹੈ? ਕੀ ਇਹ ਸੰਯੋਗ ਵੱਸ ਹੀ ਹੈ ? ਜਾਂ ਫਿਰ ਬੰਦੇ ਦੇ ਦਖਲ ਨਾਲ ਫੈਕਟਰੀਆਂ ਵਿੱਚ ਵਧੀਆ ਚੀਜ਼ਾਂ ਤਿਆਰ ਕਰਨ ਵਾਂਗ ਸੀ? ਮੇਰੀ ਇਸ ਖੋਜ ਨੂੰ ਅੱਠ ਸਾਲ ਲੱਗੇ ਜਿਸ ਵਿੱਚ ਮੈਂ ਸੰਭਵ ਤੌਰ ’ਤੇ ਉਹ ਜਾਣਕਾਰੀਆਂ ਹਾਸਲ ਕਰਨ ਵਿੱਚ ਸਫਲ ਹੋਇਆ, ਜਿੰਨਾ ਨਾਲ ਉਹਨਾਂ ਦਾ ਖਾਣ ਪੀਣ, ਰਹਿਣ ਸਹਿਣ, ਸੱਭਿਆਚਾਰ, ਧਰਮ ਅਤੇ ਬੱਚਾ ਪੈਦਾ ਹੋਣ ਤੋਂ ਪਹਿਲਾਂ ਦੀਆਂ ਤਿਆਰੀਆਂ ਦਾ ਬਾਕੀ ਮਨੁੱਖੀ ਜਾਤੀਆਂ ਨਾਲ ਤੁਲਨਾ ਕਰਨ ਸਕਦਾ ਸਾਂ।

ਆਉ ਬੱਚੇ ਦੇ ਜਨਮ ਤੋਂ ਦੀ ਤਿਆਰੀ ਬਾਰੇ ਗੱਲ ਕਰਦੇ ਹਾਂ, ਪਹਿਲੀ ਗੱਲ ਮੈਂ ਇਜ਼ਰਾਇਲ ਵਿੱਚ ਇਹ ਵੇਖੀ ਕਿ ਗਰਭਵਤੀ ਔਰਤ ਹਮੇਸ਼ਾਂ ਪਿਆਨੋ ਵਜਾਉਂਦੀ ਅਤੇ ਗੀਤ ਗਾਉਂਦੀ ਹੈ ਅਤੇ ਆਪਣੇ ਪਤੀ ਨਾਲ ਮਿਲ ਕੇ ਗਣਿਤ ਦੇ ਸਵਾਲਾਂ ਅਤੇ ਪਹੇਲੀਆਂ ਨੂੰ ਹੱਲ ਕਰਦੀ ਹੈ। ਮੈਂ ਹੈਰਾਨ ਹੋਇਆ ਕਿ ਹਰੇਕ ਗਰਭਵਤੀ ਔਰਤ ਆਪਣੇ ਨਾਲ ਗਣਿਤ ਦੀ ਕਿਤਾਬ ਰੱਖਦੀ ਹੈ। ਕਈ ਵਾਰ ਮੈਂ ਕਈ ਔਰਤਾਂ ਦੀ ਸਵਾਲ ਹੱਲ ਕਰਨ ਵਿੱਚ ਮਦਦ ਵੀ ਕੀਤੀ। ਮੈਂ ਪੁੱਛਿਆ ਕਿ ਕੀ ਇਹ ਤੁਹਾਡੇ ਗਰਭ ਵਿਚਲੇ ਬੱਚੇ ਲਈ ਹੈ ? ਤਾਂ ਉਨ੍ਹਾਂ ਕਿਹਾ , ਹਾਂ, ਇਹ ਗਰਭ ਵਿਚਲੇ ਬੱਚੇ ਨੂੰ ਟਰੇਂਡ ਕਰਨ ਲਈ ਹੈ। ਇਸ ਨਾਲ ਉਹ ਪ੍ਰਤਿਭਾਸ਼ਾਲੀ ਤੇ ਹੁਸ਼ਿਆਰ ਹੋਵੇਗਾ। ਉਹ ਔਰਤਾਂ ਬੱਚਾ ਪੈਦਾ ਹੋਣ ਤੱਕ ਗਣਿਤ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨਾ ਨਹੀਂ ਛੱਡਦੀਆਂ। ਫਿਰ ਮੈਂ ਉਹਨਾਂ ਦੇ ਖਾਣ ਪੀਣ ’ਤੇ ਧਿਆਨ ਦਿੱਤਾ। ਗਰਭਵਤੀ ਔਰਤਾਂ ਦੁੱਧ ਨਾਲ ਬਦਾਮ ਖਾਣਾ ਬਹੁਤ ਪਸੰਦ ਕਰਦੀਆਂ ਹਨ। ਦੁਪਹਿਰ ਦੇ ਭੋਜਨ ਵਿੱਚ ਉਹ ਬਰੈਡ, ਮੱਛੀ ( ਬਿਨਾਂ ਸਿਰ ਤੋਂ) ,ਸਲਾਦ, ਬਦਾਮ ਅਤੇ ਹੋਰ ਸੁੱਕੇ ਮੇਵਿਆਂ ਦੀ ਵਰਤੋਂ ਕਰਦੀਆਂ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਮੱਛੀ ਦਿਮਾਗ ਦੇ ਵਿਕਾਸ ਲਈ ਬਹੁਤ ਵਧੀਆ ਹੈ ਪਰ ਮੱਛੀ ਦਾ ਸਿਰ ਦਿਮਾਗ ਦੇ ਵਿਕਾਸ ਲਈ ਠੀਕ ਨਹੀਂ ਹੁੰਦਾ। ਸੱਭਿਆਚਾਰਕ ਤੌਰ ’ਤੇ ਯਹੂਦੀਆਂ ਵਿੱਚ ਕੌਡ ( ਮੱਛੀ ਦੀ ਕਿਸਮ) ਦੇ ਜਿਗਰ ਦਾ ਤੇਲ ਗਰਭਵਤੀ ਔਰਤਾਂ ਦੀ ਖੁਰਾਕ ਦਾ ਹਿੱਸਾ ਹੁੰਦਾ ਹੈ।

ਜਦੋਂ ਵੀ ਮੈਨੂੰ ਰਾਤ ਦੇ ਖਾਣੇ ’ਤੇ ਬੁਲਾਇਆ ਗਿਆ ਤਾਂ ਮੈਂ ਵੇਖਿਆ ਕਿ ਉਹ ਮੱਛੀ ਦੇ ਵੱਖ ਵੱਖ ਪਕਵਾਨਾਂ ਨੂੰ ਪਸੰਦ ਕਰਦੇ ਹਨ ਪਰ ਮੀਟ ਨਹੀਂ। ਉਹਨਾਂ ਦਾ ਵਿਸ਼ਵਾਸ ਹੈ ਕਿ ਮੱਛੀ ਅਤੇ ਮੀਟ ਦੋਵੇਂ ਇਕੱਠੇ ਸਰੀਰ ਲਈ ਲਾਭਦਾਇਕ ਨਹੀਂ ਹਨ। ਸਲਾਦ ਅਤੇ ਸੁੱਕੇ ਮੇਵੇ (ਖਾਸ ਕਰਕੇ ਬਦਾਮ) ਉਹਨਾਂ ਦੇ ਭੋਜਨ ਦਾ ਜਰੂਰੀ ਅੰਗ ਹਨ। ਉਹ ਫਲਾਂ ਨੂੰ ਹਮੇਸ਼ਾਂ ਮੁੱਖ ਭੋਜਨ (ਰੋਟੀ ਅਤੇ ਚੌਲ) ਤੋਂ ਪਹਿਲਾਂ ਖਾਂਦੇ ਹਨ। ਉਨ੍ਹਾਂ ਅਨੁਸਾਰ ਜੇ ਤੁਸੀਂ ਫਲਾਂ ਨੂੰ ਭੋਜਨ ਤੋਂ ਬਾਅਦ ਖਾਂਦੇ ਹੋ ਤਾਂ ਸੁਸਤੀ ਅਤੇ ਉਨੀਂਦਰਾ ਮਹਿਸੂਸ ਕਰਦੇ ਹੋ ਜਿਸ ਨਾਲ ਸਕੂਲ ਵਿੱਚ ਪਾਠਕ੍ਰਮ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ।



ਇਜ਼ਰਾਇਲ ਵਿੱਚ ਸਿਗਰਟ ਨੋਸ਼ੀ ਮਨਾ ਹੈ ਜੇਕਰ ਤੁਸੀਂ ਮਹਿਮਾਨ ਹੋ ਤਾਂ ਤੁਹਾਨੂੰ ਬੜੀ ਨਿਮਰਤਾ ਨਾਲ ਸਿਗਰਟਨੋਸ਼ੀ ਲਈ ਘਰ ਤੋਂ ਬਾਹਰ ਜਾਣ ਲਈ ਕਹਿ ਦਿੱਤਾ ਜਾਂਦਾ ਹੈ। ਇਜ਼ਰਾਇਲ ਦੀਆਂ ਯੂਨੀਵਰਸਿਟੀਆਂ ਦੇ ਵਿਗਿਆਨੀਆਂ ਅਨੁਸਾਰ ਨਿਕੋਟੀਨ ਦਿਮਾਗ ਦੇ ਸੈੱਲਾਂ ਨੂੰ ਤਬਾਹ ਕਰਦੀ ਹੈ , ਇਸ ਨਾਲ ਜੀਨਜ ਅਤੇ ਡੀ. ਐਨ.ਏ ’ਤੇ ਬੁਰਾ ਪ੍ਰਭਾਵ ਪੈਂਦਾ ਹੈ। ਨਵੀਂ ਨਸਲ ਸਿੱਧੜ ਅਤੇ ਅਵਿਕਸਿਤ ਦਿਮਾਗ ਵਾਲੀ ਹੋ ਸਕਦੀ ਹੈ ।

ਉਥੇ ਬੱਚੇ ਨੂੰ ਭੋਜਨ ਮਾਪਿਆਂ ਦੀ ਨਿਰਦੇਸ਼ ਅਨੁਸਾਰ ਦਿੱਤਾ ਜਾਂਦਾ ਹੈ। ਫਲ, ਬਦਾਮ ਅਤੇ ਕੋਡ ਲਿਵਰ ਤੇਲ ਤੋਂ ਬਣੇ ਪਦਾਰਥ ਭੋਜਨ ਦੇ ਜ਼ਰੂਰੀ ਅੰਗ ਹਨ। ਮੇਰੀ ਖੋਜ ਮੁਤਾਬਕ ਬਹੁਤੇ ਯਹੂਦੀ ਬੱਚੇ ਘੱਟੋ ਘੱਟ ਤਿੰਨ ਭਾਸ਼ਾਵਾਂ ਜਾਣਦੇ ਹਨ ,ਯਹੂਦੀ , ਅਰਬੀ ਅਤੇ ਅੰਗਰੇਜ਼ੀ। ਬਚਪਨ ਤੋਂ ਹੀ ਪਿਆਨੋ ਵਜਾਉਣਾ ਜ਼ਰੂਰ ਸਿਖਾਇਆ ਜਾਂਦਾ ਹੈ ।

ਉਹਨਾਂ ਦਾ ਵਿਸ਼ਵਾਸ ਹੈ ਕਿ ਪਿਆਨੋ ਵਜਾਉਣ ਦਾ ਅਭਿਆਸ ਉਹਨਾਂ ਵਿੱਚ ਬੁੱਧੀ ਕੁਸ਼ਲਤਾ ਵਧਾਉਂਦਾ ਹੈ ਅਤੇ ਬੱਚੇ ਨੂੰ ਵਧੇਰੇ ਪ੍ਰਤਿਭਾਵਾਨ ਬਣਾਉਂਦਾ ਹੈ। ਯਹੂਦੀ ਵਿਗਿਆਨੀਆਂ ਅਨੁਸਾਰ ਸੰਗੀਤ ਵਿਚਲੀ ਕੰਪਨਤਾ ਬੱਚੇ ਦੇ ਦਿਮਾਗ ਨੂੰ ਪ੍ਰੇਰਿਤ ਕਰਦੀ ਹੈ ਅਤੇ ਇਸੇ ਕਰਕੇ ਯਹੂਦੀਆਂ ਵਿੱਚ ਪ੍ਰਤਿਭਾਸ਼ੀਆਂ ਦੀ ਬਹੁਤਾਤ ਹੈ।

ਪਹਿਲੀ ਤੋਂ ਛੇਵੀਂ ਦੇ ਬੱਚੇ ਨੂੰ ਵਪਾਰਕ ਗਣਿਤ ਪੜ੍ਹਾਇਆ ਜਾਂਦਾ ਹੈ ਵਿਗਿਆਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਅਸੀਂ ਵੇਖ ਸਕਦੇ ਹਾਂ ਕਿ ਕੈਲੀਫ਼ੋਰਨੀਆਂ ਵਿੱਚ ਬੱਚਿਆਂ ਦੀ ਬੁੱਧੀ ਕੁਸ਼ਲਤਾ ਛੇ ਸਾਲ ਕਿਉਂ ਪਿੱਛੇ ਹੈ । ਯਹੂਦੀ ਬੱਚੇ ਅਥਲੈਟਿਕਸ ਵਿੱਚ ਤੀਰ ਅੰਦਾਜੀ, ਨਿਸ਼ਾਨੇ ਬਾਜੀ ਅਤੇ ਦੌੜ ਆਦਿ ਖੇਡਾਂ ਵਿੱਚ ਹਿੱਸਾ ਲੈਂਦੇ ਹਨ। ਉਹਨਾਂ ਅਨੁਸਾਰ ਤੀਰ ਅੰਦਾਜੀ ਅਤੇ ਨਿਸ਼ਾਨੇ ਬਾਜੀ ਵਰਗੀਆਂ ਖੇਡਾਂ ਦਿਮਾਗ ਦੀ ਇਕਾਗਰ ਸ਼ਕਤੀ ਅਤੇ ਫੈਸਲਾ ਲੈਣ ਦੀ ਸ਼ਕਤੀ ਨੂੰ ਵਧਾਉਂਦੀਆਂ ਹਨ।

ਹਾਈ ਸਕੂਲਾਂ ਵਿੱਚ ਬਹੁਤੇ ਵਿਦਿਆਰਥੀ ਵਿਗਿਆਨ ਦੀ ਪੜਾਈ ਲਈ ਤਿਆਰ ਕੀਤੇ ਜਾਂਦੇ ਹਨ। ਉਹਨਾਂ ਨੂੰ ਪ੍ਰੋਜੈਕਟਾਂ ਵਿੱਚ ਉਤਪਾਦ ਤਿਆਰ ਕਰਨ ਲਈ ਦਿੱਤੇ ਜਾਂਦੇ ਹਨ ਉਨ੍ਹਾਂ ਦੇ ਹਰ ਪ੍ਰੋਜੈਕਟ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਜਾਂਦਾ ਹੈ।

ਯੂਨੀਵਰਸਿਟੀਆਂ ਦੇ ਆਖਰੀ ਸਾਲ ਵਿੱਚ ਬਿਜ਼ਨਸ ਵਿਭਾਗ ਨੂੰ ਤਰਜੀਹ ਦਿੱਤੀ ਜਾਂਦੀ ਹੈ। ਬਿਜ਼ਨਸ ਸਟੱਡੀ ਦੇ ਵਿਦਿਆਰਥੀਆਂ ਨੂੰ ਗਰੁੱਪ ਬਣਾ ਕੇ ਪ੍ਰੋਜੈਕਟ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਤਾਂ ਹੀ ਪਾਸ ਕੀਤਾ ਜਾਂਦਾ ਹੈ ਜੇਕਰ ਉਹਨਾਂ ਦਾ ਗਰੁੱਪ ( ਜੋ ਲਗਭਗ ਦਸ ਵਿਦਿਆਰਥੀਆਂ ਦਾ ਹੁੰਦਾ ਹੈ) ਇੱਕ ਮਿਲੀਅਨ ਅਮਰੀਕੀ ਡਾਲਰ ਮੁਨਾਫ਼ਾ ਕਮਾ ਸਕਦਾ ਹੈ।

ਹੈਰਾਨ ਨਾ ਹੋਵੋ ਇਹ ਸੱਚਾਈ ਹੈ। ਇਸੇ ਕਰਕੇ ਦੁਨੀਆਂ ਭਰ ਦਾ ਅੱਧਾ ਬਿਜ਼ਨਸ ਯਹੂਦੀਆਂ ਵੱਲੋਂ ਕੰਟਰੋਲ ਕੀਤਾ ਜਾ ਰਿਹਾ ਹੈ। ਉਦਾਹਰਨ ਵਜੋਂ ਲੈਵਿਸ ਦਾ ਸਭ ਤੋਂ ਨਵਾਂ ਡਿਜ਼ਾਈਨ ਕਿਸਨੇ ਤਿਆਰ ਕੀਤਾ ਹੈ?.....ਇਹ ਇਜ਼ਰਾਇਲ ਯੂਨੀਵਰਸਿਟੀ ਦੇ ਬਿਜ਼ਨਸ ਅਤੇ ਫੈਸ਼ਨ ਵਿਭਾਗ ਦੇ ਵਿਦਿਆਰਥੀਆਂ ਨੇ ਤਿਆਰ ਕੀਤਾ ਹੈ।

ਕੀ ਤੁਸੀਂ ਵੇਖਿਆ ਹੈ ਕਿ ਉਹ ਪ੍ਰਾਰਥਨਾ ਕਿਵੇਂ ਕਰਦੇ ਹਨ ? ਉਹ ਹਮੇਸ਼ਾਂ ਸਿਰ ਹਿਲਾਉਂਦੇ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਇਹ ਗਤੀ ਵਿਧੀ ਦਿਮਾਗ ਨੂੰ ਪ੍ਰੇਰਿਤ ਕਰਦੀ ਹੈ ਅਤੇ ਦਿਮਾਗ ਨੂੰ ਜਿਆਦਾ ਆਕਸੀਜਨ ਮੁਹੱਈਆ ਕਰਵਾਉਂਦੀ ਹੈ। ਜਪਾਨੀਆਂ ਵੱਲ ਵੇਖੋ ਉਹ ਆਪਣੇ ਸੱਭਿਆਚਾਰ ਅਨੁਸਾਰ ਹਮੇਸ਼ਾਂ ਸਿਰ ਝੁਕਾਉਂਦੇ ਹਨ, ਉਹਨਾਂ ਵਿੱਚੋਂ ਬਹੁਤੇ ਤੇਜ਼ ਦਿਮਾਗ ਹਨ, ਉਹ ਸ਼ੂਸ਼ੀ ( ਤਾਜ਼ਾ ਮੱਛੀ) ਪਸੰਦ ਕਰਦੇ ਹਨ - ਕੀ ਇਹ ਸੰਜੋਗਵਸ ਹੈ?

ਅਮਰੀਕਾ ਵਿੱਚ ਨਿਊਯਾਰਕ ਵਿਚਲਾ ਯਹੂਦੀਆਂ ਵਾਸਤੇ ਟ੍ਰੇਡਿੰਗ ਸੈਂਟਰ ਕੇਵਲ ਯਹੂਦੀਆਂ ਵਾਸਤੇ ਸਾਰੇ ਪ੍ਰਬੰਧ ਕਰਦਾ ਹੈ। ਜੇ ਕਿਸੇ ਯਹੂਦੀ ਕੋਲ ਕੋਈ ਨਵਾਂ ਆਈਡੀਆ ਹੋਵੇ ਤਾਂ ਕੰਪਨੀ ਉਸਨੂੰ ਬਿਜ਼ਨਸ ਕਰਨ ਦੇ ਸਮਰੱਥ ਬਣਾਉਣ ਲਈ ਵਿਆਜ ਰਹਿਤ ਕਰਜ਼ ਦਿੰਦੀ ਹੈ। ਇਸੇ ਤਰ੍ਹਾਂ ਯਹੂਦੀ ਕੰਪਨੀਆਂ ਜਿਵੇਂ ਸਟਾਰਬਕਸ, ਡੈਲ ਕੰਪਿਊਟਰ, ਕੋਕਾ ਕੋਲਾ, ਓਰੈਕਲ, ਲੈਵਿਸ, ਡੰਕਿਨ ਡੋਨਟ, ਹਾਲੀਵੁੱਡ ਫਿਲਮਾਂ ਅਤੇ ਸੈਂਕੜੇ ਹੋਰ ਵਪਾਰਿਕ ਅਦਾਰਿਆਂ ਨੂੰ ਫਰੀ ਸਪਾਂਸਰਸ਼ਿਪ ਦਿੱਤੀ ਗਈ ਹੈ।

ਯਹੂਦੀ ਮੈਡੀਕਲ ਸਨਾਤਕਾਂ ਨੂੰ ਆਪਣੇ ਨਾਲ ਰਜਿਸਟਰ ਕਰਕੇ ਲਈ ਵਿਆਜ ਮੁਕਤ ਕਰਜ਼ ਦੇ ਕੇ ਪ੍ਰਾਈਵੇਟ ਪ੍ਰੈਕਟਿਸ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਹੁਣ ਮੈਂ ਜਾਣਿਆ ਕਿ ਕੈਲੀਫ਼ੋਰਨੀਆ ਦੇ ਹਸਪਤਾਲਾਂ ਵਿੱਚ ਸਪੈਸ਼ਲਿਸਟ ਡਾਕਟਰਾਂ ਦੀ ਕਿਉਂ ਘਾਟ ਰਹਿੰਦੀ ਹੈ।

ਸਿਗਰਟ ਨੋਸ਼ੀ ਘੱਟ ਦਿਮਾਗ ਵਾਲੀਆਂ ਪੀੜੀਆਂ ਲੈ ਕੇ ਆਵੇਗੀ। ਮੇਰੀ ਸਿੰਘਾਪੁਰ ਯਾਤਰਾ ਦੌਰਾਨ ਮੈਨੂੰ ਵੇਖ ਕੇ ਹੈਰਾਨੀ ਹੋਈ ਕਿ ਸਿਗਰਟ ਪੀਣ ਵਾਲੇ ਨਾਲ ਕੁਜਾਤ ਵਾਂਗ ਵਿਹਾਰ ਕੀਤਾ ਜਾਂਦਾ ਹੈ ਅਤੇ ਸਿਗਰਟ ਦੇ ਪੈਕਟ ਦੀ ਕੀਮਤ 7 ਅਮਰੀਕੀ ਡਾਲਰ ਹੈ , ਜਿਵੇਂ ਇਜ਼ਰਾਇਲ ਵਿੱਚ ਮਨਾਹੀ ਹੈ ਸਿੰਘਾਪੁਰ ਸਰਕਾਰ ਦੀ ਬਣਤਰ ਵੀ ਇਜ਼ਰਾਇਲ ਸਰਕਾਰ ਵਾਂਗ ਹੈ ਇਥੇ ਹਾਈ ਸਟੈਂਡਰਡ ਯੂਨੀਵਰਸਿਟੀਆਂ ਹਨ। ਜਦੋਂ ਕਿ ਸਿੰਘਾਪੁਰ ਦਾ ਖੇਤਰ ਮਸਾਂ ਮਾਨਹੈਟਨ ਜਿੰਨਾ ਹੈ।

ਇੰਡੋਨੇਸ਼ੀਆ ਵੱਲ ਵੇਖੋ ਹਰ ਥਾਂ ਲੋਕ ਸਿਗਰਟ ਪੀ ਰਹੇ ਹਨ। ਸਿਗਰਟ ਦਾ ਪੈਕਟ ਬਹੁਤ ਸਸਤਾ ਹੈ ਸਿਰਫ਼ ਪੌਣੇ ਅਮਰੀਕੀ ਡਾਲਰ ਦਾ। ਕਈ ਮਿਲੀਅਨ ਲੋਕਾਂ ਵਿੱਚੋਂ ਬਹੁਤ ਥੋੜੇ ਪ੍ਰਤਿਭਾਸ਼ਾਲੀ ਹਨ। ਗਿਣਤੀ ਦੀਆਂ ਯੂਨੀਵਰਸਿਟੀਆਂ ਤੇ ਉਹ ਵੀ ਜੋ ਉਤਪਾਦ ਕਰ ਰਹੀਆਂ ਹਨ, ਕੀ ਉਹ ਮਾਣਯੋਗ ਹੈ ? ਨੀਵੇਂ ਦਰਜੇ ਦਾ ਤਕਨੀਕੀ ਗਿਆਨ, ਆਪਣੀ ਬੋਲੀ ਤੋਂ ਇਲਾਵਾ ਹੋਰ ਕੋਈ ਬੋਲੀ ਨਾ ਬੋਲ ਸਕਣਾ, ਉਦਾਹਰਨ ਵਜੋਂ:- ਕਿਉਂ ਉਨ੍ਹਾਂ ਨੂੰ ਅੰਗਰੇਜ਼ੀ ਵਿੱਚ ਮਾਸਟਰ ਡਿਗਰੀ ਕਰਨਾਂ ਏਨਾ ਮੁਸ਼ਕਿਲ ਲਗਦਾ ਹੈ। ਇਹ ਸਭ ਸਿਗਰਟਨੋਸ਼ੀ ਅਤੇ ਸੱਭਿਆਚਾਰ ਕਰਕੇ ਹੀ ਹੈ।

ਦੁਆ ਹੈ ਅਸੀਂ ਸਾਰੇ ਅਮਨ ਸ਼ਾਂਤੀ ਵਿੱਚ ਹੋਈਏ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਭਵਿੱਖ ਵਿੱਚ ਪ੍ਰਤਿਭਾਸ਼ਾਲੀ ਪੀੜੀ ਪੈਦਾ ਕਰਨ ਵਿੱਚ ਕਾਮਯਾਬ ਹੋਈਏ। ਇਹ ਕੋਈ ਮਸਲਾ ਨਹੀਂ ਕਿ ਤੁਸੀਂ ਕੌਣ ਹੋ?



5 ਦਸੰਬਰ ਨੂੰ ਭਾਈ ਵੀਰ ਸਿੰਘ ਦੇ ਜਨਮ ਦਿਨ 'ਤੇ ਵਿਸ਼ੇਸ਼

# ਪੰਜਾਬੀ ਦੇ ਪਹਿਲੇ ਮੌਲਿਕ ਨਾਵਲ 'ਸੁੰਦਰੀ' ਦਾ ਲੋਕਧਾਰਾਈ ਪ੍ਰਸੰਗ

ਡਾ. ਆਤਮਾ ਸਿੰਘ ਗਿੱਲ
9878883680



**ਲੋਕਧਾਰਾ ਦਾ ਅਹਿਮ ਵਰਤਾਰਾ ਲੋਕ ਸਾਹਿਤ, ਬਚਪਨ ਦੀਆਂ ਲੋਰੀਆਂ ਤੋਂ ਲੈ ਕੇ ਸੁਹਾਗ, ਘੋੜੀਆਂ, ਟੱਪੇ, ਮਾਹੀਏ, ਲੋਕ ਗੀਤ, ਸਿੱਠਣੀਆਂ, ਲੋਕ ਕਹਾਣੀਆਂ, ਬੁਝਾਰਤਾਂ, ਅਖਾਣਾਂ, ਲੋਕ ਤੱਥਾਂ ਅਤੇ ਮਿਥਾਂ ਦਾ ਸਫ਼ਰ ਤੈਅ ਕਰਦਾ ਹੋਇਆ ਕੀਰਨੇ ਅਤੇ ਅਲਾਹੁਣੀਆਂ ਨਾਲ ਅੰਤਿਮ ਸਮੇਂ ਤੱਕ ਮਨੁੱਖ ਦਾ ਸਾਥ ਨਿਭਾਉਂਦਾ ਹੈ।**

ਲੋਕਧਾਰਾ ਅਜਿਹਾ ਵਰਤਾਰਾ ਹੈ ਜਿਸਦਾ ਮਨੁੱਖ ਨਾਲ ਸੰਬੰਧ ਜਨਮ ਤੋਂ ਲੈ ਕੇ ਮੌਤ ਤੱਕ ਹੈ। ਲੋਕਧਾਰਾਈ ਰਸਮਾਂ ਗੀਤਾਂ ਵਿਚ ਮਨੁੱਖ ਜਨਮਦਾ ਹੈ, ਜਵਾਨ ਹੁੰਦਾ ਹੈ ਤੇ ਖ਼ਤਮ ਹੋ ਜਾਂਦਾ ਹੈ। ਲੋਕਧਾਰਾ ਦਾ ਅਹਿਮ ਵਰਤਾਰਾ ਲੋਕ ਸਾਹਿਤ, ਬਚਪਨ ਦੀਆਂ ਲੋਰੀਆਂ ਤੋਂ ਲੈ ਕੇ ਸੁਹਾਗ, ਘੋੜੀਆਂ, ਟੱਪੇ, ਮਾਹੀਏ, ਲੋਕ ਗੀਤ, ਸਿੱਠਣੀਆਂ, ਲੋਕ ਕਹਾਣੀਆਂ, ਬੁਝਾਰਤਾਂ, ਅਖਾਣਾਂ, ਲੋਕ ਤੱਥਾਂ ਅਤੇ ਮਿਥਾਂ ਦਾ ਸਫ਼ਰ ਤੈਅ ਕਰਦਾ ਹੋਇਆ ਕੀਰਨੇ ਅਤੇ ਅਲਾਹੁਣੀਆਂ ਨਾਲ ਅੰਤਿਮ ਸਮੇਂ ਤੱਕ ਮਨੁੱਖ ਦਾ ਸਾਥ ਨਿਭਾਉਂਦਾ ਹੈ।

ਲੋਕਧਾਰਾ ਇਕ ਅਜਿਹਾ ਅਨੁਸ਼ਾਸਨ ਹੈ ਜਿਸਦੇ ਅੰਤਰਗਤ ਉਹ ਸਾਰੇ ਪਰੰਪਰਾਗਤ ਵਰਤਾਰੇ ਆ ਜਾਂਦੇ ਹਨ ਜਿਹੜੇ ਲੋਕਮਾਨਸ ਦੀ ਸਿਰਜਣਾ ਕਰਦੇ ਹਨ ਅਤੇ ਜਿਨ੍ਹਾਂ ਨੂੰ ਲੋਕ ਸਮੂਹ ਨੇ ਪ੍ਰਵਾਨਗੀ ਦੇ ਕੇ ਪੀੜ੍ਹੀ ਦਰ ਪੀੜ੍ਹੀ ਅਪਣਾਇਆ ਹੋਵੇ। ਸੁਭਾਵਕ ਹੀ ਇਨ੍ਹਾਂ ਵਰਤਾਰਿਆਂ ਵਿਚ ਸਰਲਤਾ, ਸਹਿਜਤਾ, ਵਿਆਪਕਤਾ, ਨਿਰੰਤਰਤਾ, ਗਹਿਰਾਈ, ਵੰਨ-ਸੁਵੰਨਤਾ ਤੇ ਆਪ-ਮੁਹਾਰਾਪਣ ਵਰਗੇ ਗੁਣ ਹੁੰਦੇ ਹਨ ਕਿਉਂਕਿ ਲੋਕਧਾਰਾ ਦੀ ਸਿਰਜਣਾ ਕਿਸੇ ਸੀਮਾ ਵਿਚ ਬੱਝੀ ਹੋਈ ਹੁੰਦੀ ਹੈ ਅਤੇ ਇਹ ਸੀਮਾ ਉਸ ਸਮਾਜ ਨਾਲ ਜੁੜੀ ਹੁੰਦੀ ਹੈ ਜਿੱਥੇ ਲੋਕ ਸਮੂਹ ਵਿਚਰਦਾ ਹੈ।

ਆਧੁਨਿਕ ਪੰਜਾਬੀ ਦੇ ਸਰਬਾਂਗੀ ਸਾਹਿਤਕਾਰ ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ. ਨੂੰ ਅੰਮ੍ਰਿਤਸਰ ਵਿਖੇ ਡਾ. ਚਰਨ ਸਿੰਘ ਦੇ ਘਰ ਹੋਇਆ। ਭਾਵੇਂ ਭਾਈ ਵੀਰ ਸਿੰਘ ਜੀ ਦੀ ਵਿਦਿਅਕ ਯੋਗਤਾ ਦਸਵੀਂ ਜਮਾਤ ਤੱਕ ਹੀ ਸੀ ਪਰ ਉਹਨਾਂ ਦੀ ਸਾਹਿਤਕ ਦੇਣ ਸਦਕਾ ਉਹਨਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਉਸਰਈਏ ਵਜੋਂ ਜਾਣਿਆ ਜਾਂਦਾ ਹੈ। ਭਾਈ ਵੀਰ ਸਿੰਘ ਜੀ ਪੰਜਾਬੀ ਦੇ ਮਹਾਨ ਕਵੀ ਹੋਣ ਦੇ ਨਾਲ-ਨਾਲ ਆਧੁਨਿਕ ਪੰਜਾਬੀ ਸਾਹਿਤ ਦੇ ਮੁੱਢਲੇ ਨਾਵਲਕਾਰ, ਨਾਟਕਕਾਰ, ਵਾਰਤਕਕਾਰ, ਟੀਕਾਕਾਰ, ਵਿਆਖਿਆਕਾਰ, ਖੋਜਾਰਥੀ ਤੇ ਸੰਪਾਦਕ ਹਨ।

'ਸੁੰਦਰੀ' ਭਾਈ ਵੀਰ ਸਿੰਘ 1898 ਈ. ਵਿਚ ਪ੍ਰਕਾਸ਼ਿਤ ਹੋਇਆ ਪ੍ਰਥਮ ਨਾਵਲ ਹੈ। ਇਹ ਨਾਵਲ ਇਕ ਲੋਕ ਗੀਤ ਉੱਪਰ ਆਧਾਰਿਤ ਹੈ। ਜਿਸ ਵਿਚ ਮੁਗ਼ਲ ਹਾਕਮ ਸੁੰਦਰੀ ਨੂੰ ਜਬਰੀ ਚੁੱਕ ਕੇ ਲੈ ਜਾਂਦਾ ਹੈ। ਮੁਗ਼ਲਾਂ ਦੀ ਕੈਦ ਵਿਚ ਸੁੰਦਰੀ ਬਾਣੀ ਦੀ ਓਟ ਲੈਂਦੀ ਹੈ ਤੇ ਉਸ ਦਾ ਭਰਾ ਉਸ ਨੂੰ ਬਚਾ ਲੈਂਦਾ ਹੈ। ਇਹ ਨਾਵਲ ਧਾਰਮਿਕ ਇਤਿਹਾਸਕ ਸੁਮੇਲਤਾ ਵਾਲਾ ਹੋਣ ਦੇ ਨਾਲ ਲੋਕਧਾਰਾਈ ਵਰਤਾਰਿਆਂ ਨਾਲ ਓਤ-ਪੋਤ ਹੈ। ਨਾਵਲ ਦੇ ਮੁੱਖ ਬਿਰਤਾਂਤ ਤੋਂ ਇਲਾਵਾ ਬਹੁਤ ਸਾਰੇ ਉਪ-ਬਿਰਤਾਂਤ ਵੀ ਲੋਕਧਾਰਾਈ ਤੱਥਾਂ ਦੀ ਨਿਸ਼ਾਨਦੇਹੀ ਕਰਦੇ ਹਨ।

ਨਾਵਲ ਦਾ ਨਾਮ ਇਕ ਇਸਤਰੀ ਪਾਤਰ ਸੁੰਦਰੀ ਦੇ ਨਾਮ ਤੇ ਹੈ। ਉਹ ਇਸ ਨਾਵਲ ਦੀ ਨਾਇਕਾ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਇਸ ਦੁਆਲੇ ਬੁਣਿਆ ਗਿਆ ਹੈ। ਲੋਕਧਾਰਾ ਵਿਚ ਦੇਵੀਆਂ, ਅਪਸਰਾਵਾਂ, ਪਰੀਆਂ ਨਾਇਕਾਵਾਂ ਦੇ ਰੂਪ ਵਿਚ ਕਈ ਲੋਕ-ਬਿਰਤਾਂਤਾਂ ਦਾ ਹਿੱਸਾ ਬਣੀਆਂ ਹਨ। ਸੁੰਦਰੀ ਦਾ ਪ੍ਰਕਾਰਜ ਵੀ ਇਸੇ ਲੋਕਧਾਰਾਈ ਪ੍ਰਵਿਰਤੀ ਤੋਂ ਪ੍ਰਭਾਵਿਤ ਹੋਇਆ ਹੈ। ਨਾਵਲ ਵਿਚ ਮੁਕਲਾਵੇ ਜਾਂਦੀ ਸੁੰਦਰੀ ਨੂੰ ਮੁਗ਼ਲ ਹਾਕਮ ਚੁੱਕ ਕੇ ਲੈ ਜਾਂਦਾ ਹੈ ਤੇ ਆਪਣੀ ਬੇਗ਼ਮ ਬਣਾਉਣਾ ਚਾਹੁੰਦਾ ਹੈ। ਸੁੰਦਰੀ ਨੂੰ ਬਚਾਉਣ ਉਸਦਾ ਭਰਾ ਬਲਵੰਤ ਸਿੰਘ ਪਹੁੰਚ ਜਾਂਦਾ ਹੈ। ਰੁਮਾਂਸ ਵਿਚ ਇਹ ਜੁਗਤ ਲੋਕ-ਬਿਰਤਾਂਤ ਤੋਂ ਆਈ ਹੈ।

ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਹੇਠ ਲਿਖੇ ਲੋਕ ਗੀਤ ਤੇ ਆਧਾਰਿਤ ਹੈ ਜਿਸ ਵਿਚ ਔਰਤ ਨੂੰ ਹਾਕਮਾਂ ਦੀ ਕੈਦ ਵਿਚੋਂ ਛੁਡਾਉਣ ਵਿਚ ਪਿਉ, ਭਰਾ ਤੇ ਪਤੀ ਅਸਮਰੱਥ ਰਹਿੰਦੇ ਹਨ।

ਨਣਦ ਭਰਜਾਈ ਚੀਣਾ ਛੜਦੀਆਂ
ਫੌਜ ਮੁਗ਼ਲਾਂ ਦੀ ਚੜ੍ਹਿਆ
ਹਾਏ ਵੇ ਸਿਪਾਹੀ ਜਾਂਦਿਆ
ਘਰ ਨਹੀਂ ਸੀ ਰਾਂਝਾ
ਆਪਣੀ ਗੋਰੀ ਨੂੰ ਕੌਣ ਛੁਡਾ
ਹਾਏ ਵੇ ।
ਉੱਡੀਂ ਉੱਡੀਂ ਵੇ ਕਾਗ ਸੁਲੱਖਣੇ
ਕਹਿ ਮੇਰੇ ਬਾਪੂ ਨੂੰ ਧੀ ਪਕੜੀ ਵੀ ਜਾ
ਹਾਏ ਵੇ ।
ਮੁਹਰਾਂ ਦਿਆਂ ਡੇਢ ਲੱਖ
ਰੁਪਏ ਦਿਆਂ ਲੱਖ ਚਾਰ
ਮਿੰਨਤ ਮੁਥਾਜੀ ਕਰਕੇ ਧੀ ਲਊਂਗਾ ਛੁਡਾ
ਹਾਏ ਵੇ ।
ਅੱਗ ਲਾਵਾਂ ਤੇਰੇ ਲੱਖਾਂ ਨੂੰ
ਮੋਹਰਾਂ ਜਲ ਜਾ
ਐਸੀ ਸੁੰਦਰ ਸੋਹਣੀ
ਸਾਥੋਂ ਛਡੀਆ ਨਾ ਜਾ
ਹਾਏ ਵੇ ।
ਮੁਗਲ ਗਿਆ ਸੀ ਪਾਣੀਏ
ਪਿਛੋਂ ਗੋਰੀ ਚਿਖਾ ਬਣਾ
ਸੜਨ ਲੱਗੀ ਸੀ ਭੈਣੜੀ
ਉਤੋਂ ਵੀਰ ਗਿਆ ਆ
ਹਾਏ ਵੇ ।

ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਉਪਰੋਕਤ ਲੋਕ ਗੀਤ 'ਤੇ ਆਧਾਰਿਤ ਹੈ। ਲੋਕ ਗੀਤ ਵਿਚ ਉਸਦਾ ਪਿਉ, ਭਰਾ ਤੇ ਪਤੀ ਉਸ ਨੂੰ ਬਚਾਉਣ ਵਿਚ ਅਸਮਰੱਥ ਰਹਿੰਦੇ ਹਨ ਪਰ ਨਾਵਲ ਵਿਚ ਸੁੰਦਰੀ ਭਰਾ ਉਸ ਨੂੰ ਬਚਾ ਲੈਂਦਾ ਹੈ। ਹਾਕਮ ਦੀ ਕੈਦ ਵਿਚ ਸੁੰਦਰੀ ਆਪਣੀ ਰੱਖਿਆ ਲਈ ਪ੍ਰਭੂ ਸਿਮਰਨ ਵਿਚ ਲੀਨ ਰਹਿੰਦੀ ਹੈ। ਪੰਜਾਬੀ ਲੋਕਧਾਰਾ ਵਿਚ ਮੰਨਿਆ ਜਾਂਦਾ ਹੈ ਕਿ ਪ੍ਰਮਾਤਮਾ ਦੇ ਸਿਮਰਨ ਨਾਲ ਜਿਥੇ ਇਨਸਾਨ ਸੁਰੱਖਿਅਤ ਹੁੰਦਾ ਹੈ ਉਥੇ ਆਵਾਗਉਣ ਤੋਂ ਮੁਕਤ ਹੋਣ ਦੇ ਨਾਲ-ਨਾਲ ਉਸਦਾ ਲੋਕ-ਪ੍ਰਲੋਕ ਵੀ ਸਾਰਥਕ ਹੋ ਜਾਂਦਾ ਹੈ। ਨਾਵਲ ਵਿਚ ਸੁੰਦਰੀ ਸਵੈ-ਸੁਰੱਖਿਆ ਦੇ ਮੰਤਵ ਨਾਲ ਸਮੁੱਚੀਆਂ ਮੱਧਕਾਲੀ ਔਰਤਾਂ ਦੀ ਮਿਸਾਲ ਬਣਦੀ ਹੈ ਜੋ ਆਪਣੀ ਜੋ ਖੁਦ-ਮੁਖਤਿਆਰ ਹੋਂਦ ਰੱਖਦੀਆਂ ਹਨ।

ਇਸਤੋਂ ਇਲਾਵਾ ਨਾਵਲ ਵਿਚ ਕਈ ਥਾਵਾਂ ਤੇ ਅਜਿਹੇ ਵੇਰਵੇ ਆਉਂਦੇ ਹਨ ਜਿਹਨਾਂ ਵਿਚ ਧਾਰਮਿਕ ਦ੍ਰਿਸ਼ਟੀ ਤੋਂ ਪੰਜਾਬ ਵਿਚ ਇਸਤਰੀ ਵਿਰੋਧੀ ਕੁਰੀਤੀਆਂ ਦਾ ਵਿਰੋਧ ਕੀਤਾ ਗਿਆ ਹੈ ਜਿਵੇਂ ਕੁੜੀ ਮਾਰਨ ਵਾਲਿਆਂ ਨੂੰ ਪੰਥ ਵਿਚੋਂ ਛੇਕ ਦਿੱਤਾ ਜਾਂਦਾ ਹੈ। ਲੋਕਧਾਰਾ ਵਿਚ ਵੀ ਔਰਤ ਨੂੰ ਸਤਿਕਾਰ ਦੀ ਪਾਤਰ ਸਮਝਿਆ ਗਿਆ ਤੇ ਧੀਆਂ-ਧਿਆਣੀਆਂ ਉੱਪਰ ਜ਼ੁਲਮ ਕਰਨਾ ਪਾਪ ਸਮਝਿਆ ਜਾਂਦਾ ਹੈ। ਬਿਲਕੁਲ ਇਹੋ ਵਿਚਾਰਧਾਰਾ ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਮਿਸਾਲ ਵਜੋਂ :-

ਇਸਤਰੀ ਪਰ ਧੱਕਾ ਕਰਨਾ ਖ਼ਾਲਸੇ ਦਾ ਧਰਮ ਨਹੀਂ।

'ਯਿਸੂਈ ਮੁਸਾਫਰ ਦੀ ਯਾਤਰਾ' ਅਤੇ 'ਜਯੋਤਿਰੁਦਯ' ਈਸਾਈ ਧਰਮ ਦੇ ਪ੍ਰਚਾਰ ਲਈ ਅੰਗਰੇਜ਼ਾਂ ਨੇ ਪੰਜਾਬੀ ਵਿਚ ਅਨੁਵਾਦ ਕਰਵਾਏ। ਇਹਨਾਂ ਨਾਵਲਾਂ ਦੇ ਅਨੁਵਾਦ ਦਾ ਮਕਸਦ ਪੰਜਾਬੀਆਂ ਨੂੰ ਸਮਾਜਕ ਤੇ ਸਭਿਆਚਾਰਕ ਤੌਰ ਤੇ ਗ਼ੁਲਾਮ ਬਣਾਉਣਾ ਸੀ। ਪੰਜਾਬੀ ਲੋਕਧਾਰਾ ਦੀ ਆਪਣੀ ਲੰਮੀ ਪਰੰਪਰਾ ਰਹੀ ਹੈ ਜਿਸ ਦੌਰਾਨ ਬਹੁਤ ਸਾਰੇ ਅਮੀਰ ਲੋਕਧਾਰਾਈ ਵਰਤਾਰੇ ਸਾਂਭੇ ਗਏ ਅਤੇ ਨਵੇਂ ਅਪਣਾਏ ਗਏ। ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਅੰਗਰੇਜ਼ਾਂ ਦੁਆਰਾ ਇਸਾਈਅਤ ਦੇ ਪ੍ਰਚਾਰ ਦਾ ਪ੍ਰਤੀਉੱਤਰ ਸੀ।

ਪੰਜਾਬੀ ਲੋਕਧਾਰਾ ਵਿਚ ਮੰਨਿਆ ਜਾਂਦਾ ਹੈ ਕਿ ਕੁਝ ਖੂਹਾਂ, ਚਸ਼ਮਿਆਂ ਤੇ ਸਰੋਵਰਾਂ ਦਾ ਪਾਣੀ ਤਲਿਸਮੀ ਹੁੰਦਾ ਹੈ ਜਿਨ੍ਹਾਂ ਦਾ ਪਾਣੀ ਪੀਣ ਅਤੇ ਇਸ਼ਨਾਨ ਕਰਨ ਨਾਲ ਤੰਦਰੁਸਤੀ ਅਤੇ ਬਲ ਮਿਲਦਾ ਹੈ। ਸੁੰਦਰੀ ਨਾਵਲ ਵਿਚ ਵੀ ਸਿੰਘ ਅਕਸਰ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਕੇ ਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹਨ। ਨਾਵਲ ਦਾ ਇਕ ਹਵਾਲਾ ਦੇਖੋ :-

ਖਾਲਸਾ ਰਾਤ ਨੂੰ ਚੋਰੀ ਇਸਨਾਨ ਕਰ ਜਯਾ ਕਰੇ। ਕਈ ਵਾਰੀ ਨ੍ਹਾਉਂਦੇ ਸਿੰਘ ਦਰਬਾਰ ਸਾਹਿਬ ਦੇ ਉਹਨਾਂ ਪਵਿੱਤ੍ਰ ਪੌੜ੍ਹਾਂ ਉੱਤੇ, ਜਿਥੇ ਅੱਜ-ਕੱਲ੍ਹ ਪੱਥਰਾਂ ਦੇ ਬੁੱਤ ਪਏ ਪੂਜੇ ਜਾ ਰਹੇ ਹਨ।

ਰੁਮਾਂਸ ਲੋਕ ਸਾਹਿਤ ਦਾ ਮਹੱਵਪੂਰਨ ਅੰਗ ਹੈ। ਰੁਮਾਂਸ ਦੀ ਇਹ ਪਰੰਪਰਾ ਭਾਰਤੀ ਮਹਾਂਕਾਵਿ ਤੇ ਕਿੱਸਿਆਂ ਵਿਚ ਭਰਪੂਰ ਦਿਖਾਈ ਦਿੰਦੀ ਹੈ। ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਵੀ ਰੁਮਾਂਸ ਭਰਪੂਰ ਹੈ ਜਿਸਨੂੰ ਲੋਕਧਾਰਾਈ ਦ੍ਰਿਸ਼ਟੀ ਤੋਂ ਦੇਖਿਆ ਜਾ ਸਕਦਾ ਹੈ। ਸੰਤ ਸਿੰਘ ਸੇਖੋਂ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ 'ਇਤਿਹਾਸਕ ਰੁਮਾਂਸ' ਆਖਿਆ ਹੈ। ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ, ਸੁਪਨਿਆਂ ਦਾ ਸਿਰਜਣ ਰੁਮਾਂਸ ਰਾਹੀਂ ਹੀ ਸੰਭਵ ਹੈ।

ਮਨੋਵਿਗਿਆਨ ਦੇ ਮੋਢੀ ਸਿਗਮੰਡ ਫਰਾਇਡ ਅਤੇ ਕਾਰਲ ਯੁੰਗ ਨੇ ਮਨੁੱਖੀ ਸ਼ਖ਼ਸੀਅਤ ਨੂੰ ਸਮਝਣ ਲਈ ਇਡ (Id) ਈਗੋ (Ego) ਤੇ ਸੁਪਰ ਈਗੋ (Super Ego) ਦੇ ਤਿੰਨ ਸੰਕਲਪ ਦਿੱਤੇ। ਮਨੁੱਖੀ ਮਨ ਦੇ ਇਨ੍ਹਾਂ ਤਿੰਨਾਂ ਭਾਗਾਂ ਦਾ ਸੰਬੰਧ ਕੁਝ ਬੁਨਿਆਦੀ ਪ੍ਰਵਿਰਤੀਆਂ ਨਾਲ ਹੈ। ਪਹਿਲਾ ਜੀਵਨਮੁਖ ਪ੍ਰਵਿਰਤੀਆਂ (Life Urges) ਅਤੇ ਦੂਜਾ ਮ੍ਰਿਤੂਮੁਖ ਪ੍ਰਵਿਰਤੀਆਂ (death Urges)। ਯੂਨਾਨੀ ਮਿਥਿਹਾਸ ਵਿਚ ਜੀਵਨਮੁਖ ਪ੍ਰਵਿਰਤੀਆਂ ਲਈ ਈਰੋਜ਼ (Eros) ਅਤੇ ਮ੍ਰਿਤੂਮੁਖ ਪ੍ਰਵਿਰਤੀਆਂ ਲਈ ਥਾਨਾਟੋਜ਼ (Thanatos) ਸ਼ਬਦਾਂ ਦੀ ਵਰਤੋਂ ਕੀਤੀ ਗਈ। ਜੀਵਨਮੁਖ ਸ਼ਕਤੀਆਂ ਮਨੁੱਖੀ ਜੀਵਨ ਦੀ ਸੁਰੱਖਿਆ ਕਰਦੀਆਂ ਹਨ ਤੇ ਮ੍ਰਿਤੂਮੁਖ ਪ੍ਰਵਿਰਤੀਆਂ ਦਾ ਉਦੇਸ਼ ਮਾਰਨਾ ਤੇ ਨਸ਼ਟ ਕਰਨਾ ਹੁੰਦਾ ਹੈ। ਇਨ੍ਹਾਂ ਦੋਹਾਂ ਪ੍ਰਵਿਰਤੀਆਂ ਦੀ ਕਸ਼ਮਕਸ਼ ਸਾਰੀ ਉਮਰ ਚੱਲਦੀ ਰਹਿੰਦੀ ਹੈ ਤੇ ਜੇਕਰ ਮ੍ਰਿਤੂਮੁਖ ਪ੍ਰਵਿਰਤੀਆਂ ਭਾਰੂ ਹੋ ਜਾਣ ਤਾਂ ਈਰਖਾ, ਆਤਮਘਾਤ, ਕਤਲ ਆਦਿ ਉਤਪੰਨ ਹੁੰਦੇ ਹਨ।

ਫਰਾਇਡ ਮਨੁੱਖੀ ਮਨ ਦੇ ਤਿੰਨ ਭਾਗ ਮੰਨਦਾ ਹੈ : (1) ਸੁਚੇਤਨ (2) ਅਚੇਤਨ (3) ਅਰਧ ਚੇਤਨ। ਮਨੁੱਖ ਦੀਆਂ ਇੱਛਾਵਾਂ ਸਮਾਜਕ ਆਲੇ ਦੁਆਲੇ ਨਾਲ ਟਕਰਾਉਂਦੀਆਂ ਹਨ ਤੇ ਅਧੂਰੀਆਂ ਰਹਿ ਜਾਂਦੀਆਂ ਹਨ। ਇਹ ਇੱਛਾਵਾਂ ਉਸਦੇ ਅਵਚੇਤਨ ਵਿਚ ਪਈਆਂ ਹੁੰਦੀਆਂ ਹਨ। ਮਨ ਦਾ ਸਭ ਤੋਂ ਵੱਡਾ ਹਿੱਸਾ ਅਚੇਤਨ ਹੁੰਦਾ ਹੈ ਇਸ ਲਈ ਫਰਾਇਡ ਬਰਫ਼ ਦੇ ਤੋਦੇ ਦੀ ਉਦਾਹਰਨ ਦਿੰਦਾ ਹੈ। ਯੁੰਗ ਅਨੁਸਾਰ ਅਚੇਤਨ ਸਮੂਹਿਕ ਹੀ ਹੁੰਦਾ ਹੈ। ਸਮਾਜ ਵਿਚ ਰਹਿੰਦਾ ਵਿਅਕਤੀ ਸਮਾਜ ਦੇ ਸਾਂਝੇ ਤਜ਼ਰਬੇ ਵਿਚੋਂ ਗੁਜ਼ਰਦਾ ਹੈ। ਪੰਜਾਬੀਆਂ ਨੂੰ ਲੰਬੇ ਸਮੇਂ ਲਈ ਜੰਗਾਂ ਯੁੱਧਾਂ ਵਿਚੋਂ ਗੁਜ਼ਰਨਾ ਪਿਆ ਹੈ ਜਿਸ ਕਾਰਨ ਪੰਜਾਬੀਆਂ ਦੇ ਅਚੇਤਨ ਵਿਚ ਹਿੰਸਾ ਦਾ ਭਾਵ ਸਮੋਇਆ ਹੋਇਆ ਹੈ। ਸੁਭਾਵਿਕ ਹੈ ਕਿ ਜਦੋਂ ਕਿਸੇ ਵਰਤਾਰੇ ਨਾਲ ਲੰਮੇ ਸਮੇਂ ਤੱਕ ਲੋਕ ਸਮੂਹ ਜੁੜਿਆ ਰਹੇ ਤਾਂ ਉਹ ਵਰਤਾਰਾ ਜਾਂ ਉਸ ਨਾਲ ਜੁੜੇ ਸੰਕਲਪ, ਵਿਸ਼ਵਾਸ ਅਤੇ ਮਨੌਤਾਂ ਲੋਕ ਮਨ ਦਾ ਹਿੱਸਾ ਬਣ ਜਾਂਦੀਆਂ ਹਨ ਜਾਂ ਲੋਕ ਸਮੂਹ ਦੇ ਅਚੇਤਨ ਦਾ ਭਾਗ ਬਣਦੀਆਂ ਹਨ।

ਵਾਸਤਵ ਵਿਚ ਲੋਕਮਨ ਦੀਆਂ ਅਕਾਂਖਿਆਵਾਂ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦੀਆਂ ਹਨ ਜਿਹੜੀਆਂ ਲੋਕ ਸਮੂਹ ਲਈ ਘਾਤਕ ਹੋ ਨਿਬੜਦੀਆਂ ਹਨ। ਲੋਕਧਾਰਾਈ ਵਰਤਾਰਿਆਂ ਵਿਚ ਲੜਕੀਆਂ ਨੂੰ ਬਿਗਾਨਾ ਧਨ ਸਮਝ ਕੇ, ਕਮਜ਼ੋਰ ਸਮਝ ਕੇ, ਬੋਝ ਸਮਝ ਕੇ ਅਤੇ ਅਪਵਿੱਤਰ ਸਮਝ ਕੇ ਅਸਵਿਕਾਰ ਕੀਤਾ ਜਾਂਦਾ ਰਿਹਾ ਹੈ। ਇਹੋ ਕਾਰਨ ਹੈ ਲੋਕਮਨ ਆਦਿ ਕਾਲ ਤੋਂ ਹੀ ਔਰਤ ਨੂੰ ਜਨਮ ਤੋਂ ਪਹਿਲਾਂ ਅਤੇ ਜਨਮ ਸਮੇਂ ਹੀ ਮਾਰ ਦੇਣ ਦਾ ਹਾਮੀ ਰਿਹਾ ਹੈ ਜਾਂ ਬੁਰਜੂਆ ਸ਼੍ਰੇਣੀ ਇਸਨੂੰ ਭੋਗਣ ਵਾਲੀ ਵਸਤੂ ਹੀ ਸਮਝਦੀ ਰਹੀ ਹੈ। ਭਾਈ ਵੀਰ ਸਿੰਘ ਨੇ ਸੁੰਦਰੀ ਨਾਵਲ ਵਿਚ ਅਜਿਹੀਆਂ ਪਰੰਪਰਕ ਰਵਾਇਤਾਂ ਦਾ ਤਿਆਗ ਕਰਦਿਆਂ ਜਿਥੇ ਔਰਤ ਨੂੰ ਸੂਰਬੀਰਤਾ ਦਾ ਰੁਤਬਾ ਦਿੱਤਾ ਹੈ ਉਥੇ ਸੁੰਦਰੀ ਨੂੰ ਉਨ੍ਹਾਂ ਬਹਾਦਰ ਦੇਵੀਆਂ (ਸਰਸਵਤੀ/ਸੁੰਦਰੀ) ਅਤੇ ਔਰਤਾਂ ਦੀ ਸੰਗਿਆ ਵੀ ਦਿੰਦਾ ਹੈ ਜੋ ਸਿਰਫ ਆਪਣੇ ਲਈ ਨਹੀਂ ਸਮਾਜ ਲਈ ਵੀ ਸੰਘਰਸ਼ ਕਰਦੀਆਂ ਹਨ। ਨਾਵਲ ਵਿਚ ਕਈ ਵਾਰ ਭਾਈ ਵੀਰ ਸਿੰਘ ਸੁੰਦਰੀ ਨੂੰ 'ਸੋਨੇ ਦੀ ਚਿੜੀ' ਕਹਿ ਕੇ ਭਾਰਤ ਅਤੇ ਪੰਜਾਬ ਦੀ ਆਜ਼ਾਦੀ ਦਾ ਪ੍ਰੇਰਨਾ ਸ੍ਰੋਤ ਬਣਦਾ ਹੈ। ਇਕ ਤਰ੍ਹਾਂ ਨਾਲ ਇਹ ਲੋਕ-ਪ੍ਰਤੀਕ ਹਨ ਜੋ ਭਾਈ ਵੀਰ ਸਿੰਘ ਨੇ ਸੁੰਦਰੀ ਨਾਵਲ ਵਿਚ ਕਈ ਥਾਵਾਂ 'ਤੇ ਵਰਤੇ ਹਨ।

ਇਸ ਤਰ੍ਹਾਂ ਨਾਵਲ ਦਾ ਬਿਰਤਾਂਤ ਸਮਾਜਕ ਸੰਘਰਸ਼ ਵੱਲ ਮੁੜਦਾ ਹੈ। ਗੁਲਾਮੀ ਨੂੰ ਗਲੋਂ ਲਾਹੁਣ ਲਈ ਖ਼ਾਲਸੇ ਦਾ ਸੰਘਰਸ਼ ਸਾਹਮਣੇ ਆਉਂਦਾ ਹੈ। ਲੋਕ ਗੀਤ ਵਿਚ ਤਾਂ ਗੋਰੀ ਨੂੰ ਛੁਡਾਉਣ ਲਈ ਉਸਦੇ ਭਰਾ ਪਤੀ ਤੇ ਪਿਉ ਅਸਮਰੱਥ ਰਹਿੰਦੇ ਹਨ ਪਰ ਨਾਵਲ ਵਿਚ ਸੁੰਦਰੀ ਆਪ ਜ਼ੁਲਮ ਦਾ ਖਾਤਮਾ ਕਰਨ ਦੀ ਠਾਣ ਲੈਂਦੀ ਹੈ। ਅੰਤਾਂ ਦਾ ਵਿਸ਼ਵਾਸ ਤੇ ਹੌਸਲਾ ਕਰ ਕੇ ਉਹ ਕਹਿੰਦੀ ਹੈ :-

ਇਹ ਹਾਲ ਵੇਖ ਕੇ ਸੁਰੱਸਤੀ ਦੇ ਮਨ ਵਿਚ ਖਬਰੇ ਕੀ ਆਈ ਕਿ ਅੱਥਰੂ ਸੁੱਕ ਗਏ ਅਰ ਦਿਲ ਵਿਚ ਹੌਂਸਲਾ ਭਰ ਗਿਆ। ਉੱਠ ਕੇ ਭਰਾ ਦੇ ਕੰਨ ਵਿਚ ਕਹਿਣ ਲੱਗੀ ਉੱਠ ਵੇ ਉੱਠ। ਮੇਰੀ ਮਾਂ ਦਿਆ ਜਾਇਆ ਉੱਠ। ਘਰਾਂ ਨੂੰ ਜਾਹ ਮੁਗਲ ਦਾ ਪਾਣੀ ਮੈਂ ਨਾ ਪੀਆਂ ਵੀਰਾ। ਮਰਾਂਗੀ ਅੱਗ ਜਲਾ। ਜਦ ਪਿਉ ਭਰਾ ਨੂੰ ਪ੍ਰਤੀਤ ਹੋ ਗਈ ਕਿ ਮੁਗਲ ਕਿਸੇ ਤਰ੍ਹਾਂ ਨਹੀਂ ਛੱਡਦਾ ਅਤੇ ਪੁੱਤਰੀ ਧਰਮ ਛੀਨ ਭੀ ਨਹੀਂ ਕਰੇਗੀ ਤਦ ਸਾਰੇ ਉਠਾ ਕੇ ਟੁੱਟੇ ਲੱਕ ਤੇ ਭੱਜੇ ਦਿਲ ਘਰ ਨੂੰ ਆ ਰਹੇ।

ਲੋਕ-ਬਿਰਤਾਂਤਾਂ ਵਿਚ ਆਮ ਤੌਰ 'ਤੇ ਕਸ਼ਟ ਨਿਵਾਰਣ ਜਾਂ ਸੰਜੋਗੀ-ਮੇਲ ਦੇ ਸੰਕੇਤ ਮਿਲਦੇ ਹਨ। ਕਈ ਲੋਕ-ਕਥਾਵਾਂ ਵਿਚ ਨਾਇਕ ਜਾਂ ਨਾਇਕਾ ਉੱਤੇ ਔਖਾ ਵੇਲਾ ਆਉਂਦਾ ਹੈ ਤਾਂ ਕੋਈ ਮਨੁੱਖ ਜਾਂ ਦੈਵੀ ਸ਼ਕਤੀ ਉਸਦਾ ਕਸ਼ਟ ਨਿਵਾਰਨ ਲਈ ਪਰਗਟ ਹੁੰਦੀ ਹੈ। ਸੁੰਦਰੀ ਨਾਵਲ ਵਿਚ ਵੀ ਜਦੋਂ ਸੁੰਦਰੀ ਉੱਤੇ ਬਿਪਤਾ ਪੈਂਦੀ ਹੈ ਤਾਂ ਉਸਦਾ ਭਰਾ ਜੋ ਸਿੰਘ ਸੱਜ ਚੁੱਕਾ ਹੈ ਉਸ ਨੂੰ ਬਚਾਉਣ ਲਈ ਪਹੁੰਚ ਜਾਂਦਾ ਹੈ। ਇਸਦੇ ਨਾਲ ਹੀ ਭਾਈ ਵੀਰ ਸਿੰਘ ਨੇ ਸੁੰਦਰੀ ਨਾਵਲ ਵਿਚ ਪੰਜਾਬੀ ਲੋਕਧਾਰਾ ਵਿਭਿੰਨ ਵਰਤਾਰਿਆਂ, ਰਹਿਣ-ਸਹਿਣ, ਕੰਮ-ਧੰਦੇ, ਰੀਤੀ ਰਿਵਾਜਾਂ ਆਦਿ ਦੀ ਪੇਸ਼ਕਾਰੀ ਬੜੇ ਸੁਚੱਜੇ ਢੰਗ ਨਾਲ ਕੀਤੀ ਹੈ। ਭਾਈ ਵੀਰ ਸਿੰਘ ਨੇ ਕਈ ਤੱਥਾਂ ਨੂੰ ਪੇਸ਼ ਕਰਨ ਲਈ ਲੋਕ ਗੀਤਾਂ, ਧਾਰਮਿਕ ਗ੍ਰੰਥਾਂ ਅਤੇ ਗੁਰਬਾਣੀ ਦੀਆਂ ਪੰਕਤੀਆਂ ਦਾ ਹਵਾਲਾ ਵੀ ਦਿੱਤਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦਾ ਪ੍ਰਥਮ ਨਾਵਲ ਸੁੰਦਰੀ ਲੋਕਧਾਰਾਈ ਵੇਰਵਿਆਂ ਤੇ ਵਰਤਾਰਿਆਂ ਨਾਲ ਓਤ-ਪੋਤ ਹੈ। ਇਸ ਵਿਚ ਭਾਈ ਵੀਰ ਸਿੰਘ ਨੇ ਲੋਕਧਾਰਾਈ ਤੱਥਾਂ ਦੀ ਪੇਸ਼ਕਾਰੀ ਧਾਰਮਿਕ, ਇਤਿਹਾਸਕ, ਸਾਂਸਕ੍ਰਿਤਕ ਅਤੇ ਦਾਰਸ਼ਨਿਕ ਪੱਖ ਤੋਂ ਕੀਤੀ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ‘ਗੁਰਦਾਸ ਨੰਗਲ’ ਦਾ ਫ਼ੈਸਲਾਕੁੰਨ ਟਾਕਰਾ

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੇ ਗੁਰੂਕਾਲ ਦੇ ਆਖਰੀ ਸਮੇਂ 1708 ਈ. ਨੂੰ ਨਾਂਦੇੜ ਵਿਚ ਸਨ। ਉਸ ਸਮੇਂ ਮਾਧੋਦਾਸ ਨੇ ਨਾਂਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾਇਆ ਹੋਇਆ ਸੀ। ਉੱਥੇ ਆਪਣੀ ਯੋਗ ਵਿਦਿਆ ਨਾਲ ਲੋਕਾਂ ਨੂੰ ਭਰਮਾਉਣ ਲੱਗਾ। ਗੁਰੂ ਸਾਹਿਬ ਜੀ ਨੂੰ ਉਸ ਦੀਆਂ ਅਜਿਹੀਆਂ ਕਾਰਵਾਈਆਂ ਦੀ ਪੂਰੀ ਖ਼ਬਰ ਸੀ। ਸਤੰਬਰ 1708 ਈ. ਵਿਚ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸ ਦੇ ਟਿਕਾਣੇ ਜਾ ਮਿਲੇ। ਮਾਧੋਦਾਸ ਗੁਰੂ ਸਾਹਿਬ ਜੀ ਦੀ ਸ਼ਖਸੀਅਤ ਦਾ ਤੇਜ ਪ੍ਰਤਾਪ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਸਾਹਿਬ ਜੀ ਦਾ ਗੁਲਾਮ ਹੋ ਕੇ ਰਹਿ ਗਿਆ। ਉਸ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਇਸ ਬੰਦੇ ਤੇ ਆਪਣੇ ਰਹਿਮ ਦੀ ਕ੍ਰਿਪਾ ਕਰੋ। ਮੈਂ ਆਪ ਜੀ ਦਾ ਸੇਵਕ ਬੰਦਾ ਹਾ। ਗੁਰੂ ਸਾਹਿਬ ਜੀ ਨੂੰ ਵੀ ਉਸ ਸਮੇਂ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਕਿ ਉਨ੍ਹਾਂ ਨੂੰ ਉਹ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋਦਾਸ ਨੂੰ ਅੰਮ੍ਰਿਤ ਦੀ ਦਾਤ ਬਖ਼ਸ ਕੇ ਬੰਦਾ ਸਿੰਘ ਨਾਂ ਦਿੱਤਾ ਅਤੇ ਸਨਮਾਨ ਵਜੋਂ ਨਾਲ ‘ਬਹਾਦਰ’ ਜੋੜ ਦਿੱਤਾ। ਉਸ ਵੇਲੇ ਬਾਬਾ ਜੀ ਦੀ ਉਮਰ 38 ਸਾਲ ਸੀ। ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਗੁਰੂ ਪ੍ਰਤੀ ਗੰਭੀਰ ਨਿਸ਼ਠਾ ਸੀ। ਨਿਸ਼ਚੇ ਨਾਲ ਜੰਗ ਵਿਚ ਕਮਾਲ ਕਰ ਵਿਖਾਇਆ। ਸਰੀਰ ਪੱਖੋਂ ਭਾਵੇਂ ਸਾਵੇਂ ਸਨ, ਪਰ ਫੁਰਤੀਲੇ ਬਹੁਤ ਸਨ। ਇਹੀ ਉਨ੍ਹਾਂ ਦੀ ਬਹਾਦਰੀ ਦਾ ਕਰਤਬ ਸੀ। ਉਨ੍ਹਾਂ ਨੇ ਜੀਅ ਜਾਨ ਨਾਲ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ। ਜੋ ਉਨ੍ਹਾਂ ਨੂੰ ਪੰਥ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਲੰਮੇ ਸਮੇਂ ਦੇ ਸੰਘਰਸ਼ ਤੋਂ ਵਿਚਥਾਰ ਵਿਚ ਜਾਣੂ ਕਰਵਾਇਆ ਕਿ ਉਹ ਮਾਨਸਿਕ ਤੌਰ ’ਤੇ ਆਪਣੇ ਫਰਜ਼ ਲਈ ਤਿਆਰ ਹੋ ਸਕਣ। ਗੁਰੂ ਸਾਹਿਬ ਜੀ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਸਮੇਂ ਪੰਥ ਵਾਸਤੇ ਉਤਮ ਕਾਰਜ ਹੈ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਖ਼ਾਲਸਾ ਪੰਥ ਦੇ ਜਥੇਦਾਰ ਦੀ ਜਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਗੁਰੂ ਸਾਹਿਬ ਜੀ ਨੇ ਸਿੱਖਾਂ ਲਈ ਹੁਕਮਨਾਮੇ ਲਿਖ ਕੇ ਦਿੱਤੇ ਕਿ ਬੰਦਾ ਸਿੰਘ ਜੀ ਬਹਾਦਰ ਨੂੰ ਆਪਣਾ ਆਗੂ ਮੰਨਣ। ਮੁਗਲਾਂ ਵਿਰੁਧ ਆਰੰਭੀਆਂ ਜਾਣ ਵਾਲੀਆਂ ਜੰਗਾਂ ਵਿਚ ਉਨ੍ਹਾਂ ਦਾ ਸਾਥ ਦੇਣ। ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ ਦਿੱਤਾ। ਪੰਜ ਤੀਰ ਦਿੱਤੇ। ਪੰਜ ਸਿੰਘ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ਼ ਸਿੰਘ, ਬਾਬਾ ਦਇਆ ਸਿੰਘ ਅਤੇ ਭਾਈ ਰਣ ਸਿੰਘ ਸਲਾਹਕਾਰ ਤੋਰੇ। ਕੁਝ ਹਥਿਆਰ ਵੀ ਦਿੱਤੇ। ਗੁਰੂ ਸਾਹਿਬ ਜੀ ਦੇ ਦੱਸੇ ਰਾਹ ਤੇ ਇਹ ਕਾਫ਼ਲਾ ਅਕਤੂਬਰ 1708 ਨੂੰ ਪੰਜਾਬ ਵੱਲ ਵਧਿਆ।

ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਕੇ ਰੋਹਤਕ ਸੋਨੀਪਤ ਤੋਂ ਹੁੰਦਾ ਹੋਇਆ ਸਹੇੜੀ ਖੰਡਾ ਪਿੰਡ ਵਿਚ ਰੁਕਿਆ। ਇਥੋਂ ਬਾਬਾ ਜੀ ਨੇ ਸਫਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇਥੋਂ ਉਨ੍ਹਾਂ ਸੂਚਨਾ ਪੱਤਰ ਅਤੇ ਗੁਰੂ ਸਾਹਿਬ ਜੀ ਦੇ ਲਿਖੇ ਹੁਕਮਨਾਮੇ ਜਾਰੀ ਕੀਤੇ, ਕਿ ਹਥਿਆਰਬੰਦ ਹੋ ਕੇ ਪਿੰਡ ਸਹੇੜੀ ਖੰਡਾ ਸਿੰਘ ਪਹੁੰਚਣ। ਸਿੰਘਾਂ ਨੂੰ ਜੋ ਵੀ ਹਥਿਆਰ ਲੱਭਾ ਲੈ ਕੇ ਜਥਿਆਂ ਦੇ ਰੂਪ ਵਿਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਵਿਚੋਂ ਵੱਡੀ ਗਿਣਤੀ ਵਿਚ ਸਿੰਘ ਪਹੁੰਚੇ। ਜਿਨ੍ਹਾਂ ਵਿਚ ਭਾਈ ਭਗਤੂ ਦਾ ਪੋਤਰਾ ਫਤਹਿ ਸਿੰਘ, ਭਾਈ ਰੂਪੇ ਵਲੋਂ ਕਰਮ ਸਿੰਘ, ਧਰਮ ਸਿੰਘ ਅਤੇ ਨਗਾਹੀਆ ਸਿੰਘ ਤੇ ਚੂਹੜ ਸਿੰਘ ਜਥੇ ਲੈ ਕੇ ਪਹੁੰਚੇ। ਸਲੌਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੁਲਕੀਆਂ ਘਰਾਣੇ ਦੇ ਚੌਧਰੀ ਰਾਮ ਸਿੰਘ ਅਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਸਮਾਨ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸਹੇੜੀ ਖੰਡਾ ਧਰਮ ਯੁੱਧ ਦੀ ਇਕ ਵੱਡੀ ਫੌਜੀ ਛਾਉਣੀ ਦਾ ਕੇਂਦਰ ਬਣ ਗਿਆ।

ਇਥੋਂ ਬਾਬਾ ਜੀ ਦੀ ਜੰਗੀ ਮੁਹਿਮ ਸ਼ੁਰੂ ਹੁੰਦੀ ਹੈ। ਬਾਬਾ ਜੀ ਵਲੋਂ ਜੰਗਾਂ ਲੜੀਆਂ ਗਈਆਂ ਜਿਵੇਂ : ਸੋਨੀਪਤ, ਸਮਾਣਾ, ਚਪੜਚਿੜੀ, ਸਢੌਂਰਾ, ਲੋਹਗੜ੍ਹ, ਜੰਮੂ, ਰਾਹੋਂ, ਜਲਾਲਾਬਾਦ, ਸਰਹਿੰਦ ਅਤੇ ਵਿਸ਼ੇ ਅਧੀਨ ਗੁਰਦਾਸ ਨੰਗਲ (1 ਅਪ੍ਰੈਲ-7 ਦਸੰਬਰ 1715)

ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਦੀਆਂ ਜਿੱਤਾਂ ਨਾਲ ਉਹ ਪੰਜਾਬ ਵੱਲ ਆ ਨਿਤਰੇ। ਮੁਗਲ ਬਾਦਸ਼ਾਹ ਫਾਰੁਖ ਸਈਅਰ ਚੌਕੰਨਾ ਹੋ ਗਿਆ। ਮਾਰਚ 14, 1715 ਨੂੰ ਬਾਬਾ ਜੀ ਨੇ ਕਲਾਨੌਰ, ਬਟਾਲਾ ਅਤੇ ਰਾਏਪੁਰ ਤੇ ਕਬਜਾ ਕਰ ਲਿਆ। ਮਾਰਚ 15, 1715 ਨੂੰ ਬਹੁਤ ਸਾਰੇ ਹਿੰਦੂ ਮੁਸਲਮਾਨ ਸਰਦਾਰਾਂ ਨੂੰ ਮੁਗਲ ਬਾਦਸ਼ਾਹ ਦਾ ਹੁਕਮ ਹੋਇਆ ਕਿ ਆਪਣੀਆਂ ਫੌਜਾਂ ਤਿਆਰ ਕਰਕੇ ਅਬਦੁਲ ਸਮੁੰਦ ਖਾਨ ਦੀ ਫੌਜ ਵਿਚ ਲਾਹੌਰ ਵਿਖੇ ਸ਼ਾਮਲ ਹਣ। ਗੁਜਰਾਤ, ਐਮਨਾਬਾਦ, ਪਸਰੂਰ, ਬਟਾਲਾ, ਪੱਟੀ ਅਤੇ ਕਲਾਨੌਰ ਦੀਆਂ ਫੌਜਾਂ, ਉਪਰੰਤ ਕਟੌਚ ਅਤੇ ਜਸਰੋਦਾ ਦੇ ਹਿੰਦੂ ਰਾਜਿਆਂ ਨੇ ਲਾਹੌਰ ਤੋਂ ਇਕੱਠਿਆਂ ਬਾਬਾ ਜੀ ਵਿਰੁਧ ਵਧਣਾ ਸ਼ੁਰੂ ਕਰ ਦਿੱਤਾ।

ਸਿੰਘ ਲਾਹੌਰ ਤੋਂ 12 ਕੁ ਕੋਹ ਤੱਕ ਆ ਚੁੱਕੇ ਸਨ। ਬਾਬਾ ਜੀ ਨੇ ਬਟਾਲਾ ਅਤੇ ਕਲਾਨੌਰ ਵਿਚਕਾਰ ਕੋਟ ਮਿਰਜਾ ਜਾਨ ਪਿੰਡ ਵਿਚ ਕੱਚੀ ਗੜ੍ਹੀ ਬਣਾਉਣ ਦਾ ਫੈਸਲਾ ਕੀਤਾ। ਅਜੇ ਤਿਆਰੀਆਂ ਸ਼ੁਰੂ ਹੀ ਸਨ ਕਿ ਅਬਦੁਲ ਸਮੁੰਦ ਖਾਨ ਦੀਆਂ ਰਲਵੀਆਂ ਫੌਜਾਂ ਸਿਰ ਤੇ ਆਣ ਪੁੱਜੀਆਂ। ਸੀਅਰਲਮੁਤਾਖਰੀਨ ਦਾ ਲੇਖਕ ਦੱਸਦਾ ਹੈ ਕਿ ਬਾਬਾ ਜੀ ਨੇ ਅਜਿਹਾ ਡਟ ਕੇ ਟਾਕਰਾ ਕੀਤਾ ਕਿ ਇਕ ਵਾਰ ਤਾਂ ਵੈਰੀ ਦੇ ਪੈਰ ਉਖੜ ਗਏ ਸਨ। ਪਰ ਦੁਸ਼ਮਣ ਦੀ ਭਾਰੀ ਫੌਜ ਦਾ ਟਾਕਰਾ ਕੱਚੀ ਗੜ੍ਹੀ ਤੋਂ ਬਹੁਤੀ ਦੇਰ ਤੱਕ ਨਹੀਂ ਕੀਤਾ ਜਾ ਸਕਦਾ ਸੀ। ਬਾਬਾ ਜੀ ਨੂੰ ਉਥੋਂ ਟਿਕਾਣਾ ਬਦਲਣਾ ਪਿਆ। ਸਿੰਘਾਂ ਦੇ ਸ਼ਹੀਦ ਹੁੰਦੇ ਜਾਣ ਤੇ ਵੀ ਬਾਬਾ ਜੀ ਠਰਮੇ ਨਾਲ ਇਕ ਟਿਕਾਣੇ ਤੋਂ ਦੂਸਰੇ ਟਿਕਾਣੇ ਤੇ ਪਹੁੰਚੇ ਰਹੇ। ਵੈਰੀ ਦੀਆਂ ਫੌਜਾਂ ਤੇ ਕਾਬੂ ਪਾਉਂਦੇ ਗੁਰਦਾਸਪੁਰ ਵੱਲ ਵਧਦੇ ਗਏ।’

ਗੁਰਦਾਸਪੁਰ ਦੇ ਇਕ ਪੁਰਾਣੇ ਪਿੰਡ ਜਾ ਟਿਕਾਣਾ ਕੀਤਾ। ਇਸ ਢਹਿ ਢੇਰੀ ਹੋਏ ਪਿੰਡ ਨੂੰ ‘ਬੰਦੇ ਦੀ ਥੇਹ’ ਕਹਿੰਦੇ ਹਨ ਜੋ ਗੁਰਦਾਸਪੁਰ ਤੋਂ ਚਾਰ ਕੁ ਮੀਲ ਪੱਛਮ ਵੱਲ ਪਿੰਡ ਗੁਰਦਾਸ ਨੰਗਲ ਵਿਚ ਭਾਈ ਦੁਨੀ ਚੰਦ ਦੇ ਅਹਾਤੇ ਵਿਚ ਜਾ ਠਹਿਰੇ। ਸਬੱਬੀ ਦੁਆਲੇ ਉੱਚੀ ਪੱਕੀ ਕੰਧ ਦਾ ਆਸਰਾ ਸੀ। ਬਾਬਾ ਜੀ ਨੇ ਇਕ ਸਫ਼ਲ ਰਣਨੀਤੀਕਾਰ ਵਜੋਂ ਮੋਰਚਾ ਗੱਡ ਦਿੱਤਾ। ਜਲਦੀ ਹੀ ਰਾਸ਼ਨ ਪਾਣੀ ਅਤੇ ਜੰਗੀ ਸਮਾਨ ਅਸਲਾ ਆਦਿ ਜਮ੍ਹਾਂ ਕਰ ਲਿਆ। ਵੈਰੀ ਦੀ ਫੌਜ ਦੇ ਟਾਕਰੇ ਲਈ ਤਿਆਰ ਸਨ। ਨਾਲ ਲਗਦੀ ਇਕ ਖਾਈ ਵਿਚ ਨਹਿਰ ਦਾ ਪਾਣੀ ਕੱਟ ਕੇ ਭਰ ਲਿਆ। ਦੁਆਲੇ ਚਿੱਕੜ ਦਲ ਦਲ ਵਿਛਾ ਲਈ ਕਿ ਵੈਰੀ ਦੀ ਫੌਜ ਲਈ ਅੜਿੱਕਾ ਬਣਿਆ ਰਹੇ ਅਤੇ ਛੇਤੀ ਨਾਲ ਹਮਲਾ ਨਾ ਕਰ ਸਕੇ।

7 ਅਪ੍ਰੈਲ 1715 ਨੂੰ ਅਬਦੁਲ ਸਮੁੰਦ ਖਾਨ ਰਲਵੀਂ ਫੌਜ ਨਾਲ ਗੁਰਦਾਸ ਨੰਗਲ ਦੇ ਟਿਕਾਣੇ ਤੇ ਪੁੱਜ ਗਿਆ। ਵੈਰੀ ਨੇ ਵੀ ਆਪਣੇ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ। ਬਾਦਸ਼ਾਹ ਦਾ ਹੁਕਮ ਸੀ ਕਿ ਬਾਬਾ ਜੀ ਅਤੇ ਉਸ ਦੇ ਸਾਥੀਆਂ ਨੂੰ ਕੈਦ ਕਰ ਲਉ ਜਾਂ ਕਤਲ ਕਰ ਦਿਓ। ਸਿੰਘ ਉਸ ਵੇਲੇ ਪਿੰਡਾਂ ਵਿਚੋਂ ਦਾਣਾ ਫੱਕਾ, ਘਾਹ ਪੱਠਾ ਅਤੇ ਰਾਸ਼ਨ ਇਕੱਠਾ ਕਰਨ ਲਈ ਨਿਕਲੇ ਹੋਏ ਸਨ। ਉਹ ਸ਼ਾਹੀ ਫੌਜ ਦੇ ਹੱਥ ਆ ਗਏ। ਵੈਰੀਆਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਵੈਰੀ ਨੇ ਹਾਤੇ ਨੂੰ ਸਖਤ ਘੇਰਾ ਪਾ ਲਿਆ ਕਿ ਕੋਈ ਵੀ ਚੀਜ਼ ਸਿੰਘਾਂ ਤੱਕ ਅੰਦਰ ਨਾ ਪਹੁੰਚ ਸਕੇ।

ਇਬਰਤਨਾਮਾ ਦਾ ਲੇਖਕ ਮੁਹੰਮਦ ਕਾਸਿਮ ਮੌਕੇ ਦਾ ਗਵਾਹ ਲਿਖਦਾ ਹੈ ਕਿ ਸਿੰਘਾਂ ਦੀ ਬਹਾਦਰੀ ਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰਨ ਵਾਲੇ ਸਨ। ਰੋਜ਼ 40-50 ਸਿੰਘ ਹਾਤੇ ਤੋਂ ਬਾਹਰ ਆਉਂਦੇ ਘਾਹ ਪੱਠਾ ਰਾਸ਼ਨ ਇਕੱਠਾ ਕਰਦੇ, ਜਦ ਸ਼ਾਹੀ ਫੌਜ ਨਾਲ ਉਨ੍ਹਾਂ ਦਾ ਟਾਕਰਾ ਹੁੰਦਾ ਤਾਂ ਸਿੰਘ ਤੀਰ, ਬੰਦੂਕਾਂ ਤਲਵਾਰਾਂ ਨਾਲ ਵੈਰੀਆਂ ਦਾ ਖਾਤਮਾ ਕਰ ਦੇਂਦੇ। ਵੈਰੀ ਨੂੰ ਪਿੱਛੇ ਮੁੜਨਾ ਪੈਂਦਾ। ਵੈਰੀ ਨੂੰ ਸ਼ੱਕ ਸੀ ਕਿ ਬਾਬਾ ਜੀ ਕੋਲ ਵੱਡੀ ਫੌਜੀ ਅਤੇ ਬਹੁਤ ਸਾਰਾ ਜੰਗੀ ਸਮਾਨ ਅਤੇ ਕੀਮਤੀ ਵਸਤਾਂ ਹਨ। ਇਸ ਗੱਲੋਂ ਵੈਰੀ ਵੱਡਾ ਹਮਲਾ ਕਰਨ ਤੋਂ ਡਰਦੇ ਸਨ। ਉਨ੍ਹਾਂ ਦਾ ਝੜਪ ਲੈਣ ਦਾ ਹੌਂਸਲਾ ਨਾ ਪੈਂਦਾ। ਵੈਰੀ ਨਿੱਤ ਦੀਆਂ ਸਿੰਘਾਂ ਨਾਲ ਹੁੰਦੀਆਂ ਝੜਪਾਂ ਤੋਂ ਤੰਗ ਆ ਚੁੱਕੇ ਸਨ। ਵੈਰੀ ਕਹਿੰਦੇ ਕਿ ਕਿਸੇ ਤਰ੍ਹਾਂ ਬਾਬਾ ਜੀ ਦੇ ਸਿੰਘ ਉਨ੍ਹਾਂ ਨੂੰ ਹਾਤੇ ਵਿਚੋਂ ਭਜਾ ਕੇ ਲੈ ਜਾਣ ਅਤੇ ਸਾਡੀ ਜਾਨ ਛੁੱਟ ਜਾਵੇ। ਉਹ ਸਿੰਘਾਂ ਤੋਂ ਇਤਨੇ ਭੈਭੀਤ ਸਨ ਕਿ ਜਦੋਂ ਕੋਈ ਪੱਤਾ ਵੀ ਹਿਲਦਾ ਤਾਂ ਡਰ ਜਾਂਦੇ ਕਿ ਸਿੰਘ ਆ ਗਏ ਹਨ।

ਬਾਬਾ ਜੀ ਹਾਤੇ ਵਿਚ ਡਟੇ ਹੋਏ ਸਨ। ਬਾਹਰ ਵੱਡੀਆਂ ਫੌਜਾਂ ਸਨ। ਮੁਕਾਬਲਾ ਅਸਾਵਾਂ ਸੀ। ਸਿੰਘਾਂ ਨੇ ਸੰਸਾਰ ਭਰ ਵਿਚ ਸਭ ਤੋਂ ਵੱਡੀਆਂ ਅਤੇ ਲੰਬੀਆਂ ਗੁਰੀਲਾ ਜੰਗਾਂ ਲੜੀਆਂ ਹਨ। ਸਿੰਘ ਉਸੇ ਨੀਤੀ ਹੇਠ ਬਾਹਰ ਆਉਂਦੇ ਖਾਣ ਪੀਣ ਦੀਆਂ ਵਸਤਾਂ ਲੈ ਕੇ ਵਾਪਸ ਆ ਜਾਂਦੇ। ਵੈਰੀ ਨੇ ਹੁਣ ਘੇਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਤੰਬੂ ਹਾਤੇ ਦੇ ਨੇੜੇ ਆਉਣ ਲੱਗੇ। ਉਨ੍ਹਾਂ ਮਿੱਟੀ ਦੀਆਂ ਢੇਰਾਂ ਦੀਆਂ ਰੋਕਾਂ ਬਣਾ ਲਈਆਂ। ਝੜਪਾਂ ਵਿਚ ਸਿੰਘਾਂ ਨੇ ਕਈ ਵਾਰ ਵੈਰੀਆਂ ਦੀਆਂ ਰੋਕਾਂ ਤੋੜੀਆਂ, ਵੈਰੀਆਂ ਦੇ ਸਭ ਯਤਨ ਅਸਫਲ ਹੁੰਦੇ ਜਾ ਰਹੇ ਸਨ। ਇਸ ਤਰ੍ਹਾਂ ਕਈ ਮੌਸਮ ਅਤੇ ਕਈ ਮਹੀਨੇ ਲੰਘ ਗਏ। ਸੰਘਰਸ਼ ਜਾਰੀ ਰਿਹਾ। ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਵੀ ਹੋਇਆ।

ਵੈਰੀ ਨੇ ਸਿੰਘਾਂ ਦੀ ਘੇਰਾਬੰਦੀ ਦੁਆਲੇ ਘੇਰਾ ਹੋਰ ਕਸ ਲਿਆ। ਘੇਰਾ ਹੋਰ ਮਜਬੂਤ ਕਰਨ ਲਈ ਉਨ੍ਹਾਂ ਜੰਗਲ ਕਟਵਾ ਕੇ ਛਾਪੇ ਅਤੇ ਦਰੱਖਤ ਹਾਤੇ ਦੇ ਦੁਆਲੇ ਬੀੜ ਦਿੱਤੇ ਕਿ ਸਿੰਘ ਬਿਲਕੁਲ ਹੀ ਬਾਹਰ ਨਾ ਆ ਸਕਣ। ਅਜਿਹੇ ਸਮੇਂ ਵਿਚ ਸਿੰਘਾਂ ਨੇ ਰਬ ਤੇ ਨਿਸ਼ਚੇ ਅਤੇ ਸੂਰਬੀਰਤਾ ਦੀ ਮਿਸਾਲ ਸੰਸਾਰ ਵਿਚ ਪੈਦਾ ਕੀਤੀ। ਵੈਰੀ ਦਾ ਘੇਰਾ ਦਿਨੋ ਦਿਨ ਤੰਗ ਹੁੰਦਾ ਉਹ ਦਰਵਾਜੇ ਤੱਕ ਪਹੁੰਚ ਗਏ। ਸਿੰਘ ਹਾਤੇ ਵਿਚੋਂ ਅਜਿਹਾ ਹਮਲਾ ਕਰਦੇ ਕਿ ਵੈਰੀ ਟਾਕਰਾ ਕਰਨ ਦਾ ਹੌਂਸਲਾ ਨਾ ਕਰਦੇ। ਪਰ ਵੈਰੀ ਦਾ ਘੇਰਾ ਵਧਦਾ ਹੀ ਗਿਆ। ਸਿੱਟੇ ਵਜੋਂ ਸਿੰਘਾਂ ਲਈ ਬਾਹਰੋਂ ਕੁੱਝ ਵੀ ਲਿਆਉਣਾ ਅਸੰਭਵ ਹੋ ਗਿਆ। ਸਿੰਘਾਂ ਦਾ ਪਹਿਲਾਂ ਕੀਤਾ ਭੰਡਾਰ ਖਤਮ ਹੋ ਗਿਆ। ਅੱਠ ਮਹੀਨੇ ਦੇ ਲੰਬੇ ਘੇਰੇ ਨੇ ਉਨ੍ਹਾਂ ਦਾ ਸਭ ਰਾਸ਼ਨ ਤੇ ਸਮਾਨ ਮੁਕਾ ਦਿੱਤਾ। ਸਿੰਘਾਂ ਦੀ ਹਾਲਤ ਭੁੱਖਮਰੀ ਤੇ ਆ ਗਈ। ਜਿਨ੍ਹਾਂ ਸਿੰਘਾਂ ਨੂੰ ਕਦੇ ਵੱਡੀਆਂ ਫੌਜਾਂ ਨਾ ਮੁਕਾ ਸਕਦੀਆਂ। ਅੱਜ ਉਹ ਭੁੱਖ ਨਾਲ ਭੰਨੇ ਗਏ। ਉਹ ਭੁੱਖ ਨਾਲ ਬੜੇ ਦੁਖੀ ਹੋ ਗਏ। ਉਨ੍ਹਾਂ ਤੇ ਬੜੇ ਕੜਾਕੇ ਦੇ ਦਿਨ ਸਨ।

ਇਸ ਮੌਕੇ ਤੇ ਬਾਬਾ ਬਿਨੋਦ ਸਿੰਘ ਅਤੇ ਬਾਬਾ ਜੀ ਵਿਚਕਾਰ ਮਤਭੇਦ ਹੋ ਗਏ। ਬਾਬਾ ਜੀ ਦਾ ਨਿਸ਼ਚਾ ਅੰਤ ਤੱਕ ਡਟੇ ਰਹਿਣ ਦਾ ਸੀ ਨਾ ਕਿ ਉਥੋਂ ਭੱਜ ਜਾਣ ਦਾ ਸੀ। ਬਾਬਾ ਬਿਨੋਦ ਸਿੰਘ ਜੀ ਦਾ ਫੈਸਲਾਕੁੰਨ ਨਿਰਣਾ ਸੀ ਕਿ ਹੰਭਲਾ ਮਾਰ ਕੇ ਨਿਕਲ ਜਾਣਾ ਚਾਹੀਦਾ ਹੈ। ਬਾਬਾ ਜੀ ਘੇਰੇ ਵਿਚੋਂ ਵੈਰੀ ਨਾਲ ਮੁਕਾਬਲਾ ਕਰਦੇ ਨਿਕਲ ਗਏ।ਅਨਾਜ ਦੀ ਅਣਹੋਂਦ ਨਾਲ ਸਿੰਘਾਂ ਦੇ ਸਿਰ ਤੇ ਭੁੱਖ ਦਾ ਭੂਤ ਸਵਾਰ ਸੀ। ਜਦੋਂ ਕੋਈ ਚਾਰਾ ਨਾ ਰਿਹਾ ਤਾਂ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ। ਭੁੱਖ ਦੇ ਦੁੱਖ ਨੇ ਸਿੰਘਾਂ ਨੂੰ ਘੋੜੇ ਖਾਣੇ ਪਏ। ਚਲਦਿਆਂ ਇਸੇ ਤਰ੍ਹਾਂ ਬਲਦ ਜਾਂ ਜਿਹੜਾ ਵੀ ਜਾਨਵਰ ਲੱਭਾ ਖਾਧਾ, ਉਨ੍ਹਾਂ ਕੋਲ ਬਾਲਣ ਵੀ ਨਹੀਂ ਸੀ। ਇਸ ਲਈ ਉਹ ਕੱਚਾ ਮਾਸ ਖਾਣ ਲੱਗੇ। ਬਹੁਤ ਸਾਰੇ ਪੇਚਸ਼ ਅਤੇ ਭੁੱਖਮਰੀ ਨਾਲ ਸ਼ਹੀਦ ਹੁੰਦੇ ਗਏ। ਉਹ ਘਾਹ ਪੱਠਾ, ਦਰੱਖਤਾਂ ਦੇ ਛਿੱਲ ਟਾਹਣੀਆ ਦਾ ਆਟਾ ਪੀਹ ਕੇ ਖਾਂਦੇ ਰਹੇ। ਉਹ ਹੁਣ ਸਿਰਫ਼ ਆਪਣੀ ਜਾਨ ਬਚਾਉਣ ਲਈ ਜੂਝ ਰਹੇ ਸਨ। ਉਹ ਜਾਨਵਰਾਂ ਦੀਆਂ ਹੱਡੀਆਂ ਪੀਹ ਕੇ ਖਾਂਦੇ ਰਹੇ। ਕੁਝ ਸਿੰਘਾਂ ਨੇ ਆਪਣੇ ਪੱਟਾਂ ਦਾ ਮਾਸ ਤੱਕ ਖਾਧਾ, ਮੁਹੰਮਦ ਹਾਦੀ ਕਾਮਵਰਖਾਨ ਲਿਖਦਾ ਹੈ ਕਿ ਅਜਿਹੀ ਹਾਲਤ ਵਿਚ ਵੀ ਸਿੰਘਾਂ ਨੇ 8 ਮਹੀਨੇ ਤੱਕ ਰਲਵੀਂ ਫੌਜ ਦਾ ਟਾਕਰਾ ਕੀਤਾ ਪਰ ਕਿਸੇ ਨੇ ਆਤਮ ਸਮਰਪਣ ਕਰਨ ਦਾ ਸੋਚਿਆ ਤੱਕ ਵੀ ਨਹੀਂ।

ਪਰ ਇਹ ਕਿੰਨੀ ਕੁ ਦੇਰ ਤੱਕ ਚਲ ਸਕਦਾ ਸੀ। ਲਗਾਤਾਰ ਭੁੱਖਮਰੀ ਅਤੇ ਅਣਮਨੁੱਖੀ ਖੁਰਾਕ ਨਾਲ ਉਨ੍ਹਾਂ ਨੂੰ ਖੂਨੀ ਦਸਤ ਲਗ ਗਏ। ਸੂਰਬੀਰ ਸਰੀਰ ਤਬਾਹ ਹੋ ਗਏ। ਇਸ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੁੰਦੇ ਗਏ। ਮਰ ਗਏ ਅਤੇ ਮਰ ਰਹੇ ਸਿੰਘਾਂ ਦੇ ਸਰੀਰਾਂ ਨਾਲ ਜਾਨਵਰਾਂ ਦੀਆਂ ਸੜੀਆਂ ਗਲੀਆਂ ਲਾਸ਼ਾਂ ਦੀ ਦੁਰਗੰਧ ਆਉਣ ਲੱਗੀ। ਸਾਹ ਲੈਣਾ ਵੀ ਮੁਸ਼ਕਲ ਹੋ ਰਿਹਾ ਸੀ। ਮਨੁੱਖ ਦੇ ਰਹਿਣ ਜੋਗੀ ਜਗ੍ਹਾ ਨਹੀਂ ਸੀ ਇਹ ਹਾਤਾ। ਬਚ ਗਏ ਸਿੰਘ ਕਮਜ਼ੋਰ ਅਤੇ ਪਿੰਜਰ ਰਹਿ ਗਏ ਸਨ। ਸੁੱਕ ਕੇ ਤੀਲਾ ਹੋ ਗਏ ਸਨ ਸਰੀਰ, ਸਿੰਘ ਮਰਿਆਂ ਬਰਾਬਰ ਸਨ।

ਸਤਹੀਣ ਸਿੰਘ ਜੋ ਸੂਰਬੀਰ ਸਨ ਆਪਣੇ ਹਥਿਆਰ ਵੀ ਨਹੀਂ ਚੱਕ ਸਕਦੇ ਸਨ। ਉਨ੍ਹਾਂ ਦਾ ਜੰਗੀ ਸਮਾਨ ਖਤਮ ਹੋਣ ਤੇ ਸੀ। ਉਹ ਹੁਣ ਵਿਰੋਧ ਨਹੀਂ ਕਰ ਸਕਦੇ ਸਨ। ਬਚਾਅ ਵੀ ਨਹੀਂ ਕਰ ਸਕਦੇ ਸਨ। ਫਿਰ ਵੀ ਆਤਮ ਸਮਰਪਣ ਨਹੀਂ ਕੀਤਾ। ਅੱਠ ਹਜ਼ਾਰ ਸਿੰਘ ਸ਼ਹੀਦ ਹੋ ਚੁੱਕੇ ਸਨ।

ਅੱਠ ਮਹੀਨੇ ਦੇ ਘੇਰੇ ਤੋਂ ਬਾਅਦ 7 ਦਸੰਬਰ, 1715 ਨੂੰ ਮੁਗਲ ਫੌਜਾਂ ਨੇ ਹਾਤੇ ਤੇ ਕਬਜਾ ਕਰ ਲਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਮਜਬੂਰ ਤਿੰਨ ਸੌ ਸਿੰਘਾਂ ਦੇ ਹੱਥ ਪੈਰ ਬੰਨ੍ਹ ਕੇ ਮੁਗਲ ਸੈਨਿਕਾਂ ਦੇ ਹਵਾਲੇ ਕਰ ਦਿੱਤੇ। ਜਿਨ੍ਹਾਂ ਨੇ ਬੜੀ ਬੇਰਹਿਮੀ ਨਾਲ ਉਨ੍ਹਾਂ ਦੇ ਸੀਸ ਵੱਢ ਦਿੱਤੇ। ਸ਼ਹੀਦ ਸਿੰਘਾਂ ਦੇ ਪੇਟ ਚਾਕ ਕੀਤੇ ਗਏ ਕਿ ਉਨ੍ਹਾਂ ਸੋਨੇ ਦੀਆਂ ਮੋਹਰਾਂ ਨਿਗਲ ਲਈਆਂ ਹੋਣਗੀਆਂ, ਪਰ ਕੁਝ ਨਾ ਲੱਭਾ। ਸ਼ਹੀਦ ਸਿੰਘਾਂ ਦੇ ਸੀਸ ਨੇਜਿਆਂ ਤੇ ਟੰਗ ਲਏ। ਬਾਬਾ ਜੀ ਦੀ ਸੁਪਤਨੀ ਤੇ ਉਨ੍ਹਾਂ ਦੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵੈਰੀ ਦੀਆਂ ਫੌਜਾਂ ਨੇ ਗੁਰਦਾਸ ਨਗਲ ਦਾ ਪਿੰਡ ਬਰਬਾਦ ਕਰ ਕੇ ਥੇਹ ਬਣਾ ਦਿੱਤਾ, ਜੋ ‘ਬੰਦੇ ਵਾਲੀ ਥੇਹ’ ਦੇ ਨਾਂ ਤੇ ਪ੍ਰਸਿੱਧ ਹੋਇਆ।

ਬਾਬਾ ਜੀ ਦੇ ਘੇਰ ਵਿਚੋਂ ਫੜੇ ਜਾਣ ਤੇ ਜੋ ਸਮਾਨ ਮਿਲਿਆ ਜਿਵੇਂ ਤਲਵਾਰਾਂ, ਢਾਲਾਂ, ਕ੍ਰਿਪਾਨਾਂ, ਤੀਰ ਕਮਾਨ, ਰੁਪਏ, ਸੋਨੇ ਦੀਆਂ ਮੋਹਰਾਂ, ਕੀਮਤੀ ਗਹਿਣੇ, ਤੋੜੇਦਾਰ ਬੰਦੂਕਾਂ, ਕਟਾਰਾਂ ਛੁਰੇ ਆਦਿ ਮੁਗਲ ਫੌਜਾਂ ਕਹਿ ਉਠੀਆਂ ਕਿ ਇਨੇ ਘੱਟ ਸਮਾਨ ਅਤੇ ਸਾਧਨਾਂ ਦੇ ਹੁੰਦੇ ਵੀ ਸਿੰਘਾਂ ਨੇ ਇਕ ਵੱਡਾ ਫੈਸਲਾਕੁੰਨ ਟਾਕਰਾ ਕੀਤਾ ਹੈ।

ਬਾਬਾ ਜੀ ਦੇ ਘੇਰੇ ਵਿਚੋਂ ਫੜੇ ਜਾਣ ਦੀ ਖ਼ਬਰ ਮੁਗਲ ਬਾਦਸ਼ਾਹ ਫਾਰੂਖਸੀਅਰ ਨੂੰ 12 ਦਸੰਬਰ 1715 ਨੂੰ ਮਿਲੀ। ਬਾਦਸ਼ਾਹ ਨੇ ਖੁਸ਼ੀਆਂ ਦੇ ਜਸ਼ਨ ਮਨਾਏ ਅਤੇ ਫੌਜਾਂ ਨੂੰ ਇਨਾਮ ਦਿੱਤੇ। ਮੁਹੰਮਦ ਹਾਦੀ ਕਾਮਵਾਰਖਾਨ ਲਿਖਦਾ ਹੈ ਕਿ ਇਹ ਕਿਸੇ ਵੀ ਅਕਲਮੰਦੀ ਜਾਂ ਬਹਾਦਰੀ ਦਾ ਨਤੀਜਾ ਨਹੀਂ ਹੈ। ਬਲਕਿ ਰੱਬ ਦੀ ਰਜ਼ਾ ਸੀ ਕਿ ਅਜਿਹੋ ਹੋ ਗਿਆ। ਨਹੀਂ ਤਾਂ ਦੁਨੀਆ ਨੂੰ ਪਤਾ ਹੀ ਹੈ ਕਿ ਬਾਦਸ਼ਾਹ ਬਹਾਦਰ ਸ਼ਾਹ ਨੇ ਬੰਦੇ ਦੀ ਬਗਾਵਤ ਦਬਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਹੁਣ ਉਹ ਕਾਫ਼ਰ ਸਿੱਖ ਅਤੇ ਸਿੰਘਾਂ ਨੂੰ ਭੁੱਖ ਦੇ ਅਧੀਨ ਹੋਣ ਲਈ ਮਜ਼ਬੂਰ ਕਰ ਦਿੱਤਾ ਹੈ।





# ਸਿਹਤ ਸੰਭਾਲ

## ਮਨੁੱਖ ਨੂੰ ਸਿਹਤਮੰਦ ਰੱਖਦੇ ਹਨ ਫ਼ਲ

ਹਰਸਿਮਰਤ ਕੌਰ ਬੈਂਸ/
ਅਰਵਿੰਦ ਪ੍ਰੀਤ ਕੌਰ

ਫਲ ਸਾਡੀ ਖ਼ੁਰਾਕ ਦਾ ਅਹਿਮ ਹਿੱਸਾ ਹਨ। ਇਹ ਸਾਡੀ ਵਿਟਾਮਿਨ ਅਤੇ ਖਣਿਜ ਦੀ ਲੋੜ ਨੂੰ ਪੂਰਾ ਕਰ ਕੇ ਸਾਨੂੰ ਸਿਹਤਮੰਦ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਰੱਖਦੇ ਹਨ। ਪੰਜਾਬ ਦੇ ਮੁੱਖ ਫਲਾਂ ਵਿੱਚ ਕਿੰਨੂ, ਅਮਰੂਦ, ਅੰਬ, ਨਾਸ਼ਪਤੀ, ਲੀਚੀ, ਆੜੂ ਹਨ, ਇਸ ਤੋਂ ਇਲਾਵਾ ਨਿੰਬੂ, ਆਂਵਲਾ, ਅੰਗੂਰ, ਕੇਲਾ, ਅਨਾਰ, ਪਪੀਤਾ, ਚੀਕੂ ਆਦਿ ਦੀ ਖੇਤੀ ਪੰਜਾਬ ਵਿੱਚ ਕੀਤੀ ਜਾਂਦੀ ਹੈ। ਇਨ੍ਹਾਂ ਫਲਾਂ ਵਿੱਚ ਵਿਟਾਮਿਨ ਸੀ, ਵਿਟਾਮਿਨ ਏ, ਵਿਟਾਮਿਨ ਬੀ; ਧਾਤਾਂ ਜਿਵੇਂ ਕਿ ਕੈਲਸ਼ੀਅਮ, ਫ਼ਾਸਫ਼ੋਰਸ, ਲੋਹਾ, ਪੋਟਾਸ਼ੀਅਮ ਦੀ ਭਰਪੂਰ ਮਾਤਰਾ ਹੁੰਦੀ ਹੈ। ਵਿਟਾਮਿਨ ਅਤੇ ਧਾਤਾਂ ਤੋਂ ਇਲਾਵਾ ਫਲਾਂ ਵਿੱਚ ਫਾਇਟੋਕੈਮੀਕਲ ਜਿਸ ਵਿੱਚ ਕੈਰੋਟਿਨੋਇਡਜ਼, ਫ਼ਲੇਵੋਨੋਇਡਜ਼, ਐਂਥੋਸਾਇਨਿਨ, ਰੀਸੇਵਰਟ੍ਰੋਲ ਆਦਿ ਸ਼ਾਮਲ ਹਨ। ਇਨ੍ਹਾਂ ਵਿੱਚ ਐਂਟੀਔਕਸੀਡੈਂਟ ਅਤੇ ਐਂਟੀਇਨਫਲੇਮੇਟਰੀ ਗੁਣ ਵੀ ਹੁੰਦੇ ਹਨ ਜੋ ਸਿਹਤ ਲਈ ਬਹੁਤ ਲਾਭਦਾਇਕ ਹਨ। ਫਲਾਂ ਵਿੱਚ ਊਰਜਾ ਦੀ ਘੱਟ ਮਾਤਰਾ ਮੋਟਾਪੇ ਅਤੇ ਇਸ ਤੋ ਹੋਣ ਵਾਲੇ ਰੋਗ ਜਿਵੇਂ ਸ਼ੂਗਰ, ਦਿਲ ਦੀਆਂ ਬਿਮਾਰਿਆਂ, ਹਾਈ ਬਲੱਡ ਪ੍ਰੈਸ਼ਰ, ਹਾਈ ਕੋਲੈਸਟ੍ਰੋਲ ਤੋਂ ਬਚਾਉਂਦੀਆਂਹਨ। ਫਾਇਟੋਕੈਮੀਕਲ ਮਨੁੱਖੀ ਸਰੀਰ ਲਈ ਲਾਭਦਾਇਕ ਹਨ, ਇਹ ਜ਼ਹਿਰੀਲ਼ੇ ਮਾਦੇ ਨੂੰ ਸਰੀਰ ਵਿੱਚ ਜਮ੍ਹਾਂ ਨਹੀਂ ਹੋਣ ਦਿੰਦਾ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਵੀ ਬਚਾਉਂਦੇ ਹਨ।

ਫਲਾਂ ਦਾ ਭਰਪੂਰ ਲਾਭ ਲੈਣ ਲਈ ਕਈ ਰੰਗਾਂ ਦੇ ਫਲਾਂ ਨੂੰ ਆਪਣੇ ਖ਼ੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਫਲਾਂ ਦੇ ਲਾਭਾਂ ਨੂੰ ਇਨ੍ਹਾਂ ਦੇ ਰੰਗਾਂ ਨਾਲ ਜੋੜ ਕੇ ਆਸਾਨੀ ਨਾਲ ਯਾਦ ਰੱਖਿਆ ਜਾ ਸਕਦਾ ਹੈ। ਵੱਖ-ਵੱਖ ਰੰਗਾਂ ਦੇ ਫਲ ਖਾਣ ਨਾਲ ਕਈ ਤਰ੍ਹਾਂ ਦੇ ਫ਼ਾਇਦੇ ਮਿਲਦੇ ਹਨ ਅਤੇ ਕਈ ਫਲਾਂ ਦਾ ਰੰਗ ਇਨ੍ਹਾਂ ਦੇ ਫਾਇਟੋਕੈਮੀਕਲ ਕਰ ਕੇ ਹੀ ਹੁੰਦਾ ਹੈ। ਲਾਲ ਫਲ ਜਿਵੇਂ ਅਨਾਰ, ਸਟ੍ਰਾਬਰੀ ਵਿੱਚ ਲਾਇਕੋਪੀਨ ਹੁੰਦਾ ਹੈ, ਜੋ ਸਰੀਰ ਨੂੰ ਪ੍ਰੋਸਟਰੇਟ ਕੈਂਸਰ, ਦਿਲ ਅਤੇ ਫੇਫੜਿਆਂ ਦੀ ਬਿਮਾਰੀ ਤੋਂ ਬਚਾਉਂਦਾ ਹੈ। ਸੰਤਰੀ ਅਤੇ ਪੀਲੇ ਫਲ ਜਿਵੇਂ ਕਿੰਨੂ, ਮਾਲਟਾ, ਪਪੀਤਾ ਆਦਿ ਵਿੱਚ ਵਿਟਾਮਿਨ ਸੀ ਅਤੇ ਕੈਰੋਟਿਨੋਇਡਜ਼ ਪਾਏ ਜਾਂਦੇ ਹਨ, ਕੈਰੋਟਿਨੋਇਡਜ਼ ਦੀ ਇੱਕ ਕਿਸਮ, ਬੀਟਾ-ਕੈਰੋਟੀਨ, ਸਰੀਰ ਦੇ ਅੰਦਰ ਵਿਟਾਮਿਨ ਏ ਵਿੱਚ ਤਬਦੀਲ ਹੋ ਜਾਂਦੀ ਹੈ ਜੋ ਅੱਖਾਂ ਲਈ ਲਾਭਦਾਇਕ ਹੈ, ਵਿਟਾਮਿਨ ਏ ਦੀ ਕਮੀ ਅੱਖਾਂ ਕਮਜ਼ੋਰ ਕਰਦੀ ਹੈ। ਜਾਮਨੀ ਅੰਗੂਰ (34.39 ਮਿਲੀਗ੍ਰਾਮ/100 ਗ੍ਰਾਮ, ਆਲੂ ਬੁਖਾਰਾ (12.67 ਮਿਲੀਗ੍ਰਾਮ/100 ਗ੍ਰਾਮ) ਅਤੇ ਅੰਜੀਰ (9.65 ਮਿਲੀਗ੍ਰਾਮ/100 ਗ੍ਰਾਮ) ਵਰਗੇ ਫਲ ਐਂਥੋਸਾਇਨਿਨ ਨਾਲ ਭਰਪੂਰ ਹੁੰਦੇ ਹਨ ਜੋ ਕਈ ਕਿਸਮ ਦੇ ਕੈਂਸਰ ਨੂੰ ਰੋਕਣ ਵਿੱਚ ਸਹਾਇਕ ਹਨ। ਕਿੰਨੂ ਵਿੱਚ ਵਿਟਾਮਿਨ ਸੀ ਦੀ ਮਾਤਰਾ 27.47 ਮਿਲੀਗ੍ਰਾਮ/100 ਗ੍ਰਾਮ ਅਤੇ ਬੀਟਾ-ਕੈਰੋਟੀਨ ਦੀ ਮਾਤਰਾ 0.62 ਮਿਲੀਗ੍ਰਾਮ/100 ਗ੍ਰਾਮ ਦੇ ਆਸਪਾਸ ਹੁੰਦੀ ਹੈ। ਪਪੀਤੇ ਵਿੱਚ ਵਿਟਾਮਿਨ ਏ ਦੀ ਮਾਤਰਾ 2500 ਆਈਯੂ ਅਤੇ ਵਿਟਾਮਿਨ ਸੀ ਦੀ ਮਾਤਰਾ 85 ਮਿਲੀਗ੍ਰਾਮ/100 ਗ੍ਰਾਮ ਹੁੰਦੀ ਹੈ। ਅੰਬ ਵੀ ਬੀਟਾ-ਕੈਰੋਟੀਨ (4800 ਆਈਯੂ) ਅਤੇ ਵਿਟਾਮਿਨ ਸੀ (13 ਮਿਲੀਗ੍ਰਾਮ/100 ਗ੍ਰਾਮ) ਨਾਲ ਭਰਪੂਰ ਹੁੰਦਾ ਹੈ।



ਨਿੰਬੂ ਵਿੱਚ ਹੇਸਪਰੀਡਿਨ ਨਾਮ ਦਾ ਇੱਕ ਫਾਇਟੋਕੈਮੀਕਲ ਹੁੰਦਾ ਹੈ, ਜੋ ਖ਼ੂਨ ਦੇ ਪ੍ਰਵਾਹ ਨੂੰ ਵਧਾਉਂਦਾ ਹੈ ਤੇ ਦਿਲ ਦੇ ਦੌਰੇ ਦੇ ਜੋਖ਼ਮ ਨੂੰ ਘਟਾਉਂਦਾ ਹੈ। ਬੀਟਾ-ਕੈਰੋਟੀਨ ਤੋਂ ਇਲਾਵਾ ਸੰਤਰੀ ਅਤੇ ਪੀਲੇ ਫਲ ਵਿੱਚ ਅਲਫ਼ਾ-ਕੈਰੋਟੀਨ ਕਈ ਕਿਸਮ ਦੇ ਕੈਂਸਰ ਦੇ ਜੋਖ਼ਮ ਨੂੰ ਘਟਾਉਂਦਾ ਹੈ।



ਨੀਲੇ ਅਤੇ ਜਾਮਨੀ ਰੰਗਾਂ ਦੇ ਫਲ ਜਿਵੇਂ ਜਾਮਨੀ/ਕਾਲੇ ਅੰਗੂਰ, ਅਲੂਚਾ ਆਦਿ ਵਿੱਚ ਐਂਥੋਸਾਇਨਿਨਜ਼ ਹੁੰਦੇ ਹਨ, ਜੋ ਦਿਲ ਦੀ ਬਿਮਾਰੀ, ਮੋਟਾਪਾ, ਸ਼ੂਗਰ ਆਦਿ ਬਿਮਾਰੀਆਂ ਦੇ ਜੋਖ਼ਮ ਘੱਟ ਕਰਦਾ ਹੈ।

ਹਰੇ ਫਲ ਵਿੱਚ ਜਿਵੇਂ ਕਿ ਨਾਸ਼ਪਾਤੀ, ਹਰੇ ਅਮਰੂਦ, ਹਰੇ ਅੰਗੂਰ, ਕੀਵੀ ਵਿੱਚ ਕਲੋਰੋਫਿਲ ਹੁੰਦਾ ਹੈ, ਇਸ ਤੋਂ ਇਲਾਵਾ, ਲੀਊਟਿਨ ਅਤੇ ਜ਼ੀਜੇਨਨਿਥ ਵੀ ਪਾਏ ਜਾਂਦੇ ਹਨ, ਜੋ ਐਂਟੀਆਕਸੀਡੈਂਟ ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਅੱਖਾਂ ਤੇ ਚਮੜੀ ਰੋਗ ਤੋਂ ਬਚਾਉਂਦੇ ਹਨ। ਹਰੇ ਫਲ ਜਿਵੇ ਆਮਲਾ ਵਿਟਾਮਿਨ ਸੀ (540 ਮਿਲੀਗ੍ਰਾਮ/100 ਗ੍ਰਾਮ) ਦੀ ਭਰਪੂਰ ਮਾਤਰਾ ਪਾਈ ਜਾਂਦੀ ਹੈ। ਨਾਸ਼ਪਾਤੀ ਖਣਿਜ ਤੱਤਾਂ ਦਾ ਚੰਗਾ ਸਰੋਤ ਹੈ, ਇਸ ਵਿੱਚ ਕੈਲਸ਼ੀਅਮ (8 ਮਿਲੀਗ੍ਰਾਮ/100 ਗ੍ਰਾਮ), ਫਾਸਫੋਰਸ (15 ਮਿਲੀਗ੍ਰਾਮ/100 ਗ੍ਰਾਮ) ਅਤੇ ਲੋਹੇ ਦੀ ਮਾਤਰਾ (0.5 ਮਿਲੀਗ੍ਰਾਮ/100 ਗ੍ਰਾਮ) ਹੈ। ਚਿੱਟੇ ਅਤੇ ਭੂਰੇ ਫਲ ਕੇਲੇ, ਚੀਕੂ, ਖਜੂਰ ਆਦਿ ਵਿੱਚ ਕਲੈਸਟਰੋਲ ਅਤੇ ਸੋਡੀਅਮ ਦੀ ਮਾਤਰਾ ਘੱਟ ਹੁੰਦੀ ਹੈ, ਇਸ ਲਈ ਇਹ ਬਲੱਡ ਪ੍ਰੈਸ਼ਰ ਠੀਕ ਰੱਖਦੇ ਹਨ, ਨਾਲ ਹੀ ਕੇਲਾ ਯੂਰਿਕ ਐਸਿਡ ਨਹੀਂ ਬਣਾਉਂਦਾ, ਇਸ ਲਈ ਜੋੜਾਂ ਦੇ ਦਰਦ ਵੀ ਘਟਾਉਂਦਾ ਹੈ। ਚੀਕੂ ਰੇਸ਼ੇ, ਕੈਲਸ਼ੀਅਮ, ਫਾਸਫੋਰਸ ਅਤੇ ਲੋਹੇ ਦਾ ਚੰਗਾ ਸਰੋਤ ਹੈ।

ਕੇਲੇ ਕੈਲੋਰੀਜ ਦੇ ਨਾਲ-ਨਾਲ ਖਣਿਜਾਂ ਨਾਲ ਭਰਪੂਰ ਹੁੰਦੇ ਹਨ, (ਪੋਟਾਸ਼ੀਅਮ 1491 ਮਿਲੀਗ੍ਰਾਮ/100 ਗ੍ਰਾਮ, ਫਾਸਫੋਰਸ 74 ਮਿਲੀਗ੍ਰਾਮ/100 ਗ੍ਰਾਮ), ਕੈਲਸ਼ੀਅਮ 22 ਮਿਲੀਗ੍ਰਾਮ/100 ਗ੍ਰਾਮ)। ਭੂਰੇ ਫਲ ਜਿਵੇਂ ਖਜੂਰ ਕੈਲਸ਼ੀਅਮ (39 ਮਿਲੀਗ੍ਰਾਮ/100 ਗ੍ਰਾਮ), ਫਾਸਫੋਰਸ (63 ਮਿਲੀਗ੍ਰਾਮ/100 ਗ੍ਰਾਮ), ਪੋਟਾਸ਼ੀਅਮ (656 ਮਿਲੀਗ੍ਰਾਮ/100 ਗ੍ਰਾਮ) ਵਿੱਚ ਭਰਪੂਰ ਹੁੰਦੇ ਹਨ। ਚੀਕੂ ਵਿੱਚ ਵੀ ਖਣਿਜ ਤੱਤਾਂ ਦੀ ਚੰਗੀ ਮਾਤਰਾ ਹੈ ਕੈਲਸ਼ੀਅਮ (28 ਮਿਲੀਗ੍ਰਾਮ/100 ਗ੍ਰਾਮ), ਫਾਸਫੋਰਸ (27 ਮਿਲੀਗ੍ਰਾਮ/100 ਗ੍ਰਾਮ), ਲੋਹਾ (2 ਮਿਲੀਗ੍ਰਾਮ/100 ਗ੍ਰਾਮ, ਇਸ ਤੋਂ ਇਲਾਵਾ ਕੈਰੋਟਿਨ (97 ਆਈਯੂ ) ਵੀ ਪਾਇਆ ਜਾਂਦਾ ਹੈ।

ਫਲ ਸਾਡੀ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇਹਨ। ਅੰਬ, ਆਮਲਾ, ਸਟ੍ਰਾਬਰੀ, ਅੰਗੂਰ, ਅਮਰੂਦ, ਨਿੰਬੂ, ਕਿੰਨੂ ਬੀਟਾ ਕੈਰੋਟੀਨ ਅਤੇ ਵਿਟਾਮਿਨ ਸੀ ਨਾਲ ਭਰਪੂਰ ਹਨ, ਇਨ੍ਹਾਂ ਫਲਾਂ ਦਾ ਸੇਵਨ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਕਰਦਾ ਹੈ। ਵਿਟਾਮਿਨ ਸੀ ਚਿੱਟੇ ਲਹੂ ਦੇ ਸੈੱਲਾਂ ਨੂੰ ਵਧਾਉਂਦਾ ਹੈ ਜੋ ਰੋਗ ਨਾਲ ਲੜਨ ਵਿੱਚ ਸਹਾਇਤਾ ਕਰਦੇ ਹਨ।

*ਫਲ ਵਿਗਿਆਨ ਵਿਭਾਗ, ਪੀਏਯੂ, ਲੁਧਿਆਣਾ।



## ਰੋਜ਼ ਕਰੋ ਸਿਰਫ਼ 30 ਮਿੰਟ ਸੈਰ

### ਮੋਟਾਪਾ ਤੇ ਸ਼ੂਗਰ ਵਰਗੀਆਂ ਬਿਮਾਰੀਆਂ ਰਹਿਣਗੀਆਂ ਕੋਹਾਂ ਦੂਰ

ਕੀ ਤੁਸੀਂ ਜਾਣਦੇ ਹੋ ਕਿ ਰੋਜ਼ ਸਿਰਫ਼ 30 ਮਿੰਟ ਦੀ ਸੈਰ ਕਰਨਾ ਤੁਹਾਡੀ ਸਿਹਤ ਲਈ ਕਿੰਨਾ ਲਾਭਕਾਰੀ ਹੋ ਸਕਦਾ ਹੈ? ਅਜੋਕੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਸਾਡੀ ਸਿਹਤ ਅਕਸਰ ਹੀ ਖ਼ਰਾਬ ਰਹਿੰਦੀ ਹੈ। ਨਿਯਮਤ ਸੈਰ ਇਸ ਸਮੱਸਿਆ ਦਾ ਆਸਾਨ ਅਤੇ ਪ੍ਰਭਾਵਸ਼ਾਲੀ ਹੱਲ ਹੋ ਸਕਦਾ ਹੈ। ਜਾਣਦੇ ਹਾਂ ਰੋਜ਼ਾਨਾ 30 ਮਿੰਟ ਸੈਰ ਕਰਨ ਦੇ ਫਾਇਦਿਆਂ ਬਾਰੇ।

**ਦਿਲ ਦੀ ਸਿਹਤ ਲਈ ਵਰਦਾਨ**

ਰੋਜ਼ਾਨਾ 30 ਮਿੰਟ ਦੀ ਸੈਰ ਦਿਲ ਦੀਆਂ ਬਿਮਾਰੀਆਂ, ਸਟ੍ਰੋਕ, ਹਾਈ ਬਲੱਡ ਪ੍ਰੈਸ਼ਰ ਤੇ ਦਿਲ ਦੇ ਦੌਰੇ ਦੇ ਜੋਖ਼ਮ ਨੂੰ ਘਟਾਉਂਦੀ ਹੈ। ਇਹ ਖ਼ੂਨ ਦੇ ਗੇੜ ਨੂੰ ਸੁਧਾਰਦੀ ਹੈ ਤੇ ਦਿਲ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਂਦੀ ਹੈ।

**ਭਾਰ ਘਟਾਉਣ 'ਚ ਮਦਦਗਾਰ**

ਨਿਯਮਤ ਸੈਰ ਕਰਨ ਨਾਲ ਕੈਲੋਰੀ ਬਰਨ ਹੁੰਦੀ ਹੈ, ਜਿਸ ਨਾਲ ਭਾਰ ਘਟਾਉਣ ਵਿੱਚ ਮਦਦ ਮਿਲਦੀ ਹੈ। ਇਹ ਮੈਟਾਬੋਲਿਜ਼ਮ ਨੂੰ ਵਧਾਉਂਦੀ ਹੈ, ਜੋ ਸਰੀਰ ਨੂੰ ਵਧੇਰੇ ਕੈਲੋਰੀ ਬਰਨ ਕਰਨ ਵਿੱਚ ਮਦਦ ਕਰਦੀ ਹੈ ਅਤੇ ਪੇਟ ਦੀ ਚਰਬੀ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ।

**ਸ਼ੂਗਰ ਦੇ ਜੋਖ਼ਮ ਨੂੰ ਕਰੇ ਘੱਟ**

ਟਾਈਪ-2 ਸ਼ੂਗਰ ਤੋਂ ਬਚਣ ਲਈ ਰੋਜ਼ਾਨਾ 30 ਮਿੰਟ ਸੈਰ ਕਰਨਾ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦੀ ਹੈ।

**ਹੱਡੀਆਂ ਤੇ ਮਾਸਪੇਸ਼ੀਆਂ ਨੂੰ ਬਣਾਵੇ ਮਜ਼ਬੂਤ**

ਪੈਦਲ ਚੱਲਣ ਨਾਲ ਹੱਡੀਆਂ ਤੇ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ, ਜਿਸ ਨਾਲ ਓਸਟੀਓਪੋਰੋਸਿਸ ਤੇ ਜੋੜਾਂ ਦੇ ਦਰਦ ਵਰਗੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ।

**ਘੱਟ ਹੁੰਦਾ ਹੈ ਤਣਾਅ**

ਕਸਰਤ ਦੇ ਰੂਪ 'ਚ ਤੁਰਨਾ ਤਣਾਅ ਅਤੇ ਚਿੰਤਾ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਹ ਮੂਡ ਨੂੰ ਬਿਹਤਰ ਬਣਾਉਂਦਾ ਹੈ ਤੇ ਨੀਂਦ ਦੀ ਗੁਣਵੱਤਾ ਵਿੱਚ ਸੁਧਾਰ ਕਰਦਾ ਹੈ।

**ਪਾਚਨ ਤੰਤਰ ਨੂੰ ਰੱਖਦੀ ਦਰੁਸਤ**

ਨਿਯਮਿਤ ਤੌਰ 'ਤੇ ਸੈਰ ਕਰਨ ਨਾਲ ਪਾਚਨ ਤੰਤਰ ਠੀਕ ਰਹਿੰਦਾ ਹੈ ਅਤੇ ਕਬਜ਼ ਅਤੇ ਪੇਟ ਫੁੱਲਣ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

**ਵੱਧਦੀ ਹੈ ਇਮਿਊਨਿਟੀ**

ਸੈਰ ਕਰਨ ਨਾਲ ਇਮਿਊਨਿਟੀ ਮਜ਼ਬੂਤ ਹੁੰਦੀ ਹੈ, ਇਸ ਲਈ ਤੁਸੀਂ ਬਿਮਾਰੀਆਂ ਨਾਲ ਬਿਹਤਰ ਢੰਗ ਨਾਲ ਲੜ ਸਕਦੇ ਹੋ।

**ਕਿਹੜੀਆਂ ਗੱਲਾਂ ਨੂੰ ਰੱਖਣਾ ਚਾਹੀਦਾ ਹੈ ਧਿਆਨ?**

ਸਮੇਂ ਦਾ ਧਿਆਨ - ਹਵਾ ਪ੍ਰਦੂਸ਼ਣ ਵਧਣ ਕਾਰਨ ਸਵੇਰੇ ਜਾਂ ਸ਼ਾਮ ਨੂੰ ਬਹੁਤ ਜ਼ਿਆਦਾ ਸੈਰ ਕਰਨਾ ਨੁਕਸਾਨਦੇਹ ਹੋ ਸਕਦਾ ਹੈ। ਇਸ ਲਈ 8-9 ਵਜੇ ਤੋਂ ਬਾਅਦ ਸੈਰ ਕਰਨਾ ਬਿਹਤਰ ਹੋਵੇਗਾ।

ਡਾਕਟਰ ਦੀ ਸਲਾਹ - ਜੇ ਤੁਹਾਨੂੰ ਕੋਈ ਸਿਹਤ ਸਮੱਸਿਆ ਹੈ ਤਾਂ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਓ।

ਆਰਾਮਦਾਇਕ ਕੱਪੜੇ - ਆਰਾਮਦਾਇਕ ਕੱਪੜੇ ਤੇ ਜੁੱਤੀਆਂ ਪਾਓ, ਤਾਂ ਜੋ ਤੁਹਾਨੂੰ ਦਮ ਘੁੱਟਣ ਦਾ ਅਹਿਸਾਸ ਨਾ ਹੋਵੇ ਤੇ ਸੱਟ ਲੱਗਣ ਦਾ ਖ਼ਤਰਾ ਘਟ ਜਾਂਦਾ ਹੈ।

ਪਾਣੀ ਪੀਂਦੇ ਰਹੋ - ਸੈਰ ਦੌਰਾਨ ਪਾਣੀ ਪੀਂਦੇ ਰਹੋ, ਤਾਂ ਜੋ ਸਰੀਰ ਵਿਚ ਪਾਣੀ ਦੀ ਕਮੀ ਨਾ ਹੋਵੇ।

ਸਟ੍ਰੈਚਿੰਗ ਕਰੋ - ਸੈਰ ਕਰਨ ਤੋਂ ਬਾਅਦ ਹਲਕੀ ਸਟ੍ਰੈਚਿੰਗ ਕਰੋ।



## ਸਰਦੀਆਂ ਦੇ ਮੌਸਮ 'ਚ ਰੋਜ਼ ਸਵੇਰੇ ਖਾਓ ਔਲਾ

### ਪਾਚਨ ਤੋਂ ਲੈ ਕੇ ਇਮਿਊਨਿਟੀ ਤਕ ਰਹੇਗੀ ਮਜ਼ਬੂਤ

ਸਰਦੀਆਂ ਦਾ ਮੌਸਮ ਆਉਂਦਿਆਂ ਹੀ ਸਾਡੀ ਸਿਹਤ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਸਮ 'ਚ ਜ਼ੁਕਾਮ, ਖੰਘ ਅਤੇ ਫਲੂ ਵਰਗੀਆਂ ਸਮੱਸਿਆਵਾਂ ਆਮ ਹੋ ਜਾਂਦੀਆਂ ਹਨ। ਅਜਿਹੇ 'ਚ ਸਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਆਯੁਰਵੇਦ ਵਿੱਚ ਔਲੇ ਨੂੰ ਸਦੀਆਂ ਤੋਂ ਸਿਹਤ ਦੇ ਗੁਣਾਂ ਦਾ ਖਜ਼ਾਨਾ ਮੰਨਿਆ ਜਾਂਦਾ ਹੈ, ਜਿਸ ਨੂੰ ਖਾਣ ਨਾਲ ਕਈ ਸਿਹਤ ਲਾਭ ਮਿਲ ਸਕਦੇ ਹਨ। ਜਾਣਦੇ ਹਾਂ ਰੋਜ਼ਾਨਾ ਇੱਕ ਔਲਾ ਖਾਣ ਨਾਲ ਸਿਹਤ ਨੂੰ ਕੀ-ਕੀ ਫ਼ਾਇਦੇ ਹੋ ਸਕਦੇ ਹਨ।

**ਵਿਟਾਮਿਨ ਸੀ ਦਾ ਭੰਡਾਰ** - ਔਲਾ ਵਿਟਾਮਿਨ ਸੀ ਦਾ ਸਭ ਤੋਂ ਵਧੀਆ ਸਰੋਤ ਹੈ। ਵਿਟਾਮਿਨ-ਸੀ ਸਾਡੀ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਦਾ ਹੈ ਤੇ ਸਾਨੂੰ ਸਰਦੀ, ਖੰਘ ਤੇ ਫਲੂ ਵਰਗੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ।

**ਐਂਟੀਆਕਸੀਡੈਂਟਸ ਨਾਲ ਭਰਪੂਰ** - ਔਲਾ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ, ਜੋ ਸਾਡੇ ਸਰੀਰ ਨੂੰ ਹਾਨੀਕਾਰਕ ਫਰੀ ਰੈਡੀਕਲਜ਼ ਤੋਂ ਬਚਾਉਂਦਾ ਹੈ।

**ਚਿੱਟੇ ਰਕਤਾਣੂਆਂ ਨੂੰ ਵਧਾਉਂਦਾ ਹੈ**- ਔਲਾ ਚਿੱਟੇ ਰਕਤਾਣੂਆਂ ਦੀ ਗਿਣਤੀ ਵਧਾਉਣ 'ਚ ਮਦਦ ਕਰਦਾ ਹੈ, ਜੋ ਇਨਫੈਕਸ਼ਨ ਨਾਲ ਲੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

**ਕਬਜ਼ ਕਰਦਾ ਦੂਰ** - ਔਲਾ ਪਾਚਨ ਤੰਤਰ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ। ਇਹ ਕਬਜ਼ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਬਹੁਤ ਕਾਰਗਰ ਹੈ।

**ਪਾਚਨ ਤੰਤਰ ਨੂੰ ਕਰਦਾ ਹੈ ਸਰਗਰਮ** - ਔਲਾ ਪਾਚਨ ਤੰਤਰ ਨੂੰ ਸਰਗਰਮ ਕਰਦਾ ਹੈ, ਜਿਸ ਕਾਰਨ ਭੋਜਨ ਆਸਾਨੀ ਨਾਲ ਪਚ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST

FUEL CARDS
NO CREDIT - NO PROBLEM
BEST CUSTOMER SERVICE
QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

## ਵਿਦੇਸ਼ ਜਾਣ ਦੀ ਚਾਹਤ ਰੱਖਦੇ ਦੋਸਤਾਂ 'ਤੇ ਆਧਾਰਿਤ ਹੈ ਕਹਾਣੀ




# 'ਸਵੇਰ ਦਾ ਭੁੱਲਿਆ'

**ਸੁਰਿੰਦਰ ਸਿੰਘ ਨੇਕੀ**

ਧੀਰਾ, ਮੋਖਾ, ਦੀਸ਼ਾ ਤੇ ਜੁਗਨੂੰ ਚਾਰੋਂ ਦੋਸਤ ਸਨ। ਜਿੱਥੇ ਧੀਰੇ ਤੇ ਮੋਖੇ ਦਾ ਪਿੰਡ ਜਗਤਪੁਰ ਸੀ ਉੱਥੇ ਦੀਸ਼ੇ ਤੇ ਜੁਗਨੂੰ ਦਾ ਪਿੰਡ ਪੰਡੋਰੀ ਸੀ। ਸ਼ਹਿਰ ਦੇ ਸਕੂਲ ਵਿਚੋਂ ਬਾਰ੍ਹਵੀਂ ਜਮਾਤ ਪਾਸ ਕਰਨ ਪਿੱਛੋਂ ਸ਼ਹਿਰ ਦੇ ਹੀ ਇੱਕ ਕਾਲਜ ਵਿੱਚ ਦਾਖ਼ਲ ਹੋ ਗਏ। ਚਾਰੇ ਦੋਸਤ ਮੱਧ ਵਰਗੀ ਕਿਸਾਨ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ। ਅਜੇ ਕਾਲਜ ਜਾਂਦਿਆਂ ਨੂੰ ਥੋੜ੍ਹੇ ਦਿਨ ਹੀ ਹੋਏ ਸਨ ਕਿ ਧੀਰੇ ਦੀ ਰਿਸ਼ਤੇਦਾਰੀ ਵਿੱਚੋ ਇੱਕ ਬੰਦਾ ਉਨ੍ਹਾਂ ਨੂੰ ਮਿਲਣ ਪਿੰਡ ਆਇਆ। ਧੀਰੇ ਦਾ ਰਿਸ਼ਤੇਦਾਰ ਬੰਦਾ ਕੈਨੇਡਾ ਸੈਟ ਸੀ ਅਤੇ ਆਪਣੇ ਪਰਿਵਾਰ ਸਮੇਤ ਮਹੀਨੇ ਵਾਸਤੇ ਪੰਜਾਬ ਆਇਆ ਹੋਇਆ ਸੀ। ਰਾਤ ਨੂੰ ਰੋਟੀ ਖਾਂਦਿਆਂ ਹੀ ਉਸ ਨੇ ਜਦ ਧੀਰੇ ਨੂੰ ਉਸ ਦੀ ਪੜ੍ਹਾਈ ਬਾਰੇ ਪੁੱਛਿਆ ਤਾਂ ਧੀਰੇ ਨੇ ਦੱਸਿਆ ਕਿ ਉਹ 12 ਕਰਕੇ ਕਾਲਜ ਵਿੱਚ ਦਾਖ਼ਲ ਹੋ ਗਿਆ ਏ। ਧੀਰੇ ਦੇ ਉਸ ਰਿਸ਼ਤੇਦਾਰ ਨੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਦੱਸਿਆ ਕਿ ਪੜ੍ਹਾਈ ਦਾ ਇਹ ਕੰਮ 'ਤੇ ਬਹੁਤ ਲੰਬਾ ਏ....ਕਦੋਂ ਬੀ.ਏ ਹੋਵੇਗੀ ਫੇਰ ਕੋਈ ਕੋਰਸ ਕਰੇਂਗਾ ਫੇਰ ਵੀ ਕੀ ਗਾਰੰਟੀ ਏ ਨੌਕਰੀ ਮਿਲਦੀ ਵੀ ਏ ਕਿ ਨਹੀਂ ...

ਫੇਰ ਕੀ ਕਰਾਂ ਮੈਂ...ਜਦ ਧੀਰੇ ਨੇ ਉਸ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਅੱਜ ਕੱਲ੍ਹ ਤੇ ਸਾਰਾ ਪੰਜਾਬ ਕੈਨੇਡਾ ਜਾ ਰਿਹਾ ਏ ਆਈਲੈਟਸ ਕਰਕੇ.... ਗੁਜ਼ਾਰੇ ਯੋਗੇ ਬੈਂਡ ਲੈ ਕੇ ਪੰਜਾਬ ਦੇ ਮੁੰਡੇ-ਕੁੜੀਆਂ ਪੜ੍ਹਾਈ ਦੇ ਬੇਸ 'ਤੇ ਕੈਨੇਡਾ ਜਾ ਰਹੇ ਨੇ ਉਥੇ ਉਹ ਪੜ੍ਹਾਈ ਵੀ ਕਰਦੇ ਨੇ....ਤੇ ਕਮਾਈ ਵੀ ਕਰਦੇ ਨੇ ..... ਧੀਰੇ ਤੇ ਉਸਦੇ ਪਰਿਵਾਰ ਨੂੰ ਆਪਣੇ ਉਸ ਰਿਸ਼ਤੇਦਾਰ ਦੀ ਗੱਲ ਠੀਕ ਲੱਗੀ। ਦੂਸਰੇ ਦਿਨ ਉਸ ਨੇ ਆਪਣੇ ਦੋਸਤਾਂ ਨਾਲ ਗੱਲ ਕੀਤੀ। ਉਨ੍ਹਾਂ ਨੂੰ ਵੀ ਗੱਲ ਠੀਕ ਸੀ ਜਾਪੀ.....ਤੇ ਫਿਰ ਚਾਰੋਂ ਦੋਸਤਾਂ ਨੇ ਆਪਣੇ ਘਰਦਿਆਂ ਦੀ ਸਹਿਮਤੀ ਨਾਲ ਕਾਲਜ ਦੀ ਪੜ੍ਹਾਈ ਛੱਡ ਕੇ ਆਈਲੈਟਸ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਆਪਣੇ ਵੱਲੋਂ ਮਿਹਨਤ ਵੀ ਕੀਤੀ ਪਰ ਗੱਲ ਨਾ ਬਣੀ.....ਆਈਲੈਟਸ ਦੇ ਬੈਂਡ ਘੱਟ ਆਏ। ਉਨ੍ਹਾਂ ਨੇ ਇੱਕ ਵਾਰੀ ਫਿਰ ਕੋਸ਼ਿਸ਼ ਕੀਤੀ ਪਰ ਪੰਜਾਬੀ ਮੁੰਡਿਆਂ ਦਾ ਅੰਗਰੇਜ਼ੀ ਵਿੱਚ ਹੱਥ ਤੰਗ ਹੋਣ ਕਰ ਕੇ ਉਨ੍ਹਾਂ ਦੇ ਬੈਂਡ ਫਿਰ ਘੱਟ ਗਏ। ਉਹ ਆਈ ਲੈਟਸ ਦਾ ਇਮਤਿਹਾਨ ਪਾਸ ਨਾ ਕਰ ਸਕੇ। ਚਾਰੋਂ ਦੋਸਤ ਪ੍ਰੇਸ਼ਾਨ ਰਹਿਣ ਲੱਗੇ। ਪ੍ਰੇਸ਼ਾਨੀ ਦੀ ਹਾਲਤ ਵਿੱਚ ਉਹ ਇੱਕ ਦਿਨ ਠੇਕੇ 'ਤੇ ਗਏ ਅਤੇ ਅਹਾਤੇ ਵਿੱਚ ਬੈਠ ਕੇ ਸ਼ਰਾਬ ਪੀਣ ਲੱਗੇ। ਉਹ ਆਪਣੇ ਗ਼ਮ ਨੂੰ ਥੋੜ੍ਹਾ ਘੱਟ ਕਰਨਾ ਚਾਹੁੰਦੇ ਸਨ। ਕਾਲਜ ਦੀ ਪੜ੍ਹਾਈ ਵੀ ਛੱਡੀ......ਤੇ ਆਈਲੈਟ ਵੀ ਕਲੀਅਰ ਨਾ ਹੋਈ। ਚਾਰੋਂ ਦੋਸਤਾਂ ਦਾ ਕੈਨੇਡਾ ਜਾਣ ਦਾ ਸੁਫ਼ਨਾ ਪੂਰਾ ਨਾ ਹੋ ਸਕਿਆ। ਪਹਿਲਾਂ ਤੇ ਉਹ ਕਦੀ ਕਦੀ ਨਸ਼ਾ ਕਰਿਆ ਕਰਦੇ ਸਨ ਪਰ ਹੌਲੀ-ਹੌਲੀ ਹੁਣ ਉਹ ਰੋਜ਼ ਹੀ ਨਸ਼ੇ ਕਰਨ ਲੱਗ ਪਏ। ਇਤਨੇ ਚਿਰ ਵਿੱਚ ਇਕ ਸਾਲ ਲੰਘ ਗਿਆ। ਚਾਰੇ ਦੋਸਤ ਹੀ ਪ੍ਰੇਸ਼ਾਨ ਨਹੀਂ ਸਨ, ਉਨ੍ਹਾਂ ਦੇ ਘਰ ਦੇ ਵੀ ਬਹੁਤ ਪ੍ਰੇਸ਼ਾਨ ਸਨ। ਉਨ੍ਹਾਂ ਦੇ ਘਰ ਵਾਲੇ ਹੁਣ ਉਨ੍ਹਾਂ ਨੂੰ ਕਹਿਣ ਲੱਗ ਪਏ ਸਨ, ਚਲੋ ਜੇ ਆਈ ਲੈਟ ਪਾਸ ਨਹੀਂ ਹੋਈ ਤਾਂ ਬੀ.ਏ ਕਰ ਲਓ। ਕੋਈ ਨਾ ਕੋਈ ਨੌਕਰੀ ਦਾ ਜੁਗਾੜ ਹੋਈ ਜਾਊ..... ਘਰਦਿਆਂ ਦੀ ਗੱਲ ਅਣਮੰਨੇ ਮੰਨ ਨਾਲ ਮੰਨਦੇ ਹੋਏ ਚਾਰੇ ਜਾਣੇ ਫਿਰ ਕਾਲਜ ਦੀ ਉਸੇ ਜਮਾਤ ਵਿੱਚ ਦਾਖ਼ਲ ਹੋ ਗਏ ਜਿਸ ਜਮਾਤ ਵਿਚੋਂ ਉਨ੍ਹਾਂ ਪੜ੍ਹਾਈ ਛੱਡੀ ਸੀ ਪਰ ਹੁਣ ਹਾਲਾਤ ਪਿਛਲੇ ਸਾਲ ਵਾਲੇ ਨਹੀਂ ਸਨ ਰਹੇ। ਰੋਜ਼ ਨਸ਼ਾ ਕਰਨ ਕਰ ਕੇ ਉਨ੍ਹਾਂ ਦੀ ਸਿਹਤ ਵੀ ਕਮਜ਼ੋਰ ਹੋਣ ਲੱਗੀ ਸੀ....ਤੇ ਉਨ੍ਹਾਂ ਨੂੰ ਨਸ਼ੇ ਖ਼ਰੀਦਣ ਲਈ ਪੈਸੇ ਵੀ ਤਾਂ ਚਾਹੀਦੇ ਸਨ। ਉਹ ਘਰੋਂ ਲਿਆਂਦੀ ਕਾਲਜ ਦੀ ਫੀਸ ਤੇ ਕਿਤਾਬਾਂ ਵਾਸਤੇ ਲਿਆਂਦੇ ਪੈਸੇ ਨਸ਼ਿਆਂ ਉਪਰ ਖ਼ਰਚਣ ਲੱਗੇ..... ਕਾਲਜ ਜਾਣਾ ਤੇ ਹੁਣ ਉਨ੍ਹਾਂ ਵਾਸਤੇ ਇੱਕ ਦਿਖਾਵਾ ਹੀ ਰਹਿ ਗਿਆ ਸੀ।

ਹੁਣ ਉਹ ਪਹਿਲਾਂ ਤੋਂ ਵੀ ਵੱਧ ਮਹਿੰਗੇ ਨਸ਼ੇ ਲੈਣ ਲੱਗ ਪਏ ਸਨ। ਮਹਿੰਗੇ ਨਸ਼ਿਆਂ ਦੀ ਪੂਰਤੀ ਵਾਸਤੇ ਚਾਰੇ ਜਣੇ ਲੁੱਟ ਖੋਹ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਸੀ। ਚਾਰਾਂ ਕੋਲ ਦੋ ਮੋਟਰਸਾਈਕਲ ਸਨ। ਉਹ ਚਾਰੇ ਜਣੇ ਕਾਲਜ ਜਾਣ ਦੀ ਬਜਾਏ ਹੁਣ ਪਿੰਡਾਂ ਤੋਂ ਸ਼ਹਿਰ ਆਉਣ ਵਾਸਤੇ ਸੁੰਨੇ ਰਸਤਿਆਂ 'ਤੇ ਖ਼ੜ੍ਹੇ ਰਹਿੰਦੇ ਅਤੇ ਆਪਣੇ ਸ਼ਿਕਾਰ ਦੀ ਤਾੜ ਰੱਖਦੇ। ਜਦੋਂ ਵੀ ਕੋਈ ਇਕੱਲਾ-ਕਹਿਰਾ ਬਜ਼ੁਰਗ ਸਾਈਕਲ 'ਤੇ ਬੈਂਕ 'ਚੋਂ ਪੈਸੇ ਕਢਾ ਕੇ ਸ਼ਹਿਰੋਂ ਪਿੰਡ ਜਾ ਰਿਹਾ ਹੁੰਦਾ ਤਾਂ ਉਸ ਨੂੰ ਹਥਿਆਰਾਂ ਨਾਲ ਡਰਾ ਕੇ ਉਸ ਕੋਲੋਂ ਪੈਸੇ ਖੋਹ ਲੈਂਦੇ।

ਕਦੀ ਸੜਕ 'ਤੇ ਇਕੱਲੀ ਜਾ ਰਹੀ ਜ਼ਨਾਨੀ ਦੇ ਕੰਨਾਂ ਵਿਚੋਂ ਸੋਨੇ ਦੀਆਂ ਵਾਲੀਆਂ ਧੂਹ ਲੈਏ ਤੇ ਜਾਂ ਫਿਰ ਦੁਪਹਿਰੇ ਸਕੂਲ ਤੋਂ ਛੁੱਟੀ ਕਰ ਕੇ ਆਉਂਦੀ ਕਿਸੇ ਮੈਡਮ ਨੂੰ ਰੋਕ ਕੇ ਉਸ ਦਾ ਪਰਸ ਖੋਂਹ ਲੈਂਦੇ। ਧੀਰੇ ਦੇ ਪਿੰਡ ਦੇ ਲਹਿੰਦੇ ਪਾਸੇ ਸ਼ਮਸ਼ਾਨ ਘਾਟ ਕੋਲ ਫੈਲੀ ਰੁੱਖਾਂ ਦੀ ਇੱਕ ਵੱਡੀ ਝਿੱੜੀ ਸੀ। ਉਥੇ ਸ਼ਾਮ ਨੂੰ ਚਾਰੋ ਜਣੇਂ ਇਕੱਠੇ ਹੁੰਦੇ ਅਤੇ ਨਸ਼ਿਆਂ ਦੇ ਟੀਕਿਆਂ ਨਾਲ ਟੱਲੀ ਹੋ ਕੇ ਘਰ ਪਹੁੰਚਦੇ......ਘਰ ਦੇ ਜਦੋਂ ਲੇਟ ਆਉਣ ਦਾ ਕਾਰਨ ਪੁੱਛਦੇ ਤਾਂ ਕੋਈ ਨਾ ਕੋਈ ਬਹਾਨਾ ਬਣਾ ਲੈਂਦੇ। ਹੁਣ ਥੋੜ੍ਹੇ ਦਿਨਾਂ ਤੋਂ ਉਨ੍ਹਾਂ ਨੇ ਇੱਕ ਹੋਰ ਮਹਿੰਗਾ ਨਸ਼ਾ ਚਿੱਟੇ ਦਾ ਪ੍ਰਯੋਗ ਕਰਨਾ ਵੀ ਸ਼ੁਰੂ ਕਰ ਦਿੱਤਾ ਸੀ। ਇਹ ਨਸ਼ਾ ਮਹਿੰਗਾ ਹੋਣ ਦੇ ਨਾਲ-ਨਾਲ ਸਿਹਤ ਵਾਸਤੇ ਵੀ ਬਹੁਤ ਖ਼ਤਰਨਾਕ ਸੀ। ਇਨ੍ਹਾਂ ਖ਼ਤਰਨਾਕ ਨਸ਼ਿਆਂ ਦੇ ਸੇਵਨ ਨਾਲ ਚਾਰੇ ਦੋਸਤਾਂ ਦੀ ਸਿਹਤ ਦਿਨੋ-ਦਿਨ ਕਮਜ਼ੋਰ ਹੋ ਰਹੀ ਸੀ। ਜਦੋਂ ਘਰਦੇ ਉਨ੍ਹਾਂ ਦੀ ਕਮਜ਼ੋਰ ਸਿਹਤ ਜਾਂ ਪੜ੍ਹਾਈ ਬਾਰੇ ਪੁੱਛਦੇ ਤਾਂ ਅੱਗਿਓਂ ਉਨ੍ਹਾਂ ਕੋਲ ਬਹਾਨਿਆਂ ਦੀ ਕੋਈ ਕਮੀ ਨਹੀਂ ਸੀ। ਚਾਰੋਂ ਦੋਸਤ ਸਬਰ, ਸੰਤੋਖ ਮਿਹਨਤ ਅਤੇ ਸੱਚਾਈ ਆਦਿ ਦੇ ਗੁਣਾਂ ਤੋਂ ਕਾਫ਼ੀ ਦੂਰ ਜਾ ਚੁੱਕੇ ਸਨ।

.......ਤੇ ਇਕ ਦਿਨ.... ਕਿਸੇ ਕਾਰਨ ਦੀਸ਼ਾ ਤੇ ਜੁਗਨੂੰ ਨਹੀਂ ਸਨ ਆਏ। ਧੀਰਾ ਤੇ ਮੋਖਾ ਹੀ ਆਪਣੇ ਟਿਕਾਣੇ 'ਤੇ ਬੈਠੇ ਸਨ। ਉਨ੍ਹਾਂ ਨੇ ਪਿੰਡੋਂ ਸ਼ਹਿਰ ਅਤੇ ਸ਼ਹਿਰ ਤੋਂ ਪਿੰਡ ਦੋ ਤਿੰਨ ਗੇੜੀਆਂ ਲਾਈਆਂ ਪਰ ਕੋਈ ਸ਼ਿਕਾਰ ਨਾ ਲੱਭਾ। ਉਧਰੋਂ ਸ਼ਾਮ ਪੈ ਰਹੀ ਸੀ.....ਤੇ ਪੈਸਿਆਂ ਬਿਨਾਂ ਨਸ਼ੇ ਦਾ ਕੋਈ ਜੁਗਾੜ ਨਹੀਂ ਸੀ ਬਣ ਰਿਹਾ। ਉਹ ਅਜੇ ਸੜਕ 'ਤੇ ਖੜ੍ਹੇ ਸੋਚ ਹੀ ਰਹੇ ਸਨ ਕਿ ਕੀ ਕੀਤਾ ਜਾਵੇ ਤਾਂ ਮੋਖ਼ੇ ਨੂੰ ਦੂਰੋਂ ਇੱਕ ਸਬਜ਼ੀ ਵੇਚਣ ਵਾਲ 50 ਕੁ ਸਾਲ ਦਾ ਬੰਦਾ ਸਾਈਕਲ 'ਤੇ ਆਉਂਦਾ ਦਿਸਿਆ। ਨੇੜੇ ਆਉਣ 'ਤੇ ਧੀਰੇ ਤੇ ਮੋਖੇ ਨੇ ਉਸ ਨੂੰ ਡਰਾ ਕੇ ਉਸ ਦੀ ਜੇਬ ਵਿਚੋਂ ਜਿੰਨੇ ਵੀ ਪੈਸੇ ਸਨ....ਕੱਢ ਲਏ। ਗ਼ਰੀਬ ਸਬਜ਼ੀ ਵਾਲਾ ਬੇਬਸੀ ਦੀ ਹਾਲਤ ਵਿੱਚ ਹੱਥ ਜੋੜਦਾ ਚਲਾ ਗਿਆ। ਸਬਜ਼ੀ ਵਾਲੇ ਬੰਦੇ ਤੋਂ ਖੋਹੇ ਪੈਸੇ ਗਿਣੇ......ਤੇ ਕੁਝ ਦੋਵਾਂ ਨੇ ਆਪਣੇ ਕੋਲੋਂ ਪਾ ਕੇ ਉਹ ਦੋਵਾਂ ਮੋਟਰਸਾਈਕਲ 'ਤੇ ਜਾ ਕੇ ਅੱਜ ਥੋੜ੍ਹਾ ਮਹਿੰਗਾ ਨਸ਼ਾ ਲਿਆਏ. ਅੱਜ ਉਨ੍ਹਾਂ ਨੇ ਚਿੱਟਾ ਆਂਦਾ ਸੀ ਅਤੇ ਉਸੇ ਨਸ਼ੇ ਦੀ ਤਿਆਰੀ ਕਰ ਰਹੇ ਸਨ। ਉਸੇ ਵੇਲੇ ਹੀ ਦੀਸ਼ਾ ਤੇ ਜੁਗਨੂੰ ਵੀ ਆਪਣੇ ਮੋਟਰ ਸਾਈਕਲ 'ਤੇ ਉਥੇ ਆ ਪਹੁੰਚੇ।

ਅੱਜ ਕਿੱਧਰ ਮਰ ਗਏ ਸੀ...ਐਨਾ ਲੇਟ ਧੀਰੇ ਨੇ ਦੋਹਾਂ ਨੂੰ ਥੋੜ੍ਹਾ ਗੁੱਸੇ ਨਾਲ ਪੁੱਛਿਆ।

ਓ.......ਕੀ ਦੱਸੀਏ ਧੀਰਿਆ ਅੱਜ ਤੇ ਸ਼ਹਿਰ ਦੇ ਵੱਡੇ ਚੌਂਕ 'ਚ ਪੁਲਿਸ ਨੇ ਨਾਕਾ ਲਾਇਆ ਹੋਇਆ ਏ। ਉਹ ਸਾਰੇ ਨਸ਼ੇੜੀਆਂ ਤੇ ਚੋਰਾਂ ਨੂੰ ਫੜ ਰਹੀ ਏ ਅਸੀਂ ਤੇ ਬੜੀ ਮੁਸ਼ਕਿਲ ਨਾਲ ਬਚ ਕੇ ਆਏ ਆਂ....

ਓਏ ਕੁਛ ਨੀਂ ਹੁੰਦਾ ਜੁਗਨੂਆਂ ਐਹੋ ਜੇਹੇ ਨਾਕੇ ਤਾਂ ਸਾਡੇ ਖਾਧੇ ਪੀਤੇ ਆ-ਐਮੇ ਡਰੀਦਾ ਨੀਂ ਹੁੰਦਾ ਹੁਣ ਮੋਖਾ ਬੋਲਿਆ ਸੀ।

ਹੇਠਾਂ ਉਤਰੋ ਤੇ ਲਓ ਨਜ਼ਾਰੇ ਚਿੱਟੇ ਦੇ....

ਉਸ ਦਿਨ ਚਾਰੋਂ ਜਣਿਆਂ ਨੇ ਨਸ਼ੇ ਦੀ ਥੋੜ੍ਹੀ ਜ਼ਿਆਦਾ ਹੀ ਡੋਜ਼ (ਖ਼ੁਰਾਕ) ਲੈ ਲਈ ਸੀ। ਉਹ ਬੜੀ ਮੁਸ਼ਕਿਲ ਨਾਲ ਆਪਣੇ ਘਰ ਪਹੁੰਚੇ। ਨਸ਼ੇ ਦੀ ਹਾਲਤ ਵਿੱਚ ਧੀਰੇ ਨੂੰ ਪਤਾ ਨਹੀਂ ਲੱਗਾ ਕਿ ਉਹ ਕਦੋਂ ਘਰ ਪਹੁੰਚਾ। ਕਦੋਂ ਰੋਟੀ ਖਾਧੀ—ਤੇ ਕਦੋਂ ਉਹ ਆਪਣੇ ਬਿਸਤਰੇ 'ਤੇ ਜਾ ਪਿਆ। ਨਸ਼ੇ ਦੀ ਓਵਰ ਡੋਜ਼ ਵਿੱਚ ਉਹ ਜ਼ਿੰਦਗੀ ਤੇ ਮੌਤ ਵਿਚਕਾਰ ਸੰਘਰਸ਼ ਕਰ ਰਿਹਾ ਸੀ—ਉਸ ਰਾਤ ਜਾਗੋ-ਮੀਟੀ ਵਿੱਚ ਉਸ ਨੂੰ ਜ਼ਿੰਦਗੀ ਦੀ ਕੀਮਤ ਦਾ ਪਤਾ ਲੱਗਾ। ਉਸ ਦੇ ਅਚੇਤ ਮਨ ਵਿੱਚ ਸਬਜ਼ੀ ਵਾਲੇ ਬਜ਼ੁਰਗ ਦੀ ਤਸਵੀਰ ਘੁੰਮ ਰਹੀ ਸੀ। ਬਜ਼ੁਰਗ ਦੀਆਂ ਬੇਬੱਸ ਤੇ ਝੁੱਕੀਆਂ ਨਜ਼ਰਾਂ ਉਸ ਨੂੰ ਉਸੇ ਤਰ੍ਹਾਂ ਯਾਦ ਆ ਰਹੀਆਂ ਸਨ। ਉਸ ਨੂੰ ਪੱਠੇ ਵੱਢਦੀ ਬੇਬੇ ਜਿਸ ਦੀਆਂ ਵਾਲੀਆਂ ਉਸ ਨੇ ਇੱਕ ਦਿਨ ਦੁਪਹਿਰ ਵੇਲੇ ਕੰਨਾਂ 'ਚੋਂ ਧੂਈਆਂ ਸਨ, ਵੀ ਯਾਦ ਆ ਰਹੀ ਸੀ। ਬੇਬੇ ਦੇ ਬੇਬਸੀ ਵਿੱਚ ਜੋੜੇ ਹੱਥ ਤੇ ਅੱਖਾਂ ਵਿਚ ਸਿੰਮੇ ਅੱਥਰੂ ਯਾਦ ਆ ਰਹੇ ਸਨ। ਉਸ ਵੇਲੇ ਵੱਡਾ ਤੜਕਾ ਸੀ ਜਦੋਂ ਧੀਰਾ ਆਪਣੇ ਮੰਜੇ ਤੋਂ ਉੱਠਿਆ ਅਤੇ ਗੜਵੀ 'ਚੋਂ ਪਾਣੀ ਪੀ ਕੇ ਉਸ ਨੇਂ ਅੱਖਾਂ 'ਤੇ ਛਿੱਟੇ ਮਾਰੇ ਕਮਰੇ ਵਿੱਚ ਬਲਬ ਦੀ ਹਲਕੀ ਰੌਸ਼ਨੀ ਸੀ। ਸਾਮ੍ਹਣੇ ਬਾਬਾ ਜੀ ਦੀ ਤਸਵੀਰ ਕੰਧ ਉਪਰ ਲੱਗੀ ਹੋਈ ਸੀ। ਉਸ ਦੇ ਬੁਲ੍ਹ ਹੌਲੀ-ਹੌਲੀ ਫ਼ਰਕੇ ....., ਪਰਮਾਤਮਾ.....ਮੈਨੂੰ ਬਖ਼ਸ਼ ਲੈ ਪਿਛਲੇ ਗ਼ੁਨਾਹਾਂ ਦੀ ਮੁਆਫ਼ੀ ਅੱਗੇ ਵਾਸਤੇ ਰਸਤਾ ਵਿਖਾਓ ਗੁਰੂ ਜੀ ਰਸਤਾ ਵਿਖਾਓ.....। .......ਤੇ ਦੂਸਰੇ ਦਿਨ ਸ਼ਾਮ 4 ਕੁ ਵਜੇ ਸਾਰੇ ਦੋਸਤ ਉਸ ਚੌਰਸਤੇ 'ਤੇ ਇਕੱਠੇ ਹੋਏ ਜਿਥੋਂ ਸੜਕ ਸ਼ਹਿਰ ਨੂੰ ਜਾਂਦੀ ਸੀ।

ਮੋਖਿਆ..........ਮੈਂ ਅੱਜ ਤੋਂ ਇਹ ਕੁੱਤਾ ਕੰਮ ਛੱਡਿਆ ਤੁਹਾਡਾ ਕੰਮ ਤੁਹਾਨੂੰ ਮੁਬਾਰਕ ਮੈਂ ਸਵੇਰ ਤੋਂ ਹੀ ਕਾਲਜ ਜਾਣਾ ਸ਼ੁਰੂ ਕਰ ਦੇਣਾ। ਧੀਰਾ ਠਰੰਮੇਂ ਨਾਲ ਬੋਲਿਆ। ਮਾਰ ਗਿਆ ਨਾ ਫੇਰ ਮੋਕ......ਜੁਗਨੂੰ ਵਿਅੰਗ ਨਾਲ ਬੋਲਿਆ। ਜਿੰਦਾਂ ਮਰਜ਼ੀ ਸਮਝ ਲਓ........ਮੈਂ ਇਹ ਗ਼ਲਤ ਕੰਸ ਨਹੀਂ ਕਰ ਸਕਦਾ। ਘਰ ਦਿਆਂ ਨੂੰ ਹੋਰ ਧੋਖਾ ਨਹੀਂ ਦੇ ਸਕਦਾ। ਧੀਰੇ ਨੇਂ ਉਸੇ ਵੇਲੇ ਮੋਟਰ ਸਾਈਕਲ ਨੂੰ ਕਿੱਕ ਮਾਰੀ। ਇੱਕ ਮਿੰਟ ਧੀਰਿਆ ਇਕ ਮਿੰਟ.........ਮੈਂ ਵੀ ਆ ਰਿਹਾਂ ਤੇਰੇ ਨਾਲ...... ਮੋਖਾ, ਧੀਰੇ ਦੇ ਮੋਟਰ ਸਾਈਕਲ ਦੀ ਪਿਛਲੀ ਸੀਟ 'ਤੇ ਬੈਠਦਾ ਬੋਲਿਆ। ਦੋਵੇਂ ਪਿੰਡ ਵੱਲ ਨੂੰ ਚੱਲ ਪਏ...........। ਸੋਚਾਂ ਵਿੱਚ ਡੁੱਬੇ ਦੀਸ਼ਾ ਤੇ ਜੁਗਨੂੰ ਉਨ੍ਹਾਂ ਦੋਵਾਂ ਨੂੰ ਜਾਂਦਿਆਂ ਵੇਖਦੇ ਰਹੇ।

# ਵਿੱਦਿਆ ਦਾ ਮੰਦਿਰ

**ਪ੍ਰਤਾਪ 'ਪਾਰਸ' ਗੁਰਦਾਸਪੁਰੀ**

ਰਾਣੋ ਦਾ ਬਾਪੂ ਜਨਕਾ ਪਿੰਡ ਵਿੱਚ ਲੰਬੜਦਾਰਾਂ ਦਾ ਸੀਰੀ ਲੱਗਿਆ ਹੋਇਆ ਸੀ ਤੇ ਮਾਂ ਵਿੱਦਿਆ ਦੇਵੀ ਉਨ੍ਹਾਂ ਹੀ ਲੰਬੜਦਾਰਾਂ ਦੇ ਘਰ ਗੋਹਾ-ਕੂੜਾ ਕਰਿਆ ਕਰਦੀ ਸੀ। ਰੱਬ ਵੱਲੋਂ ਵਿੱਦਿਆ ਦੇਵੀ ਦੇ ਘਰ ਕੋਈ ਹੋਰ ਸੰਤਾਨ ਨਹੀਂ ਹੋਈ, ਬਸ ਰਾਣੋ ਹੀ ਉਨ੍ਹਾਂ ਦੇ ਘਰ ਦੀ ਰੌਣਕ ਸੀ। ਰਾਣੋ ਆਪਣੀ ਮਾਂ ਦੇ ਨਾਲ-ਨਾਲ ਹੀ ਰਹਿੰਦੀ ਚਾਹੇ ਉਸ ਦੀ ਮਾਂ ਗੋਹਾ-ਕੂੜਾ ਕਿਉਂ ਨਾ ਕਰਦੀ ਹੋਵੇ। ਵਿੱਦਿਆ ਦੇਵੀ ਨੂੰ ਵੀ ਰਾਣੋ ਦਾ ਇੰਝ ਨਾਲ-ਨਾਲ ਹੀ ਰਹਿਣਾ ਚੰਗਾ ਲੱਗਦਾ। ਰਾਣੋ ਲੰਬੜਦਾਰਾਂ ਦੇ ਬੱਚਿਆਂ ਨੂੰ ਸਕੂਲ ਜਾਂਦੇ ਵੇਖ ਕੇ ਪੜ੍ਹਨ ਦੀ ਇੱਛਾ ਜ਼ਾਹਰ ਕਰਦੀ ਤਾਂ ਮਾਂ ਕਹਿੰਦੀ, "ਧੀਏ, ਅਸੀਂ ਗ਼ਰੀਬ ਲੋਕ ਹਾਂ। ਪੜ੍ਹਨਾ ਸਾਡੇ ਹਿੱਸੇ ਨਹੀਂ ਆਇਆ। ਇਹ ਵੱਡੇ ਲੋਕ ਹੁੰਦੇ ਨੇ ਜਿਹੜੇ ਸਕੂਲ ਵਿੱਚ ਪੜ੍ਹਨ ਜਾਂਦੇ ਨੇ।" ਇਹ ਕਹਿ ਕੇ ਉਸ ਨੂੰ ਚੁੱਪ ਕਰਵਾ ਦਿੰਦੀ। ਰਾਣੋ ਦੀ ਮਾਂ ਦਾ ਨਾਂ ਬੇਸ਼ੱਕ ਵਿੱਦਿਆ ਦੇਵੀ ਸੀ, ਪਰ ਵਿੱਦਿਆ ਦੇ ਅਰਥ ਅਤੇ ਅਹਿਮੀਅਤ ਦਾ ਉਸ ਨੂੰ ਕੋਈ ਪਤਾ ਨਹੀਂ ਸੀ। ਰਾਣੋ ਪੜ੍ਹਨਾ ਚਾਹੁੰਦੀ ਸੀ, ਪਰ ਉਸ ਦੀ ਆਸ ਉਸ ਨੂੰ ਆਪਣੀ ਮਾਂ ਵਿਦਿਆ ਦੇਵੀ ਤੋਂ ਬਿਲਕੁਲ ਵੀ ਨਹੀਂ ਸੀ ਜਾਪਦੀ।

ਲੰਬੜਦਾਰਾਂ ਦਾ ਵੱਡਾ ਮੁੰਡਾ ਹੁਸ਼ਿਆਰ ਸਿੰਘ ਸ਼ਹਿਰ ਰਹਿੰਦਾ ਸੀ। ਸਬੱਬੀਂ ਉਹ ਘਰ ਆਇਆ ਹੋਇਆ ਸੀ। ਉਸ ਨੂੰ ਰਾਣੋ ਦੀ ਪੜ੍ਹਨ ਦੀ ਖ਼ਾਹਿਸ਼ ਦਾ ਪਤਾ ਲੱਗਿਆ ਤਾਂ ਉਸ ਨੇ ਘਰ ਕੰਮ ਕਰਨ ਆਈ ਵਿੱਦਿਆ ਦੇਵੀ ਨੂੰ ਕਿਹਾ ਕਿ ਉਹ ਰਾਣੋ ਨੂੰ ਪੜ੍ਹਨ ਲਈ ਸਕੂਲ ਭੇਜਿਆ ਕਰੇ। ਉਹ ਰਾਣੋ ਦੇ ਲੀੜੇ-ਕੱਪੜੇ, ਕਿਤਾਬਾਂ, ਫੀਸ ਅਤੇ ਹੋਰ ਖਰਚਾ ਸਮੇਂ-ਸਮੇਂ 'ਤੇ ਦੇ ਦਿਆ ਕਰੇਗਾ।



ਹੁਸ਼ਿਆਰ ਸਿੰਘ ਨੇ ਕੀਤੇ ਵਾਅਦੇ ਨੂੰ ਅਖੀਰ ਤੱਕ ਬਾਖ਼ੂਬੀ ਨਿਭਾਇਆ। ਰਾਣੋ ਪੜ੍ਹਦੀ-ਪੜ੍ਹਦੀ ਪੰਜਵੀਂ, ਦਸਵੀਂ ਅਤੇ ਫਿਰ ਚੰਗੇ ਨੰਬਰਾਂ ਵਿੱਚ ਬੀ.ਏ. ਕਰ ਗਈ। ਇਸ ਸਮੇਂ ਦੌਰਾਨ ਉਸ ਕੋਲੋਂ ਉਸ ਦੇ ਮਾਂ-ਬਾਪ ਦੋਵੇਂ ਹੀ ਵਾਰੋ-ਵਾਰੀ ਖੁੱਸ ਗਏ ਭਾਵ ਰੱਬ ਨੂੰ ਪਿਆਰੇ ਹੋ ਗਏ। ਇਸ ਕਾਰਨ ਉਹ ਇੱਕ ਵਾਰ ਤਾਂ ਧੁਰ ਅੰਦਰ ਤੱਕ ਟੁੱਟ ਗਈ, ਪਰ ਟੀਚੇ ਮਿੱਥ ਲੈਣ ਵਾਲਿਆਂ ਦੇ ਰਾਹ ਕੋਈ ਔਕੜ-ਮੁਸ਼ਕਿਲ ਕਦੇ ਵੀ ਨਹੀਂ ਰੋਕ ਸਕਦੀ। ਰਾਣੋ ਨੇ ਹੁਸ਼ਿਆਰ ਸਿੰਘ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਬੀ.ਐੱਡ. ਤੇ ਇਸ ਤੋਂ ਬਾਅਦ ਐੱਮ.ਏ. ਪੰਜਾਬੀ ਕਰ ਲਈ। ਹੁਣ ਉਹ ਸਰਕਾਰੀ ਨੌਕਰੀ ਦੀ ਭਾਲ ਵਿੱਚ ਸੀ। ਜਦ ਤੱਕ ਸਰਕਾਰੀ ਨੌਕਰੀ ਨਾ ਮਿਲੀ, ਉਸ ਨੇ ਪ੍ਰਾਈਵੇਟ ਕਾਲਜ ਵਿੱਚ ਮਿਲੀ ਬਤੌਰ ਪੰਜਾਬੀ ਲੈਕਚਰਾਰ ਨੌਕਰੀ ਸਵੀਕਾਰ ਕਰ ਲਈ। ਬੇਸ਼ੱਕ ਉਸ ਨੂੰ ਪਿੰਡ ਤੋਂ ਨੌਕਰੀ ਲਈ ਸ਼ਹਿਰ ਜਾਣ 'ਚ ਮੁਸ਼ਕਿਲ ਆ ਰਹੀ ਸੀ, ਪਰ ਉਹ ਮੁਸ਼ਕਿਲਾਂ ਨਾਲ ਟਕਰਾਉਣ ਦਾ ਵੱਲ ਬਾਖ਼ੂਬੀ ਜਾਣਦੀ ਸੀ।

ਵਕਤ ਆਪਣੀ ਚਾਲ ਚੱਲਦਾ ਗਿਆ। ਭਾਵੇਂ ਰਾਣੋ ਨੂੰ ਸਰਕਾਰੀ ਨੌਕਰੀ ਨਹੀਂ ਮਿਲੀ ਸੀ, ਪਰ ਉਸ ਦੀ ਲਿਆਕਤ ਦੀ ਚਰਚਾ ਲਾਗੇ-ਲਾਗੇ ਦੇ ਸਾਰੇ ਪਿੰਡਾਂ ਵਿੱਚ ਹੋ ਰਹੀ ਸੀ ਕਿ ਉਹ ਕਿੰਝ ਗ਼ਰੀਬੀ ਹੰਢਾਉਂਦੀ ਹੋਈ ਅੱਵਲ ਦਰਜੇ ਦੀ ਪੜ੍ਹਾਈ ਕਰ ਗਈ। ਇਸ ਕਰਕੇ ਰਾਣੋ ਦਾ ਬਹੁਤ ਸਤਿਕਾਰ ਹੋ ਰਿਹਾ ਸੀ। ਉਸ ਨੂੰ ਵਧੀਆ-ਵਧੀਆ ਘਰਾਂ ਦੇ ਰਿਸ਼ਤੇ ਵੀ ਆ ਰਹੇ ਸਨ, ਪਰ ਉਸ ਨੇ ਇਸ ਫ਼ੈਸਲੇ ਦਾ ਅਖਤਿਆਰ ਹੁਸ਼ਿਆਰ ਸਿੰਘ ਨੂੰ ਦੇ ਦਿੱਤਾ ਸੀ ਕਿਉਂਕਿ ਉਹ ਆਪਣੇ ਇਸ ਜੀਵਨ ਨੂੰ ਉਸ ਦੇ ਗਿਰਵੀ ਮੰਨਦੀ ਸੀ। ਸਹੀ ਸਮਾਂ ਤੇ ਸਹੀ ਰਿਸ਼ਤਾ ਵੇਖ ਹੁਸ਼ਿਆਰ ਸਿੰਘ ਨੇ ਰਾਣੋ ਦਾ ਰਿਸ਼ਤਾ ਉਸ ਪ੍ਰਾਈਵੇਟ ਕਾਲਜ ਦੇ ਮਾਲਕ ਦੇ ਹੋਣਹਾਰ ਪੁੱਤਰ ਹਰੀਸ਼ ਨਾਲ ਉਸ ਦੇ ਪੂਰੇ ਪਰਿਵਾਰ ਦੀ ਸਹਿਮਤੀ ਨਾਲ ਪੱਕਾ ਕਰ ਦਿੱਤਾ ਜਿਸ ਕਾਲਜ ਵਿੱਚ ਰਾਣੋ ਲੈਕਚਰਾਰ ਸੀ। ਕੁਝ ਸਮੇਂ ਬਾਅਦ ਹੀ ਹਰੀਸ਼ ਤੇ ਰਾਣੋ ਦਾ ਵਿਆਹ ਬੜੇ ਸਾਦੇ ਢੰਗ ਨਾਲ ਹੋ ਗਿਆ। ਹੁਣ ਰਾਣੋ ਉਸ ਕਾਲਜ ਦੀ ਮਾਲਕ ਬਣ ਗਈ ਸੀ ਜਿੱਥੇ ਉਹ ਕਦੇ ਨੌਕਰੀ ਕਰਿਆ ਕਰਦੀ ਸੀ। ਉਹ ਪਹਿਲਾਂ ਤੋਂ ਵੀ ਵੱਧ ਮਿਹਨਤ ਨਾਲ ਕਾਲਜ ਦੀ ਬਿਹਤਰੀ ਲਈ ਕੰਮ ਕਰਨ ਲੱਗੀ। ਨਤੀਜੇ ਵਜੋਂ ਉਸ ਕਾਲਜ ਵਿੱਚ ਸਿਖਿਆਰਥੀਆਂ ਦੀ ਗਿਣਤੀ ਪਹਿਲਾਂ ਨਾਲੋਂ ਦੁੱਗਣੀ ਹੋ ਗਈ।

ਹੁਣ ਰਾਣੋ ਨੂੰ ਆਉਣ-ਜਾਣ ਲਈ ਗੱਡੀ ਅਤੇ ਇੱਕ ਡਰਾਈਵਰ ਮਿਲ ਗਿਆ ਸੀ। ਉਸ ਨੇ ਆਪਣੇ ਸੰਕਲਪ ਮੁਤਾਬਿਕ ਆਪਣੇ ਜੱਦੀ ਘਰ ਜਿੱਥੇ ਆਪਣੇ ਮਾਪਿਆਂ ਨਾਲ ਬਚਪਨ ਦੇ ਅਤਿ ਗ਼ਰੀਬੀ ਭਰੇ ਦਿਨ ਗੁਜ਼ਾਰੇ ਸਨ, ਵਿੱਚ ਉਸ ਨੇ ਮੁਫ਼ਤ ਟਿਊਸ਼ਨ ਸੈਂਟਰ ਖੋਲ੍ਹ ਦਿੱਤਾ ਸੀ। ਇਸ ਦਾ ਨਾਮ 'ਵਿੱਦਿਆ ਮੁਫ਼ਤ ਟਿਊਸ਼ਨ ਸੈਂਟਰ' ਆਪਣੀ ਮਾਂ ਦੇ ਨਾਮ 'ਤੇ ਰੱਖਿਆ ਸੀ ਜਿਸ ਨੂੰ ਉਹ ਬਹੁਤ ਪਿਆਰ ਕਰਦੀ ਸੀ। ਉਹ ਚਾਹੁੰਦੀ ਸੀ ਕਿ ਪੜ੍ਹਾਈ ਨੂੰ ਗ਼ਰੀਬਾਂ ਦੀ ਪਹੁੰਚ ਤੋਂ ਬਹੁਤ ਦੂਰ ਸਮਝਣ ਵਾਲੀ ਉਸ ਦੀ ਮਾਂ ਦੇ ਨਾਮ 'ਤੇ ਬਣੇ ਇਸ ਟਿਊਸ਼ਨ ਸੈਂਟਰ ਤੋਂ ਉਹ ਬੱਚੇ ਪੜ੍ਹਾਈ ਕਰ ਸਕਣ ਜੋ ਗ਼ਰੀਬੀ ਕਾਰਨ ਪੜ੍ਹਾਈ ਬਾਰੇ ਸੋਚ ਵੀ ਨਹੀਂ ਸਕਦੇ। ਇਸ ਟਿਊਸ਼ਨ ਸੈਂਟਰ ਵਿੱਚ ਉਹ ਕਾਲਜ 'ਚੋਂ ਛੁੱਟੀ ਹੋਣ ਤੋਂ ਬਾਅਦ ਜਾਂਦੀ ਸੀ। ਇਸ ਟਿਊਸ਼ਨ ਸੈਂਟਰ ਵਿੱਚ ਹਰ ਬੱਚਾ ਮੁਫ਼ਤ ਪੜ੍ਹਾਈ ਕਰ ਸਕਦਾ ਸੀ। ਉਸ ਨੇ ਇੱਕ ਹੋਰ ਵਿਲੱਖਣ ਕੰਮ ਕੀਤਾ ਸੀ ਜਿਸ ਵਿੱਚ ਵੱਡੀਆਂ ਕਲਾਸਾਂ ਨੂੰ ਉਹ ਖ਼ੁਦ ਪੜ੍ਹਾਉਂਦੀ ਸੀ ਅਤੇ ਛੋਟੀਆਂ ਕਲਾਸਾਂ ਨੂੰ ਵੱਡੀਆਂ ਕਲਾਸਾਂ ਦੇ ਬੱਚੇ ਪੜ੍ਹਾਉਂਦੇ ਸਨ, ਇਉਂ ਇਸ ਟਿਊਸ਼ਨ ਸੈਂਟਰ ਦਾ ਲੋਕ ਭਰਪੂਰ ਲਾਭ ਉਠਾ ਰਹੇ ਸਨ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਦੁਨੀਆਂ
### ਹਰਜਿੰਦਰ ਸੰਧੂ ਰਾਜਲਹੇੜੀ

ਜਦੋਂ ਕਿਸੇ ਦਾ ਹੋ ਨੁਕਸਾਨ ਜਾਏ।
ਫਸ ਮੁਸੀਬਤ ਦੇ ਵਿੱਚ ਜਾਨ ਜਾਏ।
ਤੋੜ ਕਿਸੇ ਦਾ ਕੋਈ ਸਨਮਾਨ ਜਾਏ,
ਫਿਰ ਉਦੋਂ ਦੁਨੀਆ ਹੱਸਦੀ ਆ,
ਬਈ ਉਦੋਂ ਦੁਨੀਆ ਹੱਸਦੀ ਆ।
ਜਦੋਂ ਧੀ ਕਿਸੇ ਦੀ ਉਧਲ ਜਾਏ।
ਗੱਲ ਕਰਦਾ ਫਸ ਕੋਈ ਚੁਗਲ ਜਾਏ।
ਬੰਦਾ ਝੂਠਾ ਮੂੰਹੋਂ ਸੱਚ ਉਗਲ ਜਾਏ,
ਫਿਰ ਉਦੋਂ
ਜਦੋਂ ਚੜ੍ਹੀ ਹੋਈ ਗੁੱਡੀ ਉੱਤਰ ਜਾਏ।
ਕਰ ਕੌਲ-ਕਰਾਰ ਕੋਈ ਮੁੱਕਰ ਜਾਏ।
ਵਿਕ ਖੇਤ ਦੀ ਕੋਈ ਨੁੱਕਰ ਜਾਏ,
ਫਿਰ ਉਦੋਂ
ਜਦੋਂ ਪੈਸਾ ਲੈ ਕੋਈ ਦੱਬ ਜਾਏ।
ਬਹੁਤਾ ਸਿਆਣਾ ਬੰਦਾ ਠੱਗ ਜਾਏ।
ਮੁਖੀ ਖਾੜੇ ਦਾ ਪਿੱਠ ਦਿਖਾ ਭੱਜ ਜਾਏ,
ਫਿਰ ਉਦੋਂ
ਜਦੋਂ ਦੋਸਤ, ਦੁਸ਼ਮਣ ਬਣ ਜਾਏ।
'ਰਾਜਲਹੇੜੀ' ਕਿਸੇ ਨਾਲ ਠਣ ਜਾਏ।
'ਸੰਧੂ' ਇੱਜ਼ਤ ਕਿਸੇ ਦੀ ਛਣ ਜਾਏ,
ਫਿਰ ਉਦੋਂ

## ਪਿੰਡ ਭੁਲਾਈ ਜਾਂਦੇ ਹਾਂ
### ਯੋਰਿੰਦਰ ਸਿੰਗਲਾ

ਆਲ੍ਹਣਿਆਂ ਨੂੰ ਛੱਡ ਕੇ, ਪਿੰਡ ਭੁਲਾਈ ਜਾਂਦੇ ਹਾਂ,
ਘੁਰਨਿਆਂ ਅੰਦਰ, ਪੱਥਰ ਖ਼ੂਬ ਲਗਾਈ ਜਾਂਦੇ ਹਾਂ।
ਮੋਹ ਪਿਆਰ ਦੇ ਰਿਸ਼ਤੇ, ਅੰਦਰੋਂ ਖਾਲੀ ਢੋਲ ਬਣੇ,
ਪੈਸਿਆਂ ਪਿੱਛੇ ਖ਼ੂਨ ਦਾ ਰੰਗ ਵਟਾਈ ਜਾਂਦੇ ਹਾਂ।
ਆਧੁਨਿਕਤਾ ਦੇ ਰੰਗ ਚ ਰੰਗ ਕੇ, ਹੀਰੋ ਬਣਦੇ ਹਾਂ,
ਗੀਝੋ ਗੀਝੀ ਜੁਆਕ ਜਹਾਜ਼ ਚੜ੍ਹਾਈ ਜਾਂਦੇ ਹਾਂ।
ਹਵਾ 'ਚ ਉੱਡੇ ਫਿਰਦੇ ਆਂ, ਘੁੱਟ ਲਾਲ ਪਰੀ ਪੀ ਕੇ,
ਕਾਲੀ ਮਾਈ, ਚਿੱਟੇ ਦੇ ਕਸ਼ ਲਾਈ ਜਾਂਦੇ ਹਾਂ।
,ਆਲੀਸ਼ਾਨ ਬਣਾ ਲਏ ਬੰਗਲੇ, ਵੇਚ ਜ਼ਮੀਨਾਂ ਨੂੰ,
ਤਾਲੇ ਲਾ ਕੇ, ਡਾਲਰ ਖ਼ੂਬ ਕਮਾਈ ਜਾਂਦੇ ਹਾਂ।
ਸਾਡੇ ਸਿਰਾਂ 'ਤੇ ਸਾਡੀਆਂ ਜੁੱਤੀਆਂ ਮਾਰ ਕੇ ਜਾਂਦਾ ਹੈ,
ਵੋਟਾਂ ਮੁੜ ਮੁੜ ਓਸੇ ਨੂੰ ਹੀ ਪਾਈ ਜਾਂਦੇ ਹਾਂ।

## ਮਮਤਾ ਦਾ ਮੁੱਲ
### ਜਸਵੀਰ ਸਿੰਘ ਭਲੂਰੀਆ



ਹੈ ਗੱਲ ਵਿਚਾਰਨ ਵਾਲੀ ਦੱਸ ਤੂੰ ਕਦੋਂ ਵਿਚਾਰੇਂਗਾ
ਮਾਂ ਦੀ ਮਮਤਾ ਦਾ ਮੁੱਲ ਦੱਸ ਤੂੰ ਕਿਵੇਂ ਉਤਾਰੇਂਗਾ
ਗਰਭ ਕਾਲ ਵਿੱਚ ਕਿੰਨੇ ਕਸ਼ਟ ਮਾਂ ਨੇ ਕੱਟੇ ਨੇ
ਔਲਾਦ ਲਈ ਸਵਾਦ ਤਿਆਗੇ ਮਿੱਠੇ-ਖੱਟੇ ਨੇ
ਮਾਂ ਤਾਂ ਸੋਚਦੀ ਹੋਣੀ ਮਾਂ ਤੋਂ ਜਾਨ ਤੂੰ ਵਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਸਭ ਤੋਂ ਪਹਿਲਾਂ ਉੱਠ ਕੇ ਸਭ ਤੋਂ ਪਿੱਛੋਂ ਸੌਂਦੀ ਰਹੀ
ਆਪ ਭੁੱਖੀ ਰਹਿ ਤੇਰੇ ਮੂੰਹ ਵਿੱਚ ਚੂਰੀ ਪਾਉਂਦੀ ਰਹੀ
ਕੀ ਪਤਾ ਸੀ ਮਾਂ ਨੂੰ ਮਾਂ ਨਹੀਂ 'ਬੁੜੀ' ਪੁਕਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਨਾ ਕੁਝ ਖਾਧਾ, ਨਾ ਪਹਿਨਿਆ, ਜਿਉਂਈ ਮਰ ਮਰ ਕੇ
ਤੈਨੂੰ ਮਾਂ ਨੇ ਮਸਾਂ ਪਾਲਿਆ ਕਿਰਸਾਂ ਕਰ ਕਰ ਕੇ
ਮਾਂ ਕੀ ਜਾਣੇ ਵੱਡਾ ਹੋ ਕੇ ਤੂੰ ਜਿਉਂਦੀ ਮਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਜਿਨ੍ਹਾਂ ਦੇ ਪੁੱਤ ਸਲਾਮਤ ਉਹ ਮਾਪੇ ਧੱਕੇ ਖਾਣ ਕਿਉਂ
ਬਿਰਧ ਆਸ਼ਰਮਾਂ ਵਿੱਚ ਭਲਾ ਉਹ ਮਾਪੇ ਜਾਣ ਕਿਉਂ
ਬੰਦਿਆ ਅਮਲ ਕਰੇਂਗਾ ਜਾਂ ਗੱਲਾਂ ਨਾਲ ਸਾਰੇਂਗਾ
ਮਾਂ ਦੀ ਮਮਤਾ ਦਾ ਮੁੱਲ
ਭਲੂਰੀਆ ਅਰਜ਼ਾਂ ਕਰਦਾ ਠੰਢੇ ਮਨ ਨਾਲ ਸੋਚ ਲਵੋ
ਅਣਮੁੱਲਾ ਹੈ ਇਹ ਖ਼ਜ਼ਾਨਾ ਖੁੱਸਦਾ ਜਾਂਦਾ ਬੋਚ ਲਵੋ
ਜਦ ਮਾਂ ਤੁਰਗੀ ਹੱਥ ਭਲੂਰੀਆ ਪੱਟਾਂ 'ਤੇ ਮਾਰੇਂਗਾ
ਮਾਂ ਦੀ ਮਮਤਾ ਦਾ ਮੁੱਲ

## ਧੀਆਂ
### ਬਲਜਿੰਦਰ ਮਾਨ



ਜਦੋਂ ਘਰ ਵਿੱਚ ਪੈਰ ਪਾਉਣ ਧੀਆਂ
ਖ਼ੁਸ਼ੀਆਂ ਖੇੜੇ ਨਾਲ ਲਿਆਉਣ ਧੀਆਂ।
ਪੁੱਤ ਕਪੁੱਤ ਤਾਂ ਕਦੀ ਹੋ ਸਕਦੇ
ਮਾਪਿਆਂ ਦਾ ਦਰਦ ਵੰਡਾਉਣ ਧੀਆਂ।
ਜਦੋਂ ਖ਼ੁਸ਼ੀਆਂ ਦੇ ਘਰ ਆਉਣ ਮੌਕੇ
ਰਲ ਮਿਲਕੇ ਆਨੰਦ ਵਧਾਉਣ ਧੀਆਂ
ਨਰੋਈ ਸੋਚ ਤੇ ਉੱਚੀਆਂ ਕਰਨ ਗੱਲਾਂ
ਇੱਥੇ ਉੱਥੇ ਵੀ ਸ਼ਾਨ ਵਧਾਉਣ ਧੀਆਂ।
ਸਹੁਰੇ ਜਾ ਕੇ ਨਵਾਂ ਉਹ ਜਨਮ ਲੈਵਣ
ਨਵਾਂ ਰੰਗ ਤੇ ਰੂਪ ਹੰਢਾਉਣ ਧੀਆਂ
ਜੀਵਨ ਵਿੱਚ ਤਿਆਗ ਦੀ ਬਣ ਮੂਰਤ
ਖੇੜੇ ਘਰਾਂ ਦੇ ਵਿੱਚ ਵਰਤਾਉਣ ਧੀਆਂ।
ਧੀਆਂ ਬਾਝ ਹੈ 'ਮਾਨਾ' ਜਗ ਸੁੰਨਾ
ਭਲੇ ਬੁਰੇ ਦੀ ਸਮਝ ਕਰਾਉਣ ਧੀਆਂ
ਦੋਨਾਂ ਪਰਿਵਾਰਾਂ ਦੀ ਆਨ ਤੇ ਸ਼ਾਨ ਬਣਕੇ
ਸਦਾ ਜਗ 'ਤੇ ਨਾਮ ਰੁਸ਼ਨਾਉਣ ਧੀਆਂ।

## ਦੋਹੇ
### ਨਿਰਮਲ ਸਿੰਘ ਰੱਤਾ

ਆਲ੍ਹੇ ਭੋਲ਼ੇ ਲਾਡਲੇ ਤੁਰਦੇ ਜਾਣ ਸਕੂਲ
ਆਖਣ ਚਾਨਣ ਲੱਭਣਾਂ 'ਨ੍ਹੇਰਾ ਨਹੀਂ ਕਬੂਲ।
ਜਗਦੀ ਜੋਤ ਗਿਆਨ ਦੀ ਚੱਲ ਸਕੂਲੇ ਵੇਖ
ਜੋਤ ਏਸ ਨੂੰ ਵੇਖ ਕੇ ਬਦਲ ਜਾਣਗੇ ਲੇਖ।
ਫੜ ਕੇ ਕਲ਼ਮ ਦਵਾਤ ਤੂੰ ਅੱਖਰ ਲਿਖਦਾ ਚੱਲ
ਸੂਰਜ ਬਣ ਬਣ ਅੱਖਰਾਂ ਰੌਸ਼ਨ ਕਰਨਾ ਕੱਲ੍ਹ।
ਅੱਖਰ ਅੱਖਰ ਬੋਲ ਕੇ ਕਲਮ ਚਲਾਉਣੀ ਸਿੱਖ
ਕਰ ਤੂੰ ਮਿਹਨਤ ਰੱਜਵੀਂ ਸੁੰਦਰ ਬਣੂੰ ਭਵਿੱਖ।
ਬਾਲਾਂ ਹੱਥੀਂ ਜਾਪਦੀ ਕਲਮ ਜਿਉਂ ਸ਼ਮਸ਼ੀਰ
ਅਨਪੜ੍ਹਤਾ ਦਾ ਟਾਕਰਾ ਕਰਦੇ ਨੰਨ੍ਹੇ ਵੀਰ।
ਆਖੇ ਮਾਂ ਨੂੰ ਲਾਡਲੀ ਕੀ ਮੈਂ ਕਰਨਾ ਦਾਜ
ਗਹਿਣਾ ਇੱਕੋ ਮੰਗਦੀ ਦੇ ਵਿਦਿਆ ਦਾ ਤਾਜ।
ਅੱਖਰ 'ਵਾਜਾਂ ਮਾਰਦੇ ਅੱਖਰ ਕਰਨ ਕਲੋਲ
ਆਵੋ ਬੀਬੇ ਬੱਚਿਓ ਬੋਲੋ ਮਿਠੜੇ ਬੋਲ।
ਰਲ਼ ਮਿਲ਼ ਆਪਾਂ ਰੱਖਣਾ ਆਲ ਦੁਆਲਾ ਸਾਫ਼
ਜਿਹੜੇ ਪਾਉਂਦੇ ਗੰਦਗੀ ਕਰੋ ਕਦੇ ਨਾ ਮਾਫ਼।
ਤੋਹਫ਼ਾ ਸਭ ਤੋਂ ਕੀਮਤੀ ਹੁੰਦੀ ਇੱਕ ਕਿਤਾਬ
ਸਾਰੀ ਉਮਰ ਪੁਆਂਵਦੀ ਝੋਲੀ ਵਿੱਚ ਖ਼ਿਤਾਬ

## ਗ਼ਜ਼ਲ
### ਰੋਜ਼ੀ ਸਿੰਘ

ਇਹੋ ਜਿਹੀ ਕਿਸੇ ਨੂੰ ਮੁਹੱਬਤ ਨਾ ਹੋਵੇ,
ਕਿ ਦੋ ਪਲ਼ ਜੀਣ ਦੀ ਮੋਹਲਤ ਨਾ ਹੋਵੇ।
ਜਿਸ ਲਈ ਪੈ ਜਾਵੇ ਸੂਲੀ 'ਤੇ ਚੜ੍ਹਨਾ,
ਕੋਈ ਇਸ ਤਰ੍ਹਾਂ ਦੀ ਜ਼ਰੂਰਤ ਨਾ ਹੋਵੇ।
ਨਜ਼ਰਾਂ 'ਚੋਂ ਡਿੱਗ ਜਾਂਦੇ ਬੇਨਜ਼ੀਰ ਬੰਦੇ,
ਨਜ਼ਰਾਂ ਦੀ ਜੇਕਰ ਇਨਾਇਤ ਨਾ ਹੋਵੇ।
ਗੁਰਬਤ ਦਾ ਵਿਹੜਾ ਕਿਆਮਤ ਤੋਂ ਭੈੜਾ,
ਗਰੀਬਾਂ ਦੇ ਵਿਹੜੇ ਕਿਆਮਤ ਨਾ ਹੋਵੇ।
ਤੇਰੇ ਪਿਆਰ ਏਨਾ ਮੈਂ ਮਸ਼ਰੂਫ ਹੋ ਜਾਵਾਂ
ਕਿ ਮੈਨੂੰ ਮਰਨ ਦੀ ਵੀ ਫੁਰਸਤ ਨਾ ਹੋਵੇ।
ਓਹ ਖ਼ਾਬਾਂ 'ਚ ਆਵੇ ਤੇ ਮੈਂ ਜਾਗ ਜਾਵਾਂ,
ਏਨੀ ਵੀ ਮਾੜੀ ਇਹ ਕਿਸਮਤ ਨਾ ਹੋਵੇ।

## ਮਾਏ
### ਮੰਜੂ ਰਾਇਕਾ



ਕਿਉਂ ਤੂੰ ਮੇਰੀ ਖਾਤਰ
ਮਾਏ ਆਪਣੇ ਸੁਪਨੇ ਮਾਰ ਗਈ
ਤੂੰ ਦੁਨੀਆਂ ਨੂੰ ਜਿੱਤ ਲੈਂਦੀ
ਇੱਕ ਮੇਰੇ ਕਰਕੇ ਹਾਰ ਗਈ
ਤੇਰੀ ਮਮਤਾ ਬੜੀ ਪਿਆਰੀ ਮਾਏ
ਜੋ ਸੂਰਜ ਨੂੰ ਵੀ ਠਾਰ ਗਈ
ਕੁਦਰਤ ਭਰੇ ਗਵਾਹੀ ਤੇਰੀ
ਤੂੰ ਦੁਨੀਆਂ ਨੂੰ ਤਾਰ ਗਈ
ਅਸਾਂ ਰਹਾਂਗੇ ਸ਼ੁਕਰਗੁਜ਼ਾਰ ਮਾਏ
ਦੱਸ ਕਿਵੇਂ ਸਭ ਸਹਾਰ ਗਈ
ਤੂੰ ਦੁੱਖ ਨਾ ਆਪਣੇ ਦੱਸਦੀ ਮਾਏ
ਮੈਂ ਠੀਕ ਕਹਿ ਕੇ ਚੁੱਪ ਧਾਰ ਗਈ
ਤੇਰੀ ਮਮਤਾ ਕੋਈ ਨਾ ਲਿਖ ਸਕਦਾ
ਮਾਂ ਨਿਆਰੀ ਹੁੰਦੀ ਜਗ ਤੋਂ
ਇਹ ਕਹਿ ਕੇ ਮੰਜੂ ਸਾਰ ਗਈ

## ਕਹਾਣੀ ਦੇਸ਼ ਵਿਦੇਸ਼ ਦੀ
### ਗੁਰਿੰਦਰ ਸਿੰਘ ਸੰਧੂਆਂ

ਦੋ ਮਿੱਤਰਾਂ ਦੀ ਦੋਸਤੀ ਵੱਖੋ ਵੱਖ ਵਿਚਾਰ।
ਕਹਾਣੀ ਦੇਸ਼ ਵਿਦੇਸ਼ ਦੀ ਕਵਿਤਾ ਰਹੀ ਉਚਾਰ।
ਪੰਮਾ ਤੇ ਪਰਮਜੀਤ ਦੋਵੇਂ ਇੱਕ ਪਿੰਡ ਰਹਿੰਦੇ
ਨੇੜੇ ਨੇੜੇ ਘਰ ਨਾਲੇ ਦੋਵੇਂ ਪੱਕੇ ਯਾਰ ਜੀ।
ਹਰ ਇੱਕ ਕੰਮ ਲਈ ਬੈਠ ਕੇ ਇਕੱਠੇ ਦੋਵੇਂ
ਭਾਈਆਂ ਵਾਂਗੂੰ ਕਰਦੇ ਵੀਰਨੋ ਵਿਚਾਰ ਜੀ।
ਦੋਵਾਂ ਕੋਲ ਮੁੰਡਾ ਕੁੜੀ ਬਖ਼ਸ਼ੀ ਔਲਾਦ ਦਾਤੇ
ਪੜ੍ਹਨ ਲਿਖਣ ਨੂੰ ਸੀ ਬੱਚੇ ਹੁਸ਼ਿਆਰ ਜੀ।
ਪਰਮਜੀਤ ਆਖਦਾ ਰਹਿੰਦਾ ਸੀ ਪੰਮੇ ਦੇ ਤਾਈਂ
ਬੱਚੇ ਆਪਾਂ ਭੇਜ ਦੇਣੇ ਪੰਮੇ ਸਿਹਾਂ ਬਾਹਰ ਜੀ
ਚੰਗੀ ਪੈਲੀ ਤੇਰੇ ਕੋਲ ਕਰਨਾ ਕੀ ਪੈਸਾ ਬਾਹਲ਼ਾ
ਹੋਣ ਕੋਲ ਬੱਚੇ ਹੁੰਦੀ ਮਸਤ ਬਹਾਰ ਜੀ।
ਪਰਮਜੀਤ ਦੇ ਨੇ ਬੱਚੇ ਜਾਕੇ ਤੇ ਵਿਦੇਸ਼ਾਂ ਵੱਸੇ
ਦਿਨ ਰਾਤ ਕੰਮ ਕੀਤਾ ਭਰਤੇ ਭੰਡਾਰ ਜੀ।
ਭੇਜਦੇ ਰਹੇ ਸੀ ਪੈਸਾ ਬੜਾ ਉਹ ਬਾਪੂ ਤਾਈਂ
ਕੋਠੀਆਂ ਹਵੇਲੀਆਂ ਦੇ ਹੋਗੇ ਸ਼ਾਹੂਕਾਰ ਜੀ।
ਪੜ੍ਹ ਲਿਖ ਦੇਸ਼ ਵਿੱਚ, ਪੰਮੇ ਦਾ ਸਿਆਣਾ ਪੁੱਤ
ਕਰੀ ਜਾਂਦਾ ਸੁੱਖ ਨਾਲ ਚੰਗਾ ਕੰਮ ਕਾਰ ਜੀ।
ਘਰ ਵਿੱਚ ਪ੍ਰੋਗਰਾਮ ਰੱਖ ਕੇ ਪਰਮਜੀਤ
ਕਰ ਲਿਆ 'ਕੱਠ ਵੱਡਾ ਸਜੇ ਦਰਬਾਰ ਜੀ।
ਵੇਖ ਵੇਖ ਲੋਕਾਂ ਤਾਈਂ ਚੜ੍ਹੀ ਜਾਂਦਾ ਚਾਅ ਉਹਨੂੰ
ਬੱਲੇ ਬੱਲੇ ਸੁਣ ਹੋਇਆ ਅੱਜ ਪੱਬਾਂ ਭਾਰ ਜੀ।
ਧੰਨਵਾਦ ਲਈ ਜਦੋਂ ਉੱਠਿਆ ਪਰਮਜੀਤ
ਫ਼ਤਹਿ ਨੂੰ ਬੁਲਾਕੇ ਕਰੇ ਉਸ ਨੇ ਦੀਦਾਰ ਜੀ
ਪੰਮੇ ਸੋਹਣੇ ਯਾਰ ਵਾਲੀ ਗੱਲ ਦਾ ਧਿਆਨ ਆਇਆਂ
ਕਰ ਕੇ ਬਚਨ ਯਾਦ ਰੋਵੇਂ ਭੁੱਬਾਂ ਮਾਰ ਜੀ।
ਬੇਨਤੀ ਹੈ ਮੇਰੀ ਅੱਜ ਸੁਣ ਲੈਣੀ ਸੰਗਤ ਜੀ
ਸਭ ਤੋਂ ਅਮੀਰ ਜਾਣੋਂ, ਕੋਲ ਪਰਿਵਾਰ ਜੀ।
ਬੇਬੇ ਬਾਪੂ ਤਰਸ'ਗੇ ਅੱਜ ਦੋਵੇਂ ਬੱਚਿਆਂ ਨੂੰ
ਕੋਠੀਆਂ ਹਵੇਲੀਆਂ ਕੀ ਕਰਨੇ ਭੰਡਾਰ ਜੀ।
ਜਿਹੋ ਜਿਹੀ ਮੱਤ ਅਸੀਂ ਦਿੱਤੀ ਸੀਗੀ ਬੱਚਿਆਂ ਨੂੰ
ਮਿਲੀ ਜਾਂਦਾ ਸਾਨੂੰ ਉਹੋ ਜਿਹਾ ਹੈ ਪਿਆਰ ਜੀ।
ਚੰਗਾ ਜੇ ਗੁਜ਼ਾਰਾ ਹੋਵੇ ਗੱਲ ਸੁਣ ਸੰਧੂਆਂ ਤੂੰ
ਲੈਣਾ ਕੀ ਹੈ ਦੱਸ ਫੇਰ ਜਾਕੇ ਇੱਥੋ ਬਾਹਰ ਜੀ।

## ਗ਼ਜ਼ਲ
### ਜਗਤਾਰ ਪੱਖੋ



ਪਾਣੀ ਉੱਤੇ ਮਨ ਦਾ ਨਕਸ਼ਾ ਵਾਹੁੰਦੀ ਹੋਈ।
ਡੁੱਬੀ ਹਾਂ ਮੈਂ ਮੋਹ ਦਾ ਗੀਤ ਬਣਾਉਂਦੀ ਹੋਈ।
ਨੋਚ ਰਿਹਾ ਹੈ ਗ਼ਮ ਦਾ ਸ਼ਿਕਰਾ ਸਹਿਜੇ ਸਹਿਜੇ,
ਬੇਦਿਲ ਹੋ ਗਈ ਰੂਹ ਦਾ ਮਾਸ ਖਵਾਉਂਦੀ ਹੋਈ।
ਲਾ ਕੇ ਤਾੜੀ ਦਿਲ ਨੇ ਢੇਰ ਸਵਾਗਤ ਕੀਤਾ,
ਯਾਦ ਕਿਸੇ ਦੀ ਆਈ ਸੀ, ਜਦ ਗਾਉਂਦੀ ਹੋਈ।
ਰੰਗ ਸਮੇਂ ਦੇ ਚੜ੍ਹਨੇ ਤੋਂ ਹੀ ਮੁਨਕਰ ਹੋ ਗਏ,
ਵਿੱਚ ਖ਼ਿਆਲਾਂ ਜਦ ਤਸਵੀਰ ਜਿਉਂਦੀ ਹੋਈ।
ਮੇਰੀ ਧੜਕਣ ਉੱਤੇ ਉਸਦਾ ਸ਼ੱਕ ਬੜਾ ਹੈ,
ਉਮਰਾ ਗੁਜ਼ਰੀ ਜਿਸ ਦਾ ਸਾਥ ਨਿਭਾਉਂਦੀ ਹੋਈ।
ਜਿਨ੍ਹਾਂ ਦੀ ਹੁਣ ਅਸਲ ਸ਼ਨਾਖ਼ਤ ਹੋਈ ਪੱਖੋ,
ਉਹ ਸਿਰਨਾਵੇਂ ਹੱਥਾਂ ਨਾਲ ਮਿਟਾਉਂਦੀ ਹੋਈ।

# ਜੈ ਸ਼ਾਹ ਨੇ ਆਈ.ਸੀ.ਸੀ. ਦੇ ਨਵੇਂ ਚੇਅਰਮੈਨ ਵਜੋਂ ਸੰਭਾਲਿਆ ਅਹੁਦਾ

ਦੁਬਈ/ਏ.ਟੀ.ਨਿਊਜ਼: ਬੀ.ਸੀ.ਸੀ.ਆਈ. ਦੇ ਸਾਬਕਾ ਸਕੱਤਰ ਜੈ ਸ਼ਾਹ ਨੇ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਇਸ ਵੱਕਾਰੀ ਵਿਸ਼ਵ ਸੰਸਥਾ ਦੇ ਪੰਜਵੇਂ ਭਾਰਤੀ ਮੁਖੀ ਬਣੇ ਹਨ। ਜ਼ਿਕਰਯੋਗ ਹੈ ਕਿ 36 ਸਾਲਾ ਸ਼ਾਹ ਪਿਛਲੇ ਪੰਜ ਸਾਲਾਂ ਤੋਂ ਬੀ.ਸੀ.ਸੀ.ਆਈ. ਦੇ ਸਕੱਤਰ ਸਨ।



ਆਈ.ਸੀ.ਸੀ. ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਸਰਬਸੰਮਤੀ ਨਾਲ ਚੋਣ ਹੋਈ ਤੇ ਉਨ੍ਹਾਂ ਨੇ ਨਿਊਜ਼ੀਲੈਂਡ ਦੇ ਅਟਾਰਨੀ ਗ੍ਰੇਗ ਬਾਰਕਲੇ ਦੀ ਥਾਂ ਲਈ ਜੋ ਲਗਾਤਾਰ ਤੀਜੀ ਵਾਰ ਇਸ ਅਹੁਦੇ 'ਤੇ ਨਹੀਂ ਰਹਿਣਾ ਚਾਹੁੰਦੇ ਸਨ। ਦੱਸਣਾ ਬਣਦਾ ਹੈ ਕਿ ਸ਼ਾਹ ਤੋਂ ਪਹਿਲਾਂ, ਮਰਹੂਮ ਕਾਰੋਬਾਰੀ ਜਗਮੋਹਨ ਡਾਲਮੀਆ, ਸਿਆਸਤਦਾਨ ਸ਼ਰਦ ਪਵਾਰ, ਵਕੀਲ ਸ਼ਸ਼ਾਂਕ ਮਨੋਹਰ ਅਤੇ ਉਦਯੋਗਪਤੀ ਐਨ ਸ੍ਰੀਨਿਵਾਸਨ ਆਈ.ਸੀ.ਸੀ. ਦੇ ਮੁਖੀ ਸਨ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੁੱਤਰ ਲਈ ਇਹ ਰਾਹ ਸੌਖਾ ਨਹੀਂ ਹੋਵੇਗਾ ਕਿਉਂਕਿ ਆਈ.ਸੀ.ਸੀ. ਦੀ ਪਾਕਿਸਤਾਨ ਵਿੱਚ ਹੋਣ ਵਾਲੀ ਚੈਂਪੀਅਨਜ਼ ਟਰਾਫੀ ਲਈ ਕਈ ਚੁਣੌਤੀਆਂ ਦਰਪੇਸ਼ ਹਨ।

# ਸਾਡਾ ਟੀਚਾ ਹਮੇਸ਼ਾ ਉਲੰਪਿਕ ਤੇ ਵਿਸ਼ਵ ਕੱਪ 'ਚ ਸੋਨ ਤਗ਼ਮਾ ਜਿੱਤਣਾ ਹੋਵੇਗਾ : ਹਰਮਨਪ੍ਰੀਤ ਸਿੰਘ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਕੋਲ ਦੋ ਉਲੰਪਿਕ ਕਾਂਸੀ ਤਗ਼ਮੇ ਹਨ ਪਰ ਉਸ ਨੂੰ ਵਿਸ਼ਵ ਕੱਪ ਵਿੱਚ ਤਗ਼ਮਾ ਨਾ ਜਿੱਤ ਸਕਣ ਦਾ ਅਫ਼ਸੋਸ ਹੈ ਤੇ ਉਹ ਇਸ ਕਮੀ ਨੂੰ 2026 ਵਿੱਚ ਹੋਣ ਵਾਲੇ ਟੂਰਨਾਮੈਂਟ 'ਚ ਪੂਰਾ ਕਰਨਾ ਚਾਹੁੰਦਾ ਹੈ। ਭਾਰਤ ਨੇ ਵਿਸ਼ਵ ਕੱਪ 'ਚ ਅਜੇ ਤਕ ਤਿੰਨ ਤਗ਼ਮੇ ਜਿੱਤੇ ਹਨ।



ਭਾਰਤ ਨੇ 1971 (ਬਾਰਸੀਲੋਨਾ) ਵਿੱਚ ਕਾਂਸੀ, 1973 'ਚ ਚਾਂਦੀ (ਐਮਸਟੇਲਵੀਨ, ਨੀਦਰਲੈਂਡ) ਤੇ ਅਜੀਤ ਪਾਲ ਦੀ ਅਗਵਾਈ 'ਚ 1975 (ਕੁਅਲਾਲੰਪੁਰ) 'ਚ ਸੋਨ ਤਗ਼ਮਾ ਜਿਤਿਆ ਸੀ। ਹਰਮਨਪ੍ਰੀਤ ਟੋਕੀਉ ਤੇ ਪੈਰਿਸ ਉਲੰਪਿਕ ਵਿੱਚ ਕਾਂਸੀ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਦਾ ਮੈਂਬਰ ਸੀ। ਪੈਰਿਸ ਖੇਡਾਂ ਵਿੱਚ ਉਹ ਟੀਮ ਦਾ ਕਪਤਾਨ ਵੀ ਸੀ। ਉਹ 2016 ਵਿੱਚ ਲਖਨਊ ਵਿਚ ਜੂਨੀਅਰ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਮੈਂਬਰ ਵੀ ਸੀ। ਹਰਮਨਪ੍ਰੀਤ ਨੇ ਕਿਹਾ, "ਸਾਡਾ ਟੀਚਾ ਹਮੇਸ਼ਾ ਉਲੰਪਿਕ ਵਿੱਚ ਸੋਨ ਤਗ਼ਮਾ ਤੇ ਵਿਸ਼ਵ ਕੱਪ 'ਚ ਤਗ਼ਮਾ ਜਿੱਤਣਾ ਹੋਵੇਗਾ।"

ਅਸੀਂ ਪੈਰਿਸ ਵਿੱਚ ਜਿਸ ਤਰ੍ਹਾਂ ਨਾਲ ਪ੍ਰਦਰਸ਼ਨ ਕੀਤਾ, ਉਸ ਤੋਂ ਪਤਾ ਲਗਦਾ ਹੈ ਕਿ ਅਸੀਂ ਕਿਸੇ ਵੀ ਚੋਟੀ ਦੀ ਟੀਮ ਦਾ ਸਾਹਮਣਾ ਕਰ ਕੇ ਜਿੱਤ ਸਕਦੇ ਹਾਂ।" ਉਸ ਨੇ ਕਿਹਾ, "ਸਾਡਾ ਫ਼ਿਲਹਾਲ ਟੀਚਾ ਐਫ਼.ਆਈ.ਐੱਚ. ਪ੍ਰੋ ਲੀਗ ਦੇ ਮੈਚ ਹਨ। ਅਸੀਂ ਏਸ਼ੀਆਈ ਕੱਪ ਵਿੱਚ ਜਿੱਤ ਦਰਜ ਕਰਦੇ ਹੋਏ ਵਿਸ਼ਵ ਕੱਪ ਲਈ ਸਿੱਧੇ ਕੁਆਲੀਫ਼ਾਈ ਕਰਨਾ ਚਾਹੁੰਦੇ ਹਾਂ।" ਹਰਮਨਪ੍ਰੀਤ ਨੇ ਕਿਹਾ, "ਉਮੀਦ ਹੈ ਕਿ ਅਸੀਂ ਅਪਣੇ ਕੈਰੀਅਰ ਦੌਰਾਨ ਉਨ੍ਹਾਂ ਸੁਨਹਿਰੇ ਦਿਨਾਂ ਨੂੰ ਫਿਰ ਤੋਂ ਜੀਅ ਸਕਾਂਗੇ। ਜਦੋਂ ਤਕ ਅਸੀਂ ਇਸ ਨੂੰ ਹਾਸਲ ਨਹੀਂ ਕਰ ਲੈਂਦੇ, ਅਸੀਂ ਹਾਰ ਨਹੀਂ ਮੰਨਾਂਗੇ।"

# ਚੈਂਪੀਅਨਜ਼ ਟਰਾਫ਼ੀ 2025 ਦੇ ਹਾਈਬ੍ਰਿਡ ਮਾਡਲ ਲਈ ਪਾਕਿਸਤਾਨ ਰਾਜ਼ੀ

## ਟੂਰਨਾਮੈਂਟ ਕਿੱਥੇ ਹੋਵੇਗਾ, ਇਸ ਬਾਰੇ ਬਣਿਆ ਹੋਇਆ ਹੈ ਸਸਪੈਂਸ

ਨਵੀਂ ਦਿੱਲੀ/ਏ.ਟੀ.ਨਿਊਜ਼ : ਚੈਂਪੀਅਨਜ਼ ਟਰਾਫ਼ੀ 2025 ਦਾ ਆਯੋਜਨ ਪਾਕਿਸਤਾਨ 'ਚ ਹੋਣਾ ਹੈ। ਪਾਕਿਸਤਾਨ ਨੂੰ ਇਸ ਟੂਰਨਾਮੈਂਟ ਦੀ ਮੇਜ਼ਬਾਨੀ ਮਿਲੀ ਹੈ ਪਰ ਟੂਰਨਾਮੈਂਟ ਦਾ ਸ਼ਡਿਊਲ ਅਜੇ ਜਾਰੀ ਨਹੀਂ ਕੀਤਾ ਗਿਆ ਹੈ। ਜਦੋਂ ਕਿ ਟੂਰਨਾਮੈਂਟ ਕਿੱਥੇ ਹੋਵੇਗਾ, ਇਸ ਬਾਰੇ ਸਸਪੈਂਸ ਬਣਿਆ ਹੋਇਆ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਭਾਰਤੀ ਟੀਮ ਨੇ ਪਾਕਿਸਤਾਨ ਜਾਣ ਤੋਂ ਇਨਕਾਰ ਕਰ ਦਿੱਤਾ। ਜਿਸ ਤੋਂ ਬਾਅਦ ਆਈ.ਸੀ.ਸੀ. ਇਸ ਟੂਰਨਾਮੈਂਟ ਨੂੰ ਹਾਈਬ੍ਰਿਡ ਮਾਡਲ 'ਤੇ ਕਰਵਾਉਣ 'ਤੇ ਵਿਚਾਰ ਕਰ ਰਹੀ ਹੈ। ਆਈ.ਸੀ.ਸੀ. ਨੇ ਇਸ ਲਈ 29 ਨਵੰਬਰ ਨੂੰ ਮੀਟਿੰਗ ਵੀ ਕੀਤੀ ਸੀ। ਹਾਲਾਂਕਿ ਉਸ ਬੈਠਕ 'ਚ ਕੁੱਝ ਪਾਕਿਸਤਾਨੀਆਂ ਨੇ ਹਾਈਬ੍ਰਿਡ ਮਾਡਲ 'ਤੇ ਇਤਰਾਜ਼ ਪ੍ਰਗਟਾਇਆ ਸੀ।

ਖ਼ਬਰਾਂ ਮੁਤਾਬਕ ਹੁਣ ਪੀ.ਸੀ.ਬੀ. ਹਾਈਬ੍ਰਿਡ ਮਾਡਲ ਲਈ ਤਿਆਰ ਹੈ ਪਰ ਆਈ.ਸੀ.ਸੀ. ਅੱਗੇ ਕੁੱਝ ਸ਼ਰਤਾਂ ਰੱਖੀਆਂ ਹਨ, ਜਿਨ੍ਹਾਂ ਨੂੰ ਆਈ.ਸੀ.ਸੀ. ਮੰਨ ਸਕਦਾ ਹੈ ਜਾਂ ਨਹੀਂ। ਇਹ ਦੇਖਣਾ ਹੋਵੇਗਾ। ਪੀ.ਸੀ.ਬੀ. ਚਾਹੁੰਦਾ ਹੈ ਕਿ ਇਸ ਟੂਰਨਾਮੈਂਟ ਦਾ ਫ਼ਾਈਨਲ ਮੈਚ ਲਾਹੌਰ ਵਿੱਚ ਕਰਵਾਇਆ ਜਾਵੇ। ਇਸ ਨੂੰ ਬੈਕਅੱਪ ਵਜੋਂ ਰਖਿਆ ਜਾਣਾ ਚਾਹੀਦਾ ਹੈ। ਜੇਕਰ ਭਾਰਤੀ ਟੀਮ ਫ਼ਾਈਨਲ ਵਿੱਚ ਨਹੀਂ ਪਹੁੰਚਦੀ ਤਾਂ ਇਸ ਟੂਰਨਾਮੈਂਟ ਦਾ ਫ਼ਾਈਨਲ ਲਾਹੌਰ ਵਿਚ ਹੀ ਹੋਣਾ ਚਾਹੀਦਾ ਹੈ।




ਪੀ.ਸੀ.ਬੀ. ਨੇ ਇਹ ਵੀ ਕਿਹਾ ਕਿ ਜੇਕਰ ਭਾਰਤ ਭਵਿੱਖ ਵਿੱਚ ਕਿਸੇ ਵੀ ਆਈ.ਸੀ.ਸੀ. ਟੂਰਨਾਮੈਂਟ ਦਾ ਆਯੋਜਨ ਕਰਦਾ ਹੈ ਤਾਂ ਉਹ ਟੂਰਨਾਮੈਂਟ ਵੀ ਹਾਈਬ੍ਰਿਡ ਮਾਡਲ 'ਤੇ ਹੋਣਾ ਚਾਹੀਦਾ ਹੈ। ਪਾਕਿਸਤਾਨ ਭਾਰਤ 'ਚ ਅਪਣੇ ਮੈਚ ਨਹੀਂ ਖੇਡੇਗਾ। ਪੀ.ਸੀ.ਬੀ. ਨੇ ਸਾਫ਼ ਕਿਹਾ ਹੈ ਕਿ ਜਦੋਂ ਭਾਰਤ ਪਾਕਿਸਤਾਨ ਵਿੱਚ ਆ ਕੇ ਨਹੀਂ ਖੇਡ ਸਕਦਾ ਤਾਂ ਪਾਕਿਸਤਾਨੀ ਟੀਮ ਵੀ ਭਾਰਤ ਵਿੱਚ ਨਹੀਂ ਖੇਡੇਗੀ।

ਇਹ ਮੁਕਾਬਲਾ 19 ਫ਼ਰਵਰੀ ਤੋਂ 9 ਮਾਰਚ ਤਕ ਕਰਵਾਏ ਜਾਣ ਦੀ ਉਮੀਦ ਹੈ। 2008 ਦੇ ਮੁੰਬਈ ਅਤਿਵਾਦੀ ਹਮਲਿਆਂ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿੱਚ ਕ੍ਰਿਕਟ ਨਹੀਂ ਖੇਡੀ ਹੈ। ਚੈਂਪੀਅਨਜ਼ ਟਰਾਫੀ 2017 ਤੋਂ ਬਾਅਦ ਪਹਿਲੀ ਵਾਰ ਆਈ.ਸੀ.ਸੀ. ਕੈਲੰਡਰ ਵਿੱਚ ਵਾਪਸੀ ਕਰ ਰਹੀ ਹੈ। ਪਾਕਿਸਤਾਨ ਨੇ 2017 ਵਿੱਚ ਆਈ.ਸੀ.ਸੀ. ਚੈਂਪੀਅਨਜ਼ ਟਰਾਫੀ ਦਾ ਖ਼ਿਤਾਬ ਜਿੱਤਿਆ ਸੀ। ਭਾਰਤੀ ਟੀਮ 2013 ਤੋਂ ਬਾਅਦ ਚੈਂਪੀਅਨਜ਼ ਟਰਾਫ਼ੀ ਨਹੀਂ ਜਿੱਤ ਸਕੀ ਹੈ।

ਆਈ.ਸੀ.ਸੀ. ਮੈਂਬਰ ਪੀ.ਸੀ.ਬੀ. ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਭਾਰਤ ਅਤੇ ਪਾਕਿਸਤਾਨ ਦੇ ਮੈਚ ਤੋਂ ਬਿਨਾਂ ਚੈਂਪੀਅਨਜ਼ ਟਰਾਫ਼ੀ ਦਾ ਮਜ਼ਾ ਨਹੀਂ ਆਵੇਗਾ। ਸੱਭ ਤੋਂ ਵੱਡੀ ਗੱਲ ਇਹ ਹੈ ਕਿ ਜੇਕਰ ਦੋਵਾਂ ਦੇਸ਼ਾਂ ਵਿਚਾਲੇ ਮੁਕਾਬਲਾ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਭਾਰੀ ਨੁਕਸਾਨ ਉਠਾਉਣਾ ਪੈ ਸਕਦਾ ਹੈ। ਹਾਲਾਂਕਿ ਅੱਜ ਆ ਰਹੀਆਂ ਖ਼ਬਰਾਂ ਤੋਂ ਲਗਦਾ ਹੈ ਕਿ ਇਹ ਟੂਰਨਾਮੈਂਟ ਹਾਈਬ੍ਰਿਡ ਮਾਡਲ 'ਤੇ ਹੀ ਹੋਵੇਗਾ।

# ਪੈਨਲਟੀ ਕਾਰਨਰ ਦਾ ਕਿੰਗ ਸੀ ਪ੍ਰਿਥੀਪਾਲ ਸਿੰਘ



ਪ੍ਰਿੰ. ਸਰਵਣ ਸਿੰਘ
+1-905-779-1661

ਪ੍ਰਿਥੀਪਾਲ ਸਿੰਘ ਹਾਕੀ ਦਾ ਵਿਸ਼ਵ ਪ੍ਰਸਿੱਧ ਫੁੱਲ ਬੈਕ ਖਿਡਾਰੀ ਸੀ। ਉਸ ਨੂੰ ਪੈਨਲਟੀ ਕਾਰਨਰ ਦਾ ਕਿੰਗ ਕਿਹਾ ਜਾਂਦਾ ਸੀ। ਉਹ ਤਿੰਨ ਓਲੰਪਿਕਸ ਖੇਡਿਆ ਤੇ ਤਿੰਨੇ ਵਾਰ ਸਭ ਤੋਂ ਵੱਧ ਗੋਲ ਕੀਤੇ। ਉਸ ਦੀ ਜ਼ੋਰਦਾਰ ਹਿੱਟ ਮੂਹਰੇ ਗੋਲਕੀਪਰਾਂ ਤੇ ਡਿਫੈਂਡਰਾਂ ਦੀ ਕੋਈ ਵਾਹ ਪੇਸ਼ ਨਹੀਂ ਸੀ ਜਾਂਦੀ। ਹਿੱਟ ਰੋਕਣ ਦੀ ਥਾਂ ਉਹ ਬਾਲ ਲਾਂਭੇ ਦੀ ਲੰਘ ਜਾਣ ਵਿੱਚ ਹੀ ਬਚਾਅ ਸਮਝਦੇ। ਉਹ ਭਾਰਤੀ ਹਾਕੀ ਟੀਮ ਦਾ ਬੰਬ ਸੀ, ਸਭ ਤੋਂ ਖ਼ਤਰਨਾਕ ਹਥਿਆਰ। ਉਹਦੀ ਖ਼ਤਰਨਾਕ ਹਿੱਟ 'ਤੇ ਕਾਬੂ ਪਾਉਣ ਲਈ ਐੱਫ.ਆਈ.ਐੱਚ. ਨੂੰ ਪੈਨਲਟੀ ਕਾਰਨਰ ਲਾਉਣ ਦੇ ਨਿਯਮ ਬਦਲਣੇ ਪਏ ਸਨ।

ਉਸ ਦਾ ਜਨਮ 28 ਫਰਵਰੀ 1932 ਨੂੰ ਨਨਕਾਣਾ ਸਾਹਿਬ ਵਿਖੇ ਹੋਇਆ ਸੀ। ਨਨਕਾਣਾ ਸਾਹਿਬ ਦੇ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਵਿੱਚ ਉਸ ਦੇ ਪਿਤਾ ਸ. ਵਧਾਵਾ ਸਿੰਘ ਮਾਸਟਰ ਸਨ ਜੋ ਖੇਡ ਪ੍ਰੇਮੀ ਸਨ। ਪ੍ਰਿਥੀਪਾਲ ਦਾ ਖੇਡ ਕੈਰੀਅਰ ਉਸੇ ਸਕੂਲ ਦੇ ਖੇਡ ਮੈਦਾਨ 'ਚੋਂ ਸ਼ੁਰੂ ਹੋਇਆ। ਉੱਥੇ ਉਹ ਫੁੱਟਬਾਲ ਖੇਡਣ ਲੱਗਾ। ਫਿਰ 1947 ਦੇ ਉਜਾੜੇ 'ਚ ਉਨ੍ਹਾਂ ਨੂੰ ਨਨਕਾਣਾ ਸਾਹਿਬ ਛੱਡ ਕੇ ਬਹਾਦਰਗੜ੍ਹ ਕੋਲ ਪਿੰਡ ਭੱਟ ਮਾਜਰੇ ਆਉਣਾ ਪਿਆ। ਉੱਥੇ ਅਲਾਟ ਹੋਈ ਜ਼ਮੀਨ ਵਿੱਚ ਉਨ੍ਹਾਂ ਦਾ ਪਰਿਵਾਰ ਮੁੜ ਖੇਤੀ ਕਰਨ ਲੱਗਾ।

18 ਸਾਲ ਦੀ ਉਮਰੇ ਉਹ ਖੇਤੀਬਾੜੀ ਕਾਲਜ ਲੁਧਿਆਣਾ ਦਾਖਲ ਹੋਇਆ। 1950-51 ਦੇ ਸੈਸ਼ਨ ਵਿੱਚ ਕੁੱਲ 120 ਵਿਦਿਆਰਥੀ ਸਨ। ਕਾਲਜ ਦੀ ਹਾਕੀ ਟੀਮ ਬਣਾਉਣ ਲਈ ਗਿਆਰਵਾਂ ਖਿਡਾਰੀ ਨਹੀਂ ਸੀ ਲੱਭ ਰਿਹਾ। ਸਕੂਲ ਵਿੱਚ ਫੁੱਟਬਾਲ ਖੇਡਦੇ ਰਹੇ ਪ੍ਰਿਥੀਪਾਲ ਨੂੰ ਹੁੰਦੜਹੇਲ ਵੇਖ ਕੇ ਫੁੱਲ ਬੈਕ ਦੀ ਜਗ੍ਹਾ ਖੜ੍ਹਾਅ ਲਿਆ ਗਿਆ। ਉਸ ਜਗ੍ਹਾ ਉਹ ਐਸਾ ਜੰਮਿਆ ਕਿ ਬਾਅਦ ਵਿੱਚ ਵਿਸ਼ਵ ਦਾ ਸਭ ਤੋਂ ਤਕੜਾ ਫੁੱਲ ਬੈਕ ਖਿਡਾਰੀ ਸਾਬਤ ਹੋਇਆ।

ਕਾਲਜ ਦੀ ਹਾਕੀ ਟੀਮ ਵੱਲੋਂ ਉਹ ਹਰ ਸਾਲ ਖੇਡਦਾ। 1955 ਵਿੱਚ ਉਸ ਨੇ ਪੰਜਾਬ ਯੂਨੀਵਰਸਿਟੀ ਹਾਕੀ ਟੀਮ ਦੀ ਕਪਤਾਨੀ ਕੀਤੀ। ਖੇਡਣ ਦੇ ਨਾਲ ਉਹ ਪੜ੍ਹਾਈ ਵਿੱਚ ਵੀ ਵਜ਼ੀਫ਼ੇ ਲੈਂਦਾ ਰਿਹਾ। ਉਹਦਾ ਕੱਦ 5 ਫੁੱਟ 9 ਇੰਚ ਸੀ ਤੇ ਵਜ਼ਨ 71 ਕਿਲੋਗ੍ਰਾਮ। ਨੱਕ ਤਿੱਖਾ ਸੀ, ਮੱਥਾ ਚੌੜਾ, ਮੁੱਛਾਂ ਨਿੱਕੀਆਂ, ਬੁੱਲ੍ਹ ਢਾਲੂ ਤੇ ਬਾਹਾਂ ਤਕੜੀਆਂ ਸਨ। ਹੱਥ ਉਸ ਤੋਂ ਵੀ ਤਕੜੇ ਤੇ ਉਂਗਲਾਂ ਮੋਟੀਆਂ ਮਜ਼ਬੂਤ। ਜਦੋਂ ਦੌੜਦਾ ਤਾਂ ਉਹਦੀ ਗਿੱਚੀ ਪਿੱਛੇ ਲਟਕਦੇ ਵਾਲ ਛਾਲਾਂ ਮਾਰਦੇ ਲੱਗਦੇ। ਮੈਦਾਨ 'ਚ ਖੜ੍ਹਾ ਉਹ ਲੋਹੜੇ ਦਾ ਸਜਦਾ।

ਕਾਲਜ ਤੇ ਯੂਨੀਵਰਸਿਟੀ ਵਿੱਚ ਉਹ 1950 ਤੋਂ 56 ਤੱਕ ਪੜ੍ਹਿਆ ਤੇ ਖੇਡਿਆ। ਐੱਮਐੱਸਸੀ ਫਸਟ ਕਲਾਸ ਵਿੱਚ ਕਰਨ ਪਿੱਛੋਂ ਲੈਕਚਰਾਰ ਲੱਗਣਾ ਸੀ, ਪਰ ਉਸ ਨੂੰ ਜਲੰਧਰ ਦੇ ਪੁਲਿਸ ਅਫ਼ਸਰ ਅਸ਼ਵਨੀ ਕੁਮਾਰ ਨੇ ਪੰਜਾਬ ਪੁਲਿਸ ਵਿੱਚ ਥਾਣੇਦਾਰ ਭਰਤੀ ਕਰ ਲਿਆ। ਪੰਜਾਬ ਪੁਲਿਸ ਦੀ ਟੀਮ ਕੱਪ 'ਤੇ ਕੱਪ ਜਿੱਤਣ ਲੱਗੀ। 1958 ਵਿੱਚ ਉਹ



ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ। ਉਸ ਟੀਮ ਨੇ ਕੀਨੀਆ, ਯੂਗਾਂਡਾ, ਤਨਜ਼ਾਨੀਆ ਤੇ ਜ਼ੰਜ਼ੀਬਾਰ ਵਿੱਚ ਮੈਚ ਖੇਡੇ। 1959 ਵਿੱਚ ਉਹ ਮਿਊਨਿਖ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਿਆ ਤੇ ਯੂਰਪ ਦੇ ਕਈ ਮੁਲਕਾਂ ਦਾ ਦੌਰਾ ਕੀਤਾ। 1960 'ਚ ਰੋਮ ਦੀਆਂ ਉਲੰਪਿਕ ਖੇਡਾਂ ਵਿੱਚ ਉਸ ਨੇ ਡੈਨਮਾਰਕ ਤੇ ਹਾਲੈਂਡ ਦੀਆਂ ਟੀਮਾਂ ਵਿਰੁੱਧ ਹੈਟ੍ਰਿਕ ਮਾਰੇ। ਹਾਲੈਂਡ ਵਿਰੁੱਧ ਤਾਂ ਤਿੰਨੇ ਗੋਲ ਅਖ਼ੀਰਲੇ ਛੇ ਸੱਤ ਮਿੰਟਾਂ ਵਿੱਚ ਹੀ ਕੀਤੇ। ਏਡੀ ਵੱਡੀ ਪ੍ਰਾਪਤੀ ਪਿੱਛੋਂ ਉਸ ਨੂੰ ਵਿਸ਼ਵ ਦਾ ਬਿਹਤਰੀਨ ਪੈਨਲਟੀ ਕਾਰਨਰ ਲਾਉਣ ਵਾਲਾ ਖਿਡਾਰੀ ਕਿਹਾ ਜਾਣ ਲੱਗਾ। ਉੱਥੇ ਭਾਰਤੀ ਟੀਮ ਦੇ ਗੋਲਾਂ ਵਿੱਚੋਂ ਸਭ ਤੋਂ ਵੱਧ ਗੋਲ ਉਹਦੀ ਸਟਿੱਕ ਨਾਲ ਹੀ ਹੋਏ।

1961 'ਚ ਇੱਕ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਅਹਿਮਦਾਬਾਦ ਵਿਖੇ ਹੋਇਆ। ਉੱਥੇ ਜਰਮਨੀ ਵਿਰੁੱਧ ਫਾਈਨਲ ਮੈਚ ਪ੍ਰਿਥੀਪਾਲ ਦੇ ਪੈਨਲਟੀ ਕਾਰਨਰ ਨਾਲ ਜਿੱਤਿਆ ਗਿਆ। ਉਸੇ ਸਾਲ ਉਹ ਭਾਰਤੀ



ਟੀਮ ਨਾਲ ਨਿਊਜ਼ੀਲੈਂਡ ਤੇ ਆਸਟਰੇਲੀਆ ਦੇ ਟੂਰ 'ਤੇ ਗਿਆ।

1962 ਵਿੱਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਵਿੱਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਫਿਰ ਅਸ਼ਵਨੀ ਕੁਮਾਰ ਨਾਲ ਅਣਬਣ ਹੋ ਜਾਣ ਪਿੱਛੋਂ 1963 ਵਿੱਚ ਉਹ ਪੰਜਾਬ ਪੁਲਿਸ ਛੱਡ ਕੇ ਰੇਲਵੇ ਪੁਲਿਸ ਵਿੱਚ ਚਲਾ ਗਿਆ। ਉਹ ਅਣਖੀ ਖਿਡਾਰੀ ਸੀ ਤੇ ਕਿਸੇ ਦੀ ਈਨ ਨਹੀਂ ਸੀ ਮੰਨਦਾ। ਰੇਲਵੇ ਵਿੱਚ ਜਾਣ ਨਾਲ ਉਹਦੀ ਟੀਮ ਦੇਸ਼ ਦੇ ਵੱਡੇ ਹਾਕੀ ਕੱਪ ਜਿੱਤਣ ਲੱਗੀ।

ਮੈਕਸੀਕੋ ਦੀਆਂ ਉਲੰਪਿਕ ਖੇਡਾਂ ਪਿੱਛੋਂ ਉਹ ਸਰਗਰਮ ਹਾਕੀ ਤੋਂ ਰਿਟਾਇਰ ਹੋ ਗਿਆ। ਤਦ ਤੱਕ ਉਹ ਪੀਏਯੂ ਲੁਧਿਆਣਾ ਵਿਖੇ ਵਿਦਿਆਰਥੀ ਭਲਾਈ ਵਿਭਾਗ ਦਾ ਡਾਇਰੈਕਟਰ ਬਣ ਚੁੱਕਾ ਸੀ। ਉਹਦੀ ਆਮਦ ਨਾਲ ਖੇਤੀਬਾੜੀ ਯੂਨੀਵਰਸਿਟੀ ਦੀਆਂ ਖੇਡ ਸਰਗਰਮੀਆਂ ਵਿੱਚ ਹੋਰ ਵੀ ਵਾਧਾ ਹੋ ਗਿਆ। ਉੱਥੇ ਖੇਡਾਂ ਦੇ ਵੱਡੇ ਟੂਰਨਾਮੈਂਟ ਕਰਾਏ ਜਾਣ ਲੱਗੇ। ਉਸ ਨੂੰ ਕੁਝ ਸਮਾਂ ਭਾਰਤੀ ਹਾਕੀ ਟੀਮਾਂ ਦੀ ਚੋਣ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਉਹ ਅੰਤਰਾਰਸ਼ਟਰੀ ਹਾਕੀ ਟੂਰਨਾਮੈਂਟਾਂ ਦਾ ਅਬਜ਼ਰਵਰ ਰਿਹਾ ਅਤੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਤੇ ਲਕਸ਼ਮੀਬਾਈ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਗਵਾਲੀਅਰ ਦੀਆਂ ਪ੍ਰਬੰਧਕ ਕਮੇਟੀਆਂ ਦਾ ਵੀ ਮੈਂਬਰ ਰਿਹਾ। ਹਾਕੀ ਖਿਡਾਰੀਆਂ ਵਿੱਚੋਂ ਉਸ ਨੂੰ ਸਭ ਤੋਂ ਪਹਿਲਾਂ ਅਰਜਨ ਐਵਾਰਡ ਮਿਲਿਆ ਤੇ ਪਦਮ ਸ਼੍ਰੀ ਦੀ ਉਪਾਧੀ ਨਾਲ ਵੀ ਸਨਮਾਨਿਆ ਗਿਆ।

ਹੋਣੀ ਦਾ ਭਾਣਾ ਵੇਖੋ ਕਿ ਯੂਨੀਵਰਸਿਟੀ ਵਿੱਚ ਵਿਦਿਆਰਥੀ ਗੁੱਟਾਂ ਦੇ ਝਗੜੇ ਸੁਲਝਾਉਂਦਿਆਂ ਉਹ ਇੱਕ ਗੁੱਟ ਦੀ ਹਿੱਟ ਲਿਸਟ 'ਤੇ ਆ ਗਿਆ। 20 ਜਨਵਰੀ 1983 ਦੇ ਦਿਨ ਕਾਤਲ ਮੋਟਰ ਸਾਈਕਲ 'ਤੇ ਆਏ ਤੇ ਕੈਂਪਸ ਵਿੱਚ ਹੀ ਗੋਲੀਆਂ ਮਾਰ ਕੇ ਰੂਪੋਸ਼ ਹੋ ਗਏ। 1947 ਦੀ ਮਾਰ ਧਾੜ ਵਿਚੋਂ ਤਾਂ ਪ੍ਰਿਥੀਪਾਲ ਬਚ ਨਿਕਲਿਆ ਸੀ, ਪਰ ਆਪਣੀ ਯੂਨੀਵਰਸਿਟੀ ਵਿੱਚ ਬਚ ਨਾ ਸਕਿਆ। ਪਿੱਛੇ ਉਸ ਦੀ ਵਿਧਵਾ ਪਤਨੀ, ਗੋਦ ਲਈ ਬੱਚੀ ਤੇ ਵੱਡੇ ਭਰਾ ਦੇ ਬੱਚੇ ਰਹਿ ਗਏ। ਪ੍ਰਿਥੀਪਾਲ ਜੋੜੇ ਦਾ ਆਪਣਾ ਕੋਈ ਬੱਚਾ ਨਹੀਂ ਸੀ। ਉਸ ਦੇ ਵੱਡੇ ਭਰਾ ਦਾ ਪਹਿਲਾਂ ਹੀ ਇੱਕ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ ਸੀ।

# ਮੁਹੰਮਦ ਰਫ਼ੀ ਦੇ ਜੀਵਨ 'ਤੇ ਬਣੇਗੀ ਫ਼ਿਲਮ



ਮਸ਼ਹੂਰ ਗਾਇਕ ਮੁਹੰਮਦ ਰਫ਼ੀ ਦੇ ਪੁੱਤਰ ਸ਼ਾਹਿਦ ਰਫ਼ੀ ਨੇ ਆਪਣੇ ਪਿਤਾ ਦੇ ਜੀਵਨ 'ਤੇ ਫ਼ਿਲਮ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਦਾ ਅਧਿਕਾਰਕ ਐਲਾਨ ਅਗਲੇ ਮਹੀਨੇ ਕੀਤਾ ਜਾਵੇਗਾ। ਆਗਾਮੀ 24 ਦਸੰਬਰ ਨੂੰ ਮੁਹੰਮਦ ਰਫ਼ੀ ਦੀ ਜਨਮ ਸ਼ਤਾਬਦੀ ਹੋਵੇਗੀ। ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਆਫ਼ ਇੰਡੀਆ (ਇਫ਼ਕੀ) ਵਿੱਚ ਮੰਗਲਵਾਰ ਨੂੰ ਹਿੰਦੀ ਸਿਨੇਮਾ ਜਗਤ ਦੇ ਸਭ ਤੋਂ ਪ੍ਰਸਿੱਧ ਗਾਇਕਾਂ ਵਿੱਚ ਸ਼ਾਮਲ ਰਹੇ ਰਫ਼ੀ ਨੂੰ ਸ਼ਰਧਾਂਜਲੀ ਦਿੱਤੀ ਗਈ, ਜਿਨ੍ਹਾਂ ਨੇ ਭਾਰਤੀ ਭਾਸ਼ਾਵਾਂ ਸਣੇ ਕੁੱਝ ਵਿਦੇਸ਼ੀ ਭਾਸ਼ਾਵਾਂ ਵਿੱਚ 1000 ਤੋਂ ਵੱਧ ਫ਼ਿਲਮਾਂ ਵਿੱਚ ਗੀਤ ਗਾਏ ਹਨ। ਸ਼ਾਹਿਦ ਰਫ਼ੀ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਜੀਵਨ 'ਤੇ ਫ਼ਿਲਮ ਬਣਾਉਣ ਲਈ ਫ਼ਿਲਮ ਨਿਰਦੇਸ਼ਕ ਉਮੇਸ਼ ਸ਼ੁਕਲਾ ਨਾਲ ਗੱਲਬਾਤ ਕਰ ਰਿਹਾ ਹੈ। ਸ਼ੁਕਲਾ ਨੇ 'ਓਐੱਮਜੀ-ਓਹ ਮਾਈ ਗੌਡ' ਅਤੇ '102 ਨਾਟ ਆਊਟ' ਵਰਗੀਆਂ ਫ਼ਿਲਮਾਂ ਵਿੱਚ ਕੰਮ ਕੀਤਾ ਹੈ। ਉਸ ਨੇ ਕਿਹਾ, "ਦਸੰਬਰ ਵਿੱਚ ਐਲਾਨ ਕੀਤਾ ਜਾਵੇਗਾ। ਮੈਂ ਰਫ਼ੀ ਸਾਹਿਬ ਦੇ ਜੀਵਨ 'ਤੇ ਫ਼ਿਲਮ ਬਣਾ ਰਿਹਾ ਹਾਂ। ਉਹ ਰਫ਼ੀ ਸਾਹਿਬ ਦੀ ਜ਼ਿੰਦਗੀ ਦੀ ਕਹਾਣੀ ਹੋਵੇਗੀ। ਇਸ ਵਿੱਚ ਗੀਤ ਵੀ ਹੋਣਗੇ। ਅਸੀਂ ਫ਼ਿਲਮ ਨਿਰਦੇਸ਼ਕ ਉਮੇਸ਼ ਸ਼ੁਕਲਾ ਨਾਲ ਕਰਾਰ ਕੀਤਾ ਹੈ। ਇਹ ਪੂਰੀ ਤਰ੍ਹਾਂ ਇੱਕ ਫ਼ੀਚਰ ਫ਼ਿਲਮ ਹੋਵੇਗਾ।" ਸ਼ਾਹਿਦ ਰਫ਼ੀ ਫ਼ਿਲਮ ਫ਼ੈਸਟੀਵਲ ਦੌਰਾਨ ਕਰਵਾਏ ਗਏ ਵਿਸ਼ੇਸ਼ ਸੈਸ਼ਨ 'ਆਸਮਾਂ ਸੇ ਆਯਾ ਫ਼ਰਿਸ਼ਤਾ-ਮੁਹੰਮਦ ਰਫ਼ੀ ਦਿ ਕਿੰਗ ਆਫ਼ ਮੈਲੋਡੀ' ਨੂੰ ਸੰਬੋਧਨ ਕਰ ਰਹੇ ਸੀ। ਫ਼ੈਸਟੀਵਲ ਵਿੱਚ ਮਸ਼ਹੂਰ ਅਦਾਕਾਰਾ ਸ਼ਰਮੀਲਾ ਟੈਗੋਰ, ਗਾਇਕ ਸੋਨੂ ਨਿਗਮ, ਅਨੁਰਾਧਾ ਪੌਡਵਾਲ ਅਤੇ ਫ਼ਿਲਮਸਾਜ਼ ਸੁਭਾਸ਼ ਘਈ ਮੌਜੂਦ ਸਨ।

## ਵਿਕਰਾਂਤ ਮੈਸੀ ਨੇ ਐਕਟਿੰਗ ਤੋਂ ਸੰਨਿਆਸ ਲੈਣ ਦਾ ਕੀਤਾ ਐਲਾਨ



ਵਿਕਰਾਂਤ ਮੈਸੀ ਨੂੰ ਫਿਲਮ ਜਗਤ ਦੇ ਬਿਹਤਰੀਨ ਅਦਾਕਾਰਾਂ 'ਚ ਗਿਣਿਆ ਜਾਂਦਾ ਹੈ। ਛੋਟੇ ਪਰਦੇ ਤੋਂ ਆਪਣੇ ਅਦਾਕਾਰੀ ਦੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਵਿਕਰਾਂਤ ਮੈਸੀ ਨੇ ਓ.ਟੀ.ਟੀ ਅਤੇ ਫਿਲਮ ਜਗਤ ਵਿੱਚ ਕਾਫੀ ਧੂਮ ਮਚਾਈ ਅਤੇ ਆਪਣੀ ਅਦਾਕਾਰੀ ਲੋਹਾ ਮਨਵਾਇਆ।

ਆਪਣੀ ਦਮਦਾਰ ਅਦਾਕਾਰੀ ਲਈ ਮਸ਼ਹੂਰ ਵਿਕਰਾਂਤ ਮੈਸੀ ਇਨ੍ਹੀਂ ਦਿਨੀਂ 'ਦਿ ਸਾਬਰਮਤੀ ਰਿਪੋਰਟ' ਨੂੰ ਲੈ ਕੇ ਸੁਰਖੀਆਂ 'ਚ ਹਨ। 2002 ਦੇ ਗੋਧਰਾ ਕਾਂਡ 'ਤੇ ਆਧਾਰਿਤ ਇਹ ਫਿਲਮ 15 ਨਵੰਬਰ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ, ਜਿਸ ਨੂੰ ਦਰਸ਼ਕਾਂ ਦਾ ਜ਼ਬਰਦਸਤ ਹੁੰਗਾਰਾ ਮਿਲਿਆ ਸੀ। ਫਿਲਮ 'ਚ ਉਨ੍ਹਾਂ ਦੀ ਐਕਟਿੰਗ ਨੂੰ ਕਾਫੀ ਪਸੰਦ ਕੀਤਾ ਗਿਆ ਸੀ। ਇਸ ਦੌਰਾਨ ਵਿਕਰਾਂਤ ਨੇ ਆਪਣੀ ਇਕ ਪੋਸਟ ਨਾਲ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ ਹੈ।

## ਨਿੱਤ ਨਵੀਆਂ ਉਚਾਈਆਂ ਸਰ ਕਰ ਰਹੀ

# ਵਾਮਿਕਾ ਗੱਬੀ



**ਨੌਨਿਕਾ ਸਿੰਘ**

ਚੰਡੀਗੜ੍ਹ ਨਾਲ ਲੱਗਦੇ ਸ਼ਹਿਰ ਮੁਹਾਲੀ ਦੀ ਜੰਮਪਲ ਸੋਹਣੀ ਜਿਹੀ ਕੁੜੀ ਵਾਮਿਕਾ ਗੱਬੀ ਇੱਕ ਤੋਂ ਬਾਅਦ ਇੱਕ ਵੱਕਾਰੀ ਪ੍ਰਾਜੈਕਟ ਹਾਸਲ ਕਰ ਕੇ ਸਭ ਨੂੰ ਹੈਰਾਨ ਕਰ ਰਹੀ ਹੈ। ਉਸ ਨੂੰ ਵੀ ਯਕੀਨ ਨਹੀਂ ਹੋ ਰਿਹਾ ਕਿ ਇਹ ਸੱਚਮੁੱਚ ਵਾਪਰ ਰਿਹਾ ਹੈ। ਉਹ ਕਹਿੰਦੀ ਹੈ, "ਕਲਪਨਾ ਕਰੋ ਮੁਹਾਲੀ 'ਚ ਬੈਠੀ ਲੜਕੀ ਜਿਸ ਦਾ ਕੋਈ ਫਿਲਮੀ, ਸਿਆਸੀ ਪਿਛੋਕੜ ਨਹੀਂ ਹੈ, ਨਾ ਬਹੁਤ ਜ਼ਿਆਦਾ ਪੈਸਾ ਹੈ ਤੇ ਨਾ ਹੀ ਕੋਈ 'ਗੌਡਫਾਦਰ' ਹੈ। ਉਹ ਲਗਭਗ ਅਸੰਭਵ ਜਿਹਾ 'ਸੁਪਨਾ' ਦੇਖ ਰਹੀ ਹੈ ਤੇ ਇਸ ਨੂੰ ਸਾਕਾਰ ਵੀ ਕਰ ਰਹੀ ਹੈ......ਮੈਨੂੰ ਇਹ ਸਭ ਬਹੁਤ ਖ਼ਿਆਲੀ ਜਿਹਾ ਜਾਪਦਾ ਹੈ।" ਨੌਵੇਂ ਆਸਮਾਨ 'ਤੇ ਉੱਡਣ ਦੀ ਬਜਾਏ, ਉਹ ਥੋੜ੍ਹਾ ਦਾਰਸ਼ਨਿਕ ਦ੍ਰਿਸ਼ਟੀਕੋਣ ਰੱਖਦੀ ਹੈ। ਉਹ ਕਹਿੰਦੀ ਹੈ, "ਇੱਕ ਵਾਰ ਜਦੋਂ ਮੈਂ ਕੰਮ ਬਾਰੇ ਨਿਰਾਸ਼ ਹੋਣਾ ਬੰਦ ਕਰ ਦਿੱਤਾ, ਚੀਜ਼ਾਂ ਆਪ ਹੀ ਆ ਕੇ ਮੇਰੀ ਝੋਲੀ ਵਿੱਚ ਡਿੱਗ ਪਈਆਂ। ਮੈਂ ਸਾਰੀਆਂ ਆਸਾਂ ਤਿਆਗ ਦਿੱਤੀਆਂ ਤੇ ਕਿਸੇ ਅਦ੍ਰਿਸ਼ ਤਾਕਤ ਨੇ ਮੈਨੂੰ ਰਾਹ ਦਿਖਾਉਣਾ ਸ਼ੁਰੂ ਕਰ ਦਿੱਤਾ।"

ਵਾਮਿਕਾ, ਅਕਸ਼ੈ ਕੁਮਾਰ ਨਾਲ ਪ੍ਰਿਯਾਦਰਸ਼ਨ ਦੀ ਫਿਲਮ 'ਭੂਤ ਬੰਗਲਾ', ਰਾਜ ਤੇ ਡੀਕੇ ਦੀ ਨੈੱਟਫਲਿਕਸ ਸੀਰੀਜ਼ 'ਰਕਤ ਬ੍ਰਹਮਾਂਡ- ਦਿ ਬਲੱਡੀ ਕਿੰਗਡਮ', ਵਰੁਣ ਧਵਨ ਨਾਲ ਐਕਸ਼ਨ ਫਿਲਮ 'ਬੇਬੀ ਜੌਹਨ' ਅਤੇ ਰਾਜਕੁਮਾਰ ਰਾਓ ਨਾਲ ਦਿਨੇਸ਼ ਵਿਜਾਨ ਦੀ ਫਿਲਮ 'ਭੂਲ ਚੂਕ ਮਾਫ' ਵਰਗੇ ਅਹਿਮ ਪ੍ਰਾਜੈਕਟ ਕਰ ਰਹੀ ਹੈ। ਇਨ੍ਹਾਂ ਰਾਹੀਂ ਉਹ ਸਹਿਜੇ-ਸਹਿਜੇ ਸਫਲਤਾ ਦੀਆਂ ਪੌੜੀਆਂ ਚੜ੍ਹਦੀ ਜਾ ਰਹੀ ਹੈ। ਜੇ ਅਸੀਂ ਇਹ ਮੰਨ ਕੇ ਚੱਲੀਏ ਕਿ 'ਜੁਬਲੀ', 'ਖੁਫ਼ੀਆ', 'ਚਾਰਲੀ ਚੋਪੜਾ' ਅਤੇ 'ਦਿ ਮਿਸਟਰੀ ਆਫ ਸੋਲੰਗ ਵੈਲੀ' 'ਚ ਬਿਹਤਰੀਨ ਪੇਸ਼ਕਾਰੀ ਨਾਲ ਵਾਮਿਕਾ ਗੱਬੀ ਨੇ 2023 ਦਾ ਸਾਲ ਆਪਣੇ ਨਾਂ ਕੀਤਾ, ਤਾਂ ਉਸ ਦਾ ਭਵਿੱਖ ਹੋਰ ਵੀ ਜ਼ਿਆਦਾ ਰੋਸ਼ਨ ਜਾਪਦਾ ਹੈ। ਉਸ ਦਾ ਕਹਿਣਾ ਹੈ, "ਮੈਂ ਅਜੇ ਆਪਣੀ ਕਹਾਣੀ ਲਿਖਣੀ ਸ਼ੁਰੂ ਕੀਤੀ ਹੈ।" ਉਸ ਦੀ ਪ੍ਰਤਿਭਾ ਦਰਸਾਉਂਦੀ ਹੈ ਕਿ ਇਹ ਕਹਾਣੀ ਸ਼ਾਨਦਾਰ ਹੋਵੇਗੀ।



ਪੰਜਾਬੀ ਸਿਨੇਮਾ ਉਸ ਲਈ ਹਮੇਸ਼ਾ ਖ਼ਾਸ ਰਿਹਾ ਹੈ। ਹਾਲ ਹੀ ਵਿੱਚ ਉਹ ਪਰਮੀਸ਼ ਵਰਮਾ ਦੀ ਫਿਲਮ 'ਤਬਾਹ' 'ਚ ਨਜ਼ਰ ਆਈ ਸੀ ਅਤੇ ਜਲਦੀ ਹੀ 'ਕਿੱਕਲੀ' ਵਿੱਚ ਨਜ਼ਰ ਆਵੇਗੀ। ਉਹ ਮੁਸਕਰਾ ਕੇ ਕਹਿੰਦੀ ਹੈ, "ਇਹ ਮੇਰੇ ਦਾਦੀ ਜੀ ਲਈ ਹੈ, ਜਿਨ੍ਹਾਂ ਨੂੰ ਜ਼ਿਆਦਾਤਰ ਫਿਲਮਾਂ ਪੰਜਾਬੀ ਵਿੱਚ ਹੀ ਸਮਝ ਆਉਂਦੀਆਂ ਹਨ।" ਲੇਖਕ-ਪਿਤਾ ਗੋਵਰਧਨ ਗੱਬੀ ਕਰ ਕੇ, ਪੰਜਾਬੀ ਹੀ ਉਸ ਦੀ ਮਾਤ/ਪਿਤਾ-ਭਾਸ਼ਾ ਹੈ। ਉਹ ਨਿਰਮਾਤਾ ਵਜੋਂ ਕੋਈ ਪੰਜਾਬੀ ਫਿਲਮ ਬਣਾਉਣ ਦੀ ਚਾਹਵਾਨ ਵੀ ਹੈ। ਉਹ ਇੱਕ ਅਜਿਹੀ ਪੰਜਾਬੀ ਫਿਲਮ ਬਣਾਉਣਾ ਚਾਹੁੰਦੀ ਹੈ ਜੋ ਮਨੋਰੰਜਕ ਹੋਣ ਦੇ ਨਾਲ-ਨਾਲ ਕੋਈ ਸੁਨੇਹਾ ਵੀ ਦੇਵੇ।

## ਮੈਂ ਪਲ ਦੋ ਪਲ ਕਾ ਸ਼ਾਇਰ ਹੂੰ...

# ਸਾਹਿਰ ਲੁਧਿਆਣਵੀ



ਤਲਖ਼ੀਆਂ ਕਾਵਿ ਸੰਗ੍ਰਹਿ ਨਾਲ ਮਸ਼ਹੂਰ ਹੋਏ ਸਾਹਿਰ ਲੁਧਿਆਣਵੀ ਦਾ ਜਨਮ 8 ਮਾਰਚ 1921 ਨੂੰ ਲੁਧਿਆਣੇ 'ਚ ਹੋਇਆ। ਉਸ ਦਾ ਅਸਲ ਨਾਂ ਅਬਦੁਲ ਹਈ ਸੀ। ਉਸ ਦੇ ਮਾ-ਪਿਉ ਦੇ ਰਿਸ਼ਤਿਆਂ 'ਚ ਸੁਖਾਵਾਂਪਣ ਨਾ ਹੋਣ ਦੀ ਵਜ੍ਹਾ ਕਰਕੇ ਉਸ ਦੇ ਜੀਵਨ 'ਤੇ ਅਸਰ ਪੈਣਾ ਸੁਭਾਵਿਕ ਸੀ। ਮਾਂ-ਪਿਉ ਅਲੱਗ-ਅਲੱਗ ਰਹਿੰਦੇ ਸਨ ਤੇ ਉਹ ਆਪਣੀ ਮਾਂ ਨਾਲ ਰਹਿੰਦਾ ਸੀ।

ਦੁਨੀਯਾ ਨੇ ਤਜਰਬਾਤ-ਓ-ਹਵਾਦਿਸ ਕੀ ਸ਼ਕਲ ਮੇਂ
ਜੋ ਕੁਛ ਮੁਝੇ ਦੀਯਾ ਹੈ ਵੁਹ ਲੌਟਾ ਰਹਾ ਹੂੰ ਮੈਂ

ਉਸ ਦੇ ਸ਼ਾਇਰੀ ਰਾਹੀਂ ਬਿਆਨ ਇਹ ਜਜ਼ਬਾਤ ਅਸਲ ਹਕੀਕਤ ਦੇ ਬੇਹੱਦ ਨੇੜੇ ਸਨ। ਉਹ ਜਗੀਰਦਾਰਾਂ ਦਾ ਮੁੰਡਾ ਸੀ। ਬਚਪਨ ਦੇ ਕੁਝ ਵਰ੍ਹੇ ਚੰਗੇ ਗੁਜ਼ਰੇ ਪਰ ਕੁਝ ਟਾਈਮ ਪਿੱਛੋਂ ਉਦੋਂ ਸਭ ਉਥਲ-ਪੁਥਲ ਹੋ ਗਿਆ, ਜਦੋਂ ਮਾਂ-ਬਾਪ 'ਚ ਅਣਬਣ ਹੋ ਗਈ ਤੇ ਉਸ ਨੂੰ ਮਾ-ਪਿਉ 'ਚੋਂ ਇਕ ਨੂੰ ਚੁਣਨਾ ਪਿਆ। ਉਸ ਨੇ ਆਪਣੀ ਮਾਂ ਨੂੰ ਚੁਣਿਆ। ਉਸ ਨੂੰ ਤੰਗੀਆਂ-ਤੁਰਸ਼ੀਆਂ ਦੀ ਅਸਲ ਹਕੀਕਤ ਬਾਰੇ ਵੀ ਗਿਆਨ ਹੋ ਗਿਆ। ਘਰੇਲੂ ਕਾਰਨਾਂ ਸਦਕਾ ਉਸ ਨੂੰ ਜਗੀਰੂ ਕਦਰਾਂ-ਕੀਮਤਾਂ ਨਾਲ ਘੋਰ ਨਫ਼ਰਤ ਹੋ ਗਈ ਤੇ ਉਹ ਬਾਗ਼ੀ ਹੋ ਗਿਆ।

ਅਬਦੁਲ ਹਈ ਨੇ 1937 'ਚ ਦਸਵੀਂ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੋਂ ਕੀਤੀ। ਫਿਰ ਉਹ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ 'ਚ ਦਾਖ਼ਲ ਹੋ ਗਿਆ। ਜਦੋਂ ਕਾਲਜ 'ਚ ਦਾਖ਼ਲਾ ਲਿਆ ਤਾ ਉਸ ਵਕਤ ਦੇਸ਼ ਦੀ ਆਜ਼ਾਦੀ ਨੂੰ ਲੈ ਕੇ ਸੰਘਰਸ਼ ਦੀ ਆਵਾਜ਼ ਫ਼ਿਜ਼ਾ 'ਚ ਪੂਰੀ ਤਰ੍ਹਾਂ ਗੂੰਜ ਰਹੀ ਸੀ। ਮਾਰਕਸਵਾਦੀ ਵਿਚਾਰਧਾਰਾ ਵੱਲ ਖਿੱਚਿਆ ਉਹ ਵਿਦਿਆਰਥੀ ਆਗੂ ਬਣ ਗਿਆ। ਉਸ ਦੀਆਂ ਰਚਨਾਵਾਂ ਕਿਰਤੀ ਤੇ ਹੋਰਨਾਂ ਖੱਬੇ-ਪੱਖੀ ਰਸਾਲਿਆਂ 'ਚ ਪ੍ਰਕਾਸ਼ਿਤ ਹੋਣ ਲੱਗੀਆਂ। ਉਹ ਪ੍ਰੋਗਰੈਸਿਵ ਰਾਈਟਰ ਐਸੋਸੀਏਸ਼ਨ ਦਾ ਮੈਂਬਰ ਬਣ ਗਿਆ। ਸਾਲ 1945 'ਚ ਹੈਦਰਾਬਾਦ ਵਿੱਚ ਹੋਈ ਤਰੱਕੀ ਪਸੰਦ ਲੇਖਕਾਂ ਦੀ ਕਾਨਫਰੰਸ 'ਚ ਉਹ ਪੰਜਾਬ ਤੋਂ ਸ਼ਾਮਿਲ ਹੋਣ ਵਾਲਾ ਇਕਲੌਤਾ ਮੈਂਬਰ ਸੀ। ਕਾਲਜ 'ਚ ਆਪਣੀ ਸ਼ਾਇਰੀ ਲਈ ਮਸ਼ਹੂਰ ਸੀ। ਪਹਿਲੇ ਸਾਲ ਹੀ ਉਸ ਨੂੰ ਆਪਣੀ ਜਮਾਤਣ ਕੁੜੀ ਨਾਲ ਪ੍ਰਿੰਸੀਪਲ ਦੇ ਲਾਅਨ 'ਚ ਬੈਠਣ ਕਰਕੇ ਕਾਲਜ ਵਿੱਚੋਂ ਕੱਢ ਦਿੱਤਾ। ਫਿਰ ਉਹ ਲਹੌਰ ਦਿਆਲ ਸਿੰਘ ਕਾਲਜ 'ਚ ਦਾਖ਼ਲ ਹੋ ਗਿਆ ਪਰ ਉੱਥੋਂ ਵੀ ਉਸ ਨੂੰ ਇਨਕਲਾਬੀ ਸ਼ਾਇਰੀ ਕਰਕੇ ਕੱਢ ਦਿੱਤਾ ਗਿਆ। ਉਸ ਪਿੱਛੋਂ ਉਹ ਇਸਲਾਮੀਆ ਕਾਲਜ ਲਾਹੌਰ 'ਚ ਦਾਖ਼ਲ ਹੋਇਆ ਪਰ ਬੀਏ ਦੇ ਇਮਤਿਹਾਨ ਤੋਂ ਪਹਿਲਾਂ ਹੀ ਫੇਰ ਕਾਲਜ ਤੋਂ ਬਾਹਰ ਹੋ ਗਿਆ। ਲਗਪਗ 9 ਮਹੀਨੇ ਪਾਕਿਸਤਾਨ 'ਚ ਗੁਜ਼ਾਰਨ ਮਗਰੋਂ ਜੂਨ 1948 ਵਿੱਚ ਲਾਹੌਰ ਤੋਂ ਭੱਜ ਆਇਆ। ਉਸ ਨੂੰ ਸ਼ਾਇਰੀ ਦਾ ਸ਼ੌਕ ਸਕੂਲ ਵਕਤ ਹੀ ਸੀ, ਕਾਲਜ ਦੇ ਸਾਹਿਤਕ ਮਾਹੌਲ ਦੌਰਾਨ ਇਸ 'ਚ ਹੋਰ ਨਿਖ਼ਾਰ ਆਇਆ।



### ਕਿਵੇਂ ਬਣਿਆ ਸਾਹਿਰ ?

ਉਸ ਨੇ ਅਲਾਮਾ ਇਕਬਾਲ ਦੇ ਹਜ਼ਰਤ ਦਾਗ਼ ਬਾਰੇ ਲਿਖੇ ਮਰਸੀਏ ਦਾ ਸ਼ਿਅਰ 'ਇਸ ਚਮਨ ਮੇਂ ਹੋਂਗੇ ਪੈਦਾ ਬੁਲਬੁਲ-ਏ-ਸ਼ਿਰਾਜ਼ ਭੀ ਸੈਂਕੜੋਂ, ਸਾਹਿਰ ਭੀ ਹੋਂਗੇ ਸਾਹਿਬ-ਏ-ਇਜਾਜ਼ ਭੀ' ਪੜ੍ਹਿਆ। ਇਸ ਪਿੱਛੋਂ ਉਸ ਨੇ ਆਪਣਾ ਤਖ਼ੱਲਸ 'ਸਾਹਿਰ' ਰੱਖ ਲਿਆ। ਉਸ ਦਾ ਅਸਲੀ ਨਾਂ ਅਬਦੁਲ ਹਈ ਘੱਟ ਲੋਕਾਂ ਨੂੰ ਹੀ ਪਤਾ ਸੀ। ਉਸ ਦਾ ਤਖ਼ੱਲਸ ਉਸ ਦੀ ਸ਼ਖ਼ਸੀਅਤ 'ਤੇ ਪੂਰਾ ਢੁੱਕਦਾ ਸੀ। ਉਸ ਦੀਆਂ ਰੁਮਾਂਚਕ ਨਜ਼ਮਾਂ ਨੌਜਵਾਨ ਦਿਲਾਂ ਦੀ ਧੜਕਣਾਂ ਦੀ ਤਰਜ਼ਮਾਨੀ ਕਰਦੀਆਂ ਸਨ। ਇਸ ਕਰਕੇ ਉਨ੍ਹਾਂ 'ਚ ਉਹ ਹਰਦਿਲ ਅਜ਼ੀਜ਼ ਹੋ ਗਿਆ। ਬਾਅਦ 'ਚ ਇਸ ਵੱਡੇ ਸ਼ਾਇਰ ਨੇ ਆਪਣੇ ਪੈਦਾਇਸ਼ੀ ਸ਼ਹਿਰ ਲੁਧਿਆਣੇ ਦਾ ਨਾਂ ਆਪਣੇ ਨਾਂ ਦਾ ਹਿੱਸਾ ਬਣਾ ਕੇ ਦੁਨੀਆ ਭਰ ਵਿੱਚ ਮਸ਼ਹੂਰ ਕਰ ਦਿੱਤਾ।

### ਬੰਬਈ ਵੱਲ ਕਦਮ

ਲਾਹੌਰ ਤੋਂ ਸਾਹਿਰ ਨੇ ਫਿਲਮੀ ਦੁਨੀਆਂ ਵਿੱਚ ਆਪਣੀ ਕਿਸਮਤ ਅਜ਼ਮਾਉਣ ਲਈ ਬੰਬਈ ਵੱਲ ਕਦਮ ਰੱਖ ਲਿਆ, ਜਿੱਥੇ ਉਸ ਦੇ ਪੈਰ ਨਾ ਜੰਮੇ। 14 ਅਗਸਤ 1947 ਨੂੰ ਦੇਸ਼ ਵੰਡਿਆ ਗਿਆ। ਲੁਧਿਆਣੇ ਤੋਂ ਉਸ ਦੀ ਮਾਂ ਨੂੰ ਉਸ ਦੇ ਹਿੰਦੂ ਸਿੱਖ ਦੋਸਤਾਂ ਨੇ ਬੜੀ ਮੁਸ਼ਕਲ ਨਾਲ ਬਚਾ ਕੇ ਲਾਹੌਰ ਭੇਜਿਆ। ਸਤੰਬਰ 1947 ਵਿੱਚ ਆਪਣੀ ਮਾਂ ਦੀ ਭਾਲ 'ਚ ਸਾਹਿਰ ਵੀ ਲਾਹੌਰ ਪਹੁੰਚ ਗਿਆ। ਉੱਥੇ ਉਹ ਕਮਿਊਨਿਸਟ ਰਸਾਲੇ 'ਸਵੇਰਾ' ਦਾ ਸੰਪਾਦਕ ਬਣ ਗਿਆ ਪਰ ਜਦ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਨਿਕਲੇ ਤਾਂ ਜੂਨ 1948 'ਚ ਉਹ ਆਪਣੀ ਮਾਂ ਸਣੇ ਮੁੜ ਮੁਬੰਈ ਪਰਤ ਗਿਆ। ਉੱਥੇ ਉਸ ਨੇ ਫਿਲਮੀ ਖੇਤਰ 'ਚ ਪੈਰ ਜਮਾਉਣ ਦੇ ਯਤਨ ਜਾਰੀ ਰੱਖੇ। ਬਹੁਤ ਜੱਦੋ-ਜਹਿਦ ਪਿੱਛੋਂ 1950 'ਚ ਰਿਲੀਜ਼ ਹੋਈ ਫਿਲਮ 'ਬਾਜ਼ੀ' ਦੀ ਕਾਮਯਾਬੀ ਨੇ ਉਸ ਨੂੰ ਫਿਲਮੀ ਨਗ਼ਮਾ ਨਿਗਾਰੀ ਵਿੱਚ ਉਸੇ ਤਰ੍ਹਾਂ ਮਸ਼ਹੂਰ ਕਰ ਦਿੱਤਾ, ਜਿਸ ਤਰ੍ਹਾਂ 'ਤਲਖ਼ੀਆਂ' ਨੇ ਸਾਹਿਤਕ ਖੇਤਰ ਵਿੱਚ ਕੀਤਾ ਸੀ। ਬਸ ਫਿਰ ਕੀ ਸੀ ਉਸ ਨੇ ਫਿਲਮਾਂ ਦੇ ਹਿੱਟ ਗੀਤ ਲਿਖ ਕੇ ਨਾਮਾਂ ਤੇ ਨਾਮਣਾ ਦੋਵੇਂ ਖੱਟੇ। ਆਪਣੇ ਵੇਲੇ ਦਾ ਉਹ ਸਭ ਤੋਂ ਵੱਧ ਪੈਸੇ ਕਮਾਉਣ ਵਾਲਾ ਨਗ਼ਮਾ ਨਿਗਾਰ ਸੀ।

### ਦੁਨੀਆਂ ਤੋਂ ਰੁਖ਼ਸਤ

ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ 8 ਮਾਰਚ 2013 ਨੂੰ ਰਾਸ਼ਟਰਪਤੀ ਭਵਨ ਵਿਖੇ ਸਾਹਿਰ ਦੀ ਜਨਮ ਸ਼ਤਾਬਦੀ 'ਤੇ ਯਾਦਗਾਰੀ ਸਟੈਂਪ ਵੀ ਜਾਰੀ ਕੀਤੀ ਗਈ। ਅਖ਼ੀਰ 25 ਅਕਤੂਬਰ 1980 ਨੂੰ ਦਿਲ ਦਾ ਦੌਰਾ ਪੈਣ ਨਾਲ ਉਹ ਇਸ ਫਾਨੀ ਸੰਸਾਰ ਤੋ ਰੁਖ਼ਸਤ ਹੋ ਗਿਆ। ਕੈਫੀ ਆਜ਼ਮੀ ਨੇ ਸਾਹਿਰ ਦੀ ਮੌਤ ਤੋ ਮਗਰੋਂ ਉਸ ਦੇ ਯਾਦਗਾਰੀ ਮੁਸ਼ਾਇਰੇ 'ਚ ਕਿਹਾ:

ਮੇਰੀ ਨਜ਼ਰੋ ਮੇ ਤੇਰੇ ਦੋਸਤ ਇੱਕ ਮੰਦਰ ਹੈ ਲੁਧਿਆਨਾ
ਯਹ ਮੰਦਰ ਔਰ ਤੁਮ ਇਸ ਕਿ ਸਨਮ, ਸਾਹਿਰ ਕਹਾ ਹੋ ਤੁਮ ।

ਸਾਹਿਰ ਲੁਧਿਆਣਵੀ ਦੀ ਅੱਜ ਤਕ ਕੋਈ ਢੁੱਕਵੀਂ ਯਾਦਗਾਰ ਨਾ ਬਣਾਏ ਜਾਣਾ ਬੇਹੱਦ ਦੁਖਦਾਇਕ ਗੱਲ ਹੈ। ਭਾਵੇਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਵੱਲੋਂ ਉਸ ਦੀ ਢੁਕਵੀਂ ਯਾਦਗਰ ਬਣਾਉਣ ਲਈ ਪੱਖੋਵਾਲ ਰੋਡ ਉੱਤੇ ਇੱਕ ਏਕੜ ਜ਼ਮੀਨ ਤੇ 60 ਲੱਖ ਰੁਪਏ ਦੀ ਰਾਸ਼ੀ ਦਾ ਐਲਾਨ ਕੀਤਾ ਗਿਆ ਸੀ ਪਰ ਅਫਸੋਸ ! ਸਾਡੀ ਅਫ਼ਸਰਸ਼ਾਹੀ ਨੇ ਉਸ ਨੂੰ ਪੂਰ ਚੜ੍ਹਾਉਣ ਦੀ ਬਜਾਏ ਫਾਈਲਾਂ ਥੱਲੇ ਦੱਬ ਦਿੱਤਾ। ਲੋੜ ਹੈ ਪੰਜਾਬ ਦਾ ਨਾਂ ਰੋਸ਼ਨ ਕਰਨ ਵਾਲੇ ਸਾਹਿਰ ਲੁਧਿਆਣਵੀ ਦੀ ਢੁੱਕਵੀਂ ਯਾਦਗਾਰ ਬਣਾਉਣ ਦੀ ਤਾਂ ਜੋ ਆਉਣ ਵਾਲੀ ਪੀੜ੍ਹੀ ਉਸ ਦੀ ਸ਼ਾਇਰੀ ਤੋਂ ਸੇਧ ਲੈ ਕੇ ਨਰੋਏ ਸਾਹਿਤ ਦਾ ਨਿਰਮਾਣ ਕਰ ਸਕੇ।

## ਮੈਕਸੀਕੋ, ਚੀਨ ਅਤੇ ਕੈਨੇਡਾ

ਸਕਦੀਆਂ ਹਨ, ਜਿਸ ਦਾ ਅਸਰ ਆਮ ਗਾਹਕਾਂ 'ਤੇ ਪਵੇਗਾ, ਕਿਉਂਕਿ ਕੀਮਤਾਂ ਵਧ ਸਕਦੀਆਂ ਹਨ। ਮੈਕਸੀਕੋ ਦੇ ਆਟੋ ਉਦਯੋਗ ਨੂੰ ਟੈਰਿਫ ਕਾਰਨ ਨੁਕਸਾਨ ਹੋ ਸਕਦਾ ਹੈ। ਕੇਂਦਰੀ ਅਮਰੀਕੀ ਦੇਸ਼ ਹੌਂਡਾ, ਨਿਸਾਨ, ਟੋਇਟਾ, ਮਜ਼ਦਾ ਅਤੇ ਕੀਆ ਲਈ ਨਿਰਮਾਣ ਯੂਨਿਟਾਂ ਦੇ ਨਾਲ-ਨਾਲ ਕਈ ਚੀਨੀ ਆਟੋ ਪਾਰਟਸ ਸਪਲਾਇਰਾਂ ਦਾ ਘਰ ਹੈ।

ਇਸ ਦੇ ਨਾਲ ਹੀ, ਫੌਕਸਕਾਨ, ਐਨਵੀਡੀਆ, ਲੇਨੋਵੋ ਅਤੇ ਐਲਜੀ ਵਰਗੀਆਂ ਏਸ਼ੀਆਈ ਤਕਨੀਕੀ ਕੰਪਨੀਆਂ, ਜਿਨ੍ਹਾਂ ਨੇ ਮੈਕਸੀਕੋ ਵਿੱਚ ਫੈਕਟਰੀਆਂ ਅਤੇ ਹੋਰ ਸੇਵਾਵਾਂ ਦਾ ਵਿਸਥਾਰ ਕੀਤਾ ਹੈ, ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਕੈਨੇਡੀਅਨ ਮੀਡੀਆ ਨੇ ਕੈਨੇਡੀਅਨ ਚੈਂਬਰ ਆਫ ਕਾਮਰਸ ਦੇ ਪਿਛਲੇ ਅਨੁਮਾਨਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਹੈ ਕਿ 10% ਟੈਰਿਫ ਵੀ ਹਰ ਸਾਲ ਕੈਨੇਡਾ ਨੂੰ ਐਮ21 ਬਿਲੀਅਨ ਦਾ ਆਰਥਿਕ ਨੁਕਸਾਨ ਕਰ ਸਕਦਾ ਹੈ। ਕੈਨੇਡਾ ਮੁੱਖ ਤੌਰ 'ਤੇ ਅਮਰੀਕਾ ਨੂੰ ਪੈਟਰੋਲੀਅਮ, ਗੈਸ ਅਤੇ ਵਾਹਨ ਨਿਰਯਾਤ ਕਰਦਾ ਹੈ।

ਹਾਂਗਕਾਂਗ ਵਿੱਚ ਨੈਟਿਕਸਿਸ ਵਿੱਚ ਏਸ਼ੀਆ ਪੈਸੀਫਿਕ ਖੇਤਰ ਦੇ ਸੀਨੀਅਰ ਅਰਥ ਸ਼ਾਸਤਰੀ ਗੈਰੀ ਐਨਜੀ, ਅਲ ਜਜ਼ੀਰਾ ਤੋਂ ਅਮਰੀਕੀ ਕੇਂਦਰੀ ਬੈਂਕ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਟੈਰਿਫ ਕਾਰਣ ਅਮਰੀਕਾ ਵਿੱਚ ਮਹਿੰਗਾਈ ਵਧ ਸਕਦੀ ਹੈ। ਵਾਸ਼ਿੰਗਟਨ ਵਿੱਚ ਚੀਨ ਦੇ ਦੂਤਾਵਾਸ ਨੇ ਕਿਹਾ ਕਿ ਵਪਾਰ ਯੁੱਧ ਦਾ ਕਿਸੇ ਵੀ ਪੱਖ ਨੂੰ ਫਾਇਦਾ ਨਹੀਂ ਹੋਵੇਗਾ। ਬੁਲਾਰੇ ਲਿਊ ਪੇਂਗਯੂ ਨੇ ਇੱਕ ਬਿਆਨ ਵਿੱਚ ਚੀਨ 'ਤੇ ਅਮਰੀਕੀ ਟੈਰਿਫ ਦੇ ਮੁੱਦੇ 'ਤੇ ਕਿਹਾ ਕਿ ਚੀਨ ਦਾ ਮੰਨਣਾ ਹੈ ਕਿ ਚੀਨ-ਅਮਰੀਕਾ ਆਰਥਿਕ ਅਤੇ ਵਪਾਰਕ ਸਹਿਯੋਗ ਕੁਦਰਤੀ ਤੌਰ ਉਪਰ ਆਪਸ ਵਿੱਚ ਲਾਭਦਾਇਕ ਹੈ,

ਭਾਰਤ 'ਤੇ ਕੀ ਹੋਵੇਗਾ ਅਸਰ ?

ਹੁਣ ਤੱਕ ਡੋਨਾਲਡ ਟਰੰਪ ਨੇ ਭਾਰਤੀ ਸਮਾਨ 'ਤੇ ਟੈਰਿਫ ਲਗਾਉਣ ਦੀ ਗੱਲ ਨਹੀਂ ਕੀਤੀ ਹੈ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਅਗਲਾ ਨੰਬਰ ਭਾਰਤ ਦਾ ਹੋ ਸਕਦਾ ਹੈ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਭਾਰਤ ਨੂੰ 'ਵੱਡਾ ਵਪਾਰਕ ਦੁਰਵਿਹਾਰ ਕਰਨ ਵਾਲਾ' ਕਿਹਾ ਸੀ। ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਅਤੇ ਜੇਕਰ ਭਾਰਤ 'ਤੇ ਵੀ ਟੈਰਿਫ ਲਗਾਇਆ ਜਾਂਦਾ ਹੈ ਤਾਂ ਇਸ ਨਾਲ ਭਾਰਤੀ ਬਰਾਮਦਾਂ 'ਤੇ ਗੰਭੀਰ ਅਸਰ ਪਵੇਗਾ।

ਹਾਲਾਂਕਿ ਚੀਨੀ ਵਸਤਾਂ 'ਤੇ ਟੈਰਿਫ ਲਗਾਉਣ ਨਾਲ ਚੀਨੀ ਬਰਾਮਦਾਂ 'ਤੇ ਗੰਭੀਰ ਪ੍ਰਭਾਵ ਪਵੇਗਾ, ਪਰ ਬਰਨਸਟਾਈਨ ਦੁਆਰਾ ਕੀਤੀ ਗਈ ਖੋਜ ਦਰਸਾਉਂਦੀਹੈ ਕਿ ਚੀਨੀ ਵਸਤੂਆਂ 'ਤੇ ਟੈਰਿਫ ਭਾਰਤ ਲਈ ਸਿਰਫ ਸੀਮਤ ਲਾਭ ਹੋ ਸਕਦਾ ਹੈ। ਇਸ ਦੀ ਬਜਾਏ, ਭਾਰਤ ਨੂੰ ਨਵੇਂ ਟੈਰਿਫ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੇ ਵਪਾਰਕ ਵਿਵਾਦਾਂ 'ਤੇ ਮੁੜ ਵਿਚਾਰ ਕਰਨ ਦਾ ਸੰਕੇਤ ਦਿੱਤਾ ਹੈ।

***

## ਬੇਅਦਬੀ ਤੇ ਗੋਲੀਕਾਂਡ ਦੇ

24 ਸਤੰਬਰ ਨੂੰ ਮੁਆਫ਼ੀ ਦਿੱਤੀ ਗਈ ਸੀ। ਮੁਆਫ਼ੀ ਪੱਤਰ ਕਿਸਨੇ ਲਿਖਿਆ ਸੀ ? ਉਨ੍ਹਾਂ ਕਿਹਾ ਕਿ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਦਾ ਬਿਆਨ ਵੀ ਉਨ੍ਹਾਂ ਦੀ ਰਿਪੋਰਟ ਵਿੱਚ ਹੈ। ਉਨ੍ਹਾਂ ਨੇ ਹਰ ਚੀਜ਼ ਦਾ ਵਿਸਥਾਰਤ ਹੱਥ ਲਿਖਤ ਬਿਆਨ ਦਿੱਤਾ। ਇਹ ਸਭ ਸਬੂਤ ਹੈ। ਇਸ ਤੋਂ ਇਲਾਵਾ ਐਫਆਈਆਰ 2007 ਦੀ ਹੈ। 2012 ਦੀਆਂ ਚੋਣਾਂ ਤੋਂ ਪੰਜ ਦਿਨ ਪਹਿਲਾਂ ਐਫਆਈਆਰ ਰੱਦ ਕਰ ਦਿੱਤੀ ਗਈ ਸੀ। ਰਾਜਪਾਲ ਨੇ ਕੇਸ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਅਤੇ ਇਕ ਐਸਐਚਓ ਰੱਦ ਕਰਨ ਲਈ ਲਿਖ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਵੀ ਆਪਣੇ ਸਟੈਂਡ 'ਤੇ ਕਾਇਮ ਹਨ। ਉਹ 13 ਅਪ੍ਰੈਲ, 2021 ਨੂੰ ਮੇਰੀ ਫੇਸਬੁੱਕ ਪੋਸਟ ਦੇਖ ਸਕਦੇ ਹਨ।

ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਵੀ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਗਿਆ। ਹੁਣ ਉਨ੍ਹਾਂ ਨੂੰ ਭਗਵੰਤ ਸਿੰਘ ਮਾਨ ਦੀ ਸਰਕਾਰ ਵਿੱਚ ਵੀ ਤੰਗ ਪ੍ਰੇਸ਼ਾਨ ਕੀਤਾ ਗਿਆ। ਸਰਕਾਰ ਨੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੀ.ਐਮ. ਮਾਨ ਨੇ ਉਨ੍ਹਾਂ ਨਾਲ ਇੱਕ ਵਾਰ ਵੀ ਗੱਲ ਨਹੀਂ ਕੀਤੀ। ਜਦੋਂ ਅਰਵਿੰਦ ਕੇਜਰੀਵਾਲ ਅਤੇ ਮਾਨ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਬਰਗਾੜੀ ਅਤੇ ਬੇਅਦਬੀ ਮਾਮਲਿਆਂ ਵਿੱਚ ਇਨਸਾਫ਼ ਮਿਲੇਗਾ। ਇਸ ਵਿਸ਼ਵਾਸ ਤੋਂ ਬਾਅਦ ਉਹ ਉਨ੍ਹਾਂ ਨਾਲ ਸ਼ਾਮਿਲ ਹੋ ਗਏ। ਜਦੋਂ ਤੋਂ ਮਾਨ ਸਾਹਿਬ ਮੁੱਖ ਮੰਤਰੀ ਬਣੇ ਹਨ, ਉਨ੍ਹਾਂ ਨਾਲ ਇੱਕ ਵਾਰ ਵੀ ਗੱਲ ਨਹੀਂ ਕੀਤੀ। ਜਦੋਂ ਉਹ ਦੋ-ਤਿੰਨ ਵਾਰ ਵਿਧਾਨਸਭਾ, ਰਿਹਾਇਸ਼ ਅਤੇ ਕੇਜਰੀਵਾਲ ਦੇ ਨੇੜੇ ਹੀ ਮਿਲੇ ਸਨ। ਉਨ੍ਹਾਂ ਨੂੰ ਕੋਈ ਅਹੁਦਾ ਨਹੀਂ ਚਾਹੀਦਾ। ਕੈਪਟਨ ਅਮਰਿੰਦਰ ਸਿੰਘ ਨੇ ਜਿੰਨਾ ਕੀਤਾ ਹੈ, ਉਸ ਤੋਂ 100 ਗੁਣਾ ਵੱਧ ਮਾਨ ਸਰਕਾਰ ਨੇ ਉਨ੍ਹਾਂ ਨਾਲ ਤਸ਼ੱਦਦ ਕੀਤਾ ਹੈ। ਕੈਪਟਨ ਸਰਕਾਰ ਅਤੇ ਮਾਨ ਸਰਕਾਰ ਦੇ ਸਮੇਂ ਵਿੱਚ ਕਿੰਨਾ ਤਸ਼ੱਦਦ ਹੋਇਆ, ਇਸ ਦਾ ਖੁਲਾਸਾ ਕਰਨਗੇ। ਅੱਜ ਵੀ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਹਨ। ਉਹ ਇਨ੍ਹਾਂ ਕੇਸਾਂ ਦੀ ਪੈਰਵੀ ਕਰ ਰਹੇ ਹਨ। ਉਹ ਹਰ ਅਦਾਲਤ ਵਿੱਚ ਪਹਿਰਾ ਦੇ ਰਹੇ ਹਨ। ਉਹ ਆਪਣੇ ਨਿੱਜੀ ਵਕੀਲਾਂ ਨਾਲ ਇਨ੍ਹਾਂ ਕੇਸਾਂ ਦੀ ਪੈਰਵੀ ਕਰ ਰਹੇ ਹਨ।

***

## ਬੁੱਢਾ ਦਰਿਆ : ਕੀ ਪੰਜਾਬੀਆਂ ਨੂੰ ਖ਼ਤਮ ਕਰਨ

ਮੁਤਾਬਕ ਦਰਿਆ ਨੂੰ ਦੂਸ਼ਿਤ ਕਰਨ ਵਾਲੇ ਕਾਰਨਾਂ ਵਿੱਚੋਂ ਇੱਕ ਕਾਰਨ ਲੁਧਿਆਣਾ ਦਾ ਬੁੱਢਾ ਦਰਿਆ ਦਾ ਪਾਣੀ ਵੀ ਸੀ। ਕਈ ਸਰਕਾਰਾਂ ਆਈਆਂ, ਉਨ੍ਹਾਂ ਨੇ ਨਾਲੇ ਦੀ ਸਫ਼ਾਈ ਲਈ ਫ਼ੰਡ ਜਾਰੀ ਕੀਤਾ, ਟਰੀਟਮੈਂਟ ਪਲਾਂਟ ਸਥਾਪਤ ਕੀਤੇ ਪਰ ਬੁੱਢਾ ਦਰਿਆ ਸਾਫ਼ ਨਹੀਂ ਹੋ ਸਕਿਆ। ਪਿਛਲੇ ਸਾਲਾਂ ਦੌਰਾਨ, ਸੂਬਾ ਸਰਕਾਰ ਨੇ ਦਰਿਆ ਦੀ ਸਫ਼ਾਈ ਲਈ ਕਈ ਪਹਿਲਕਦਮੀਆਂ ਕੀਤੀਆਂ। ਇਨ੍ਹਾਂ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ, ਉਦਯੋਗਾਂ ਦੀ ਰਹਿੰਦ-ਖੂੰਹਦ ਜਾਂ ਗੰਧਲੇ ਪਾਣੀ ਦੇ ਇਲਾਜ ਵਾਸਤੇ ਸਾਂਝੇ ਟਰੀਟਮੈਂਟ ਪਲਾਂਟ ਸਥਾਪਤ ਕੀਤੇ ਗਏ। ਫਿਰ ਵੀ ਨਤੀਜੇ ਸਾਰਥਕ ਨਹੀਂ ਰਹੇ।

ਬੁੱਢੇ ਦਰਿਆ ਨੂੰ ਲੈ ਕੇ ਵਾਤਾਵਰਨ ਪ੍ਰੇਮੀਆਂ ਨੇ ਕਾਲੇ ਪਾਣੀ ਦਾ ਮੋਰਚਾ ਵੀ ਸ਼ੁਰੂ ਕੀਤਾ ਹੋਇਆ ਹੈ।

ਇਸੇ ਕਾਰਨ ਕਾਲੇ ਪਾਣੀ ਦਾ ਮੋਰਚਾ ਟੀਮ ਨੇ ਰੰਗਾਈ ਕਾਰਖ਼ਾਨੇਦਾਰਾਂ ਵੱਲੋਂ ਬੁੱਢੇ ਦਰਿਆ ਵਿੱਚ ਕਥਿਤ ਰੂਪ ਨਾਲ ਛੱਡੇ ਜਾਣ ਵਾਲੇ ਪ੍ਰਦੂਸ਼ਿਤ ਪਾਣੀ ਨੂੰ ਬੰਨ੍ਹ ਮਾਰਨ ਲਈ ਦਿੱਤੇ ਗਏ ਸੱਦੇ ਦੇ ਚੱਲਦੇ ਬੀਤੇ ਦਿਨੀਂ ਸਥਾਨਕ ਫ਼ਿਰੋਜ਼ਪੁਰ ਰੋਡ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਟਕਰਾਅ ਦੌਰਾਨ ਪੁਲਿਸ ਵੱਲੋਂ ਕਾਲੇ ਪਾਣੀ ਦਾ ਮੋਰਚਾ ਟੀਮ ਦੇ ਆਗੂ ਡਾ. ਅਮਨਦੀਪ ਸਿੰਘ ਬੈਂਸ, ਕੁਲਦੀਪ ਖਹਿਰਾ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਬਾਪੂ ਤਰਸੇਮ ਸਿੰਘ, ਬੀਬੀ ਗੁਰਪ੍ਰੀਤ ਕੌਰ ਸਿਵੀਆ ,ਜਥੇਦਾਰ ਪਰਮਜੀਤ ਸਿੰਘ ਜੌਹਲ ਸਮੇਤ 100 ਦੇ ਕਰੀਬ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ, ਜਿਨ੍ਹਾਂ ਨੂੰ ਸ਼ਹਿਰ ਦੇ ਵੱਖ-ਵੱਖ ਥਾਣਿਆਂ ਵਿੱਚ ਨਜ਼ਰਬੰਦ ਕੀਤਾ ਗਿਆ ਸੀ। ਟਕਰਾਅ ਦੌਰਾਨ ਇੱਕ ਪੁਲਿਸ ਇੰਸਪੈਕਟਰ ਸਮੇਤ ਕੁੱਝ ਪ੍ਰਦਰਸ਼ਨਕਾਰੀਆਂ ਦੇ ਵੀ ਸੱਟਾਂ ਲੱਗੀਆਂ ਹਨ। ਪੁਲਿਸ ਦਾ ਰਵਈਆ ਸੰਘਰਸ਼ਸ਼ੀਲ ਲੋਕਾਂ ਪ੍ਰਤੀ ਜਾਬਰਾਨਾ ਸੀ।

ਇਸ ਦੌਰਾਨ ਜਿਥੇ ਕਈ ਪ੍ਰਦਰਸ਼ਨਕਾਰੀਆਂ ਦੀਆਂ ਦਸਤਾਰਾਂ ਲੱਥੀਆਂ, ਉਥੇ ਪੁਲਿਸ ਇੰਸਪੈਕਟਰ ਨਵਦੀਪ ਸਿੰਘ ਜ਼ਖ਼ਮੀ ਹੋ ਗਏ। ਇਸ ਸਾਰੇ ਵਿਰੋਧ ਪ੍ਰਦਰਸ਼ਨ ਦੌਰਾਨ ਕਾਲੇ ਪਾਣੀ ਦਾ ਮੋਰਚਾ ਟੀਮ ਦੇ ਆਗੂ ਫ਼ਿਲਮਕਾਰ ਅਮਿਤੋਜ਼ ਮਾਨ ਤੇ ਜਸਕੀਰਤ ਸਿੰਘ ਨੇ ਵੀ ਮੌਕੇ 'ਤੇ ਪਹੁੰਚ ਕੇ ਜੋਸ਼ੀਲੀਆਂ ਤਕਰੀਰਾਂ ਕਰਦਿਆਂ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ।

ਅਮਿਤੋਜ਼ ਮਾਨ ਅਤੇ ਜਸਕੀਰਤ ਸਿੰਘ ਨੇ ਕਿਹਾ ਕਿ ਬੁੱਢੇ ਦਰਿਆ ਦਾ ਪ੍ਰਦੂਸ਼ਣ ਫੈਲਦਾ ਹੋਇਆ ਲੁਧਿਆਣਾ ਤੋਂ ਫ਼ਿਰੋਜ਼ਪੁਰ ਤੱਕ ਪਹੁੰਚ ਗਿਆ ਹੈ ਅਤੇ ਲੋਕ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਤਾਂ ਹੋ ਹੀ ਰਹੇ ਹਨ ਅਤੇ ਪਿੰਡਾਂ ਵਿੱਚ ਪਸ਼ੂ ਵੀ ਪ੍ਰਦੂਸ਼ਿਤ ਪਾਣੀ ਦੀ ਮਾਰ ਤੋਂ ਨਹੀਂ ਬਚ ਪਾ ਰਹੇ । ਇੱਥੋਂ ਤੱਕ ਕਿ ਕਈ ਪਿੰਡਾਂ ਦੀ ਤਾਂ ਹੋਂਦ ਹੀ ਖ਼ਤਰੇ 'ਚ ਪੈ ਚੁੱਕੀ ਹੈ। ਅਮਿਤੋਜ਼ ਮਾਨ ਨੇ ਕਿਹਾ ਕਿ ਸਰਕਾਰ ਨੂੰ ਇਸ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ ਕਿ ਇਹ ਕੁੱਝ ਲੋਕਾਂ ਦਾ ਸੰਘਰਸ਼ ਹੈ, ਸਗੋਂ ਇਹ ਪੰਜਾਬ ਦੇ ਪਾਣੀਆਂ ਦਾ ਗੰਭੀਰ ਮਸਲਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਮਸਲਾ ਹੈ, ਪਰ ਦੁੱਖ ਦੀ ਗੱਲ ਹੈ ਕਿ ਪ੍ਰਦੂਸ਼ਣ ਫੈਲਾਉਣ ਵਾਲਿਆਂ ਵੱਲੋਂ ਪ੍ਰਵਾਸੀ ਮਜ਼ਦੂਰਾਂ ਨੂੰ ਇਕੱਠਾ ਕਰਕੇ ਦੋ ਭਾਈਚਾਰਿਆਂ ਵਿੱਚ ਟਕਰਾਅ ਪੈਦਾ ਕਰਨ ਵਾਲੀ ਸਥਿਤੀ ਬਣਾਈ ਜਾ ਰਹੀ ਹੈ, ਜਿਸ ਲਈ ਪੰਜਾਬ ਸਰਕਾਰ ਵੋਟ ਬੈਂਕ ਲਈ ਉਨ੍ਹਾਂ ਦੀ ਹਮਾਇਤ ਕਰ ਰਹੀ ਹੈ ।

ਅਮਿਤੋਜ਼ ਮਾਨ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ 15 ਦਸੰਬਰ ਤੱਕ ਪ੍ਰਵਾਸੀ ਮਜ਼ਦੂਰਾਂ ਦੀ ਤਸਦੀਕ ਨਾ ਕਰਵਾਈ ਗਈ ਤਾਂ ਉਹ ਇਸ ਨੂੰ ਲੈ ਕੇ ਵੀ ਵੱਡਾ ਸੰਘਰਸ਼ ਸ਼ੁਰੂ ਕਰ ਦੇਣਗੇ। ਇਸਦੇ ਨਾਲ ਹੀ ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਆਧਾਰ ਕਾਰਡ ਅਤੇ ਰਾਸ਼ਨ ਕਾਰਡ ਨਾ ਬਣਾਉਣ ਤਾਂ ਕਿ ਖਿੰਡਦੇ ਜਾ ਰਹੇ ਪੰਜਾਬ ਨੂੰ ਸੰਭਾਲਿਆ ਜਾ ਸਕੇ। ਪੰਜਾਬ ਸਰਕਾਰ ਨੂੰ ਨਾਕਾਮ ਕਰਾਰ ਦਿੰਦਿਆਂ ਪ੍ਰਦਰਸ਼ਨਕਾਰੀਆਂ ਦਾ ਹਜ਼ਾਰਾਂ ਦਾ ਇਕੱਠ ਅਮਿਤੋਜ਼ ਮਾਨ ਦੀ ਅਗਵਾਈ ਹੇਠ ਦੁਪਹਿਰ 2 ਵਜੇ ਪੁਲਿਸ ਰੋਕਾਂ ਤੋੜ ਕੇ ਗੁਰਦੁਆਰਾ ਨਾਨਕਸਰ ਸਾਹਿਬ ਤੱਕ ਪਹੁੰਚ ਗਿਆ, ਜਿੱਥੇ ਪੁਲਿਸ ਨੇ ਉਨ੍ਹਾਂ ਨੂੰ ਮੁੜ ਰੋਕ ਲਿਆ। ਇਸ ਦੌਰਾਨ ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ਉੱਪਰ ਪਾਣੀ ਦੀਆਂ ਬੁਛਾਰਾਂ ਅਤੇ ਲਾਠੀਚਾਰਜ ਦਾ ਫ਼ੈਸਲਾ ਵੀ ਕੀਤਾ ਗਿਆ, ਜਿਸ ਦੀ ਨਿਗਰਾਨੀ ਖ਼ੁਦ ਜ਼ਿਲ੍ਹਾ ਪੁਲਿਸ ਕਮਿਸ਼ਨਰ ਵੱਲੋਂ ਕੀਤੀ ਜਾ ਰਹੀ ਸੀ, ਪਰ ਚੰਡੀਗੜ੍ਹ ਤੋਂ ਆਏ ਹੁਕਮਾਂ ਦੇ ਬਾਅਦ ਪੁਲਿਸ ਨੂੰ ਆਪਣਾ ਫ਼ੈਸਲਾ ਬਦਲਣਾ ਪਿਆ। ਵਧੀਕ ਕਮਿਸ਼ਨਰ ਪੁਲਿਸ ਸ਼ੁਭਮ ਅਗਰਵਾਲ ਵੱਲੋਂ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਤੱਕ ਪਹੁੰਚਾਉਣ ਅਤੇ ਧਰਨਾ ਚੁੱਕਣ ਦੀ ਅਪੀਲ ਵੀ ਕੀਤੀ ਗਈ, ਜਿਸ ਨੂੰ ਧਰਨਾਕਾਰੀਆਂ ਨੇ ਰੱਦ ਕਰਦੇ ਹੋਏ ਗੁਰਦੁਆਰਾ ਨਾਨਕਸਰ ਸਾਹਿਬ ਕੋਲ ਪੱਕਾ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ। ਅਮਿਤੋਜ਼ ਮਾਨ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਸਮਾਜ ਸੇਵੀ ਲੱਖਾ ਸਿੰਘ ਸਿਧਾਣਾ, ਬਾਪੂ ਤਰਸੇਮ ਸਿੰਘ ਪਿਤਾ ਭਾਈ ਅੰਮ੍ਰਿਤਪਾਲ ਸਿੰਘ, ਪਰਮਜੀਤ ਸਿੰਘ ਜੌਹਲ ਯੂ. ਕੇ. ਅਤੇ ਹਿਰਾਸਤ ਵਿੱਚ ਲਏ ਹੋਰ ਪ੍ਰਦਰਸ਼ਨਕਾਰੀ ਸਾਥੀਆਂ ਨੂੰ ਰਿਹਾਅ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇਸ ਪ੍ਰਦਰਸ਼ਨ ਵਿੱਚ ਪੰਜਾਬ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਦੇ ਨਾਲ ਹੀ ਰਾਜਸਥਾਨ ਤੋਂ ਵੀ ਲੋਕ ਵੱਡੀ ਗਿਣਤੀ ਵਿੱਚ ਪਹੁੰਚ ਕੇ ਪੰਜਾਬ ਸਰਕਾਰ ਦੀ ਨਿਖੇਧੀ ਕਰਦੇ ਨਜ਼ਰ ਆਏ। ਓਧਰ ਦੂਸਰੇ ਪਾਸੇ ਤਾਜਪੁਰ ਰੋਡ ਉੱਪਰ ਵੀ ਕੇਂਦਰੀ ਜੇਲ੍ਹ ਦੇ ਨੇੜੇ ਪੂਰਾ ਦਿਨ ਸਥਿਤੀ ਤਣਾਅਪੂਰਨ ਬਣੀ ਰਹੀ, ਜਿੱਥੇ ਰੰਗਾਈ ਕਾਰਖ਼ਾਨੇਦਾਰਾਂ ਵੱਲੋਂ ਵੱਡਾ ਇਕੱਠ ਕੀਤਾ ਗਿਆ ਸੀ, ਉਥੇ ਹੀ ਬੰਨ੍ਹ ਮਾਰਨ ਦੀ ਹਮਾਇਤ ਵਿੱਚ ਵੀ ਸੈਂਕੜੇ ਲੋਕਾਂ ਵਲੋਂ ਵਿਰੋਧ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ । ਸਾਬਕਾ ਕੌਂਸਲਰ ਸੁਖਵਿੰਦਰ ਸਿੰਘ ਨੇ ਕਿਹਾ ਕਿ ਰੰਗਾਈ ਕਾਰਖ਼ਾਨੇਦਾਰਾਂ ਵਲੋਂ ਕੀਤਾ ਗਿਆ ਇਕੱਠ ਉਨ੍ਹਾਂ ਦੇ ਪ੍ਰਵਾਸੀ ਮਜ਼ਦੂਰਾਂ ਦਾ ਇਕੱਠ ਹੈ, ਜਦਕਿ ਪਾਣੀਆਂ ਦੇ ਮਸਲੇ 'ਤੇ ਪੰਜਾਬ ਦੇ ਗੈਰਤਮੰਦ ਲੋਕ ਆਪ ਮੁਹਾਰੇ ਇਕੱਠੇ ਹੋਏ ਹਨ, ਜਿਨ੍ਹਾਂ ਨੂੰ ਕੋਈ ਲਾਲਚ ਨਹੀਂ, ਬਲਕਿ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਿਲਣ ਵਾਲੇ ਜ਼ਹਿਰੀਲੇ ਪਾਣੀ ਨੂੰ ਲੈ ਕੇ ਚਿੰਤਤ ਹਨ । ਤਾਜਪੁਰ ਰੋਡ 'ਤੇ ਵੀ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਟਕਰਾਅ ਦੇਖਣ ਨੂੰ ਮਿਲਿਆ।

***

## ਬਾਬਾ ਸਿੱਦੀਕੀ ਦੇ ਕਤਲ ਦਾ

ਸਾਰੇ 26 ਦੋਸ਼ੀਆਂ ਦੇ ਖ਼ਿਲਾਫ਼ ਸਖ਼ਤ ਮਕੋਕਾ ਦੀਆਂ ਧਾਰਾਵਾਂ ਲਾਗੂ ਕੀਤੀਆਂ। ਇਸ ਤੋਂ ਬਾਅਦ ਮੰਗਲਵਾਰ ਨੂੰ ਸਾਰੇ ਦੋਸ਼ੀਆਂ ਨੂੰ ਵਿਸ਼ੇਸ਼ ਅਦਾਲਤ 'ਚ ਪੇਸ਼ ਕੀਤਾ ਗਿਆ।

ਅਦਾਲਤੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਜੱਜ ਨੇ ਅਦਾਲਤ ਵਿੱਚ ਮੌਜੂਦ ਪੱਤਰਕਾਰਾਂ ਨੂੰ ਇਸਤਗਾਸਾ ਪੱਖ ਵੱਲੋਂ ਇਤਰਾਜ਼ ਉਠਾਉਣ ਤੋਂ ਬਾਅਦ ਇਹ ਕਹਿ ਕੇ ਛੱਡਣ ਲਈ ਕਿਹਾ ਕਿ ਰਿਮਾਂਡ ਦੀ ਅਰਜ਼ੀ ਵਿੱਚ ਸੰਵੇਦਨਸ਼ੀਲ ਜਾਣਕਾਰੀ ਹੈ। ਬਚਾਅ ਪੱਖ ਦੇ ਵਕੀਲ ਰੂਪੇਸ਼ ਜੈਸਵਾਲ, ਅਜਿੰਕਿਆ ਮਿਰਗਲ ਅਤੇ ਦਲੀਪ ਸ਼ੁਕਲਾ ਨੇ ਰਿਮਾਂਡ ਦਾ ਵਿਰੋਧ ਕਰਦਿਆਂ ਕਿਹਾ ਕਿ ਮੁਲਜ਼ਮ ਪਹਿਲਾਂ ਹੀ 40 ਦਿਨਾਂ ਤੋਂ ਵੱਧ ਸਮੇਂ ਤੋਂ ਹਿਰਾਸਤ ਵਿੱਚ ਹਨ। ਅਦਾਲਤ ਨੇ ਦੋਵਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਅੱਠ ਮੁਲਜ਼ਮਾਂ ਨੂੰ 7 ਦਸੰਬਰ ਤੱਕ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਜਦਕਿ ਬਾਕੀ ਮੁਲਜ਼ਮਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਅਨਮੋਲ ਬਿਸ਼ਨੋਈ ਤੋਂ ਇਲਾਵਾ ਸ਼ੁਭਮ ਲੋਨਕਰ ਵੀ ਇਸ ਕੇਸ ਵਿੱਚ ਲੋੜੀਂਦਾ ਮੁਲਜ਼ਮ ਹੈ।

****

## ਭਾਰਤ ਦੀ ਕਾਰਵਾਈ: ਸਰਕਾਰ ਨੇ 2024 'ਚ

ਪਹੁੰਚ ਨੂੰ ਸੀਮਤ ਕਰਨ ਜਾਂ ਰੋਕਣ ਦਾ ਅਧਿਕਾਰ ਦਿੰਦੀ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ (ਹੁਣ ਮੇਟਾ) ਅਤੇ ਐਕਸ (ਪਹਿਲਾਂ ਟਵਿੱਟਰ) ਤੋਂ ਸਭ ਤੋਂ ਜ਼ਿਆਦਾ ਯੂ.ਆਰ.ਐਲ. ਬਲੌਕ ਕੀਤੇ ਗਏ। ਹਰੇਕ ਪਲੇਟਫਾਰਮ ਤੋਂ 10,000 ਤੋਂ ਵੱਧ ਯੂ.ਆਰ.ਐਲ. ਬਲੌਕ ਕੀਤੇ ਗਏ। ਇਸੇ ਤਰ੍ਹਾਂ ਯੂਟਿਊਬ, ਇੰਸਟਾਗ੍ਰਾਮ ਅਤੇ ਵਟਸਐਪ

ਸਮੇਤ ਹੋਰ ਪਲੇਟਫਾਰਮ ਤੋਂ ਵੀ ਵੱਡੀ ਗਿਣਤੀ ਵਿਚ ਯੂ.ਆਰ.ਐਲ. ਹਟਾਏ ਗਏ। ਖਾਲਿਸਤਾਨ ਰਾਏਸ਼ੁਮਾਰੀ ਨੂੰ ਉਤਸ਼ਾਹਿਤ ਕਰਨ ਵਾਲੇ 10,500 ਤੋਂ ਵੱਧ ਯੂ.ਆਰ.ਐਲ. ਸਨ, ਜਦੋਂ ਕਿ 2,100 ਤੋਂ ਵੱਧ ਯੂ.ਆਰ.ਐਲ. ਪਾਬੰਦੀਸ਼ੁਦਾ ਪਾਪੂਲਰ ਫਰੰਟ ਆਫ ਇੰਡੀਆ (ਪੀ.ਐਫ.ਆਈ.) ਨਾਲ ਜੁੜੇ ਹੋਏ ਸਨ, ਜਿਨ੍ਹਾਂ ਨੂੰ ਹਟਾ ਦਿੱਤਾ ਗਿਆ ਹੈ। ਸਰਕਾਰ ਨੇ ਦੇਸ਼ ਵਿਰੋਧੀ ਸਮੱਗਰੀ ਫੈਲਾਉਣ ਵਾਲੇ ਮੋਬਾਈਲ ਐਪਸ 'ਤੇ ਵੀ ਕਾਰਵਾਈ ਨੂੰ ਵਧਾ ਦਿੱਤਾ ਹੈ।

***

## ਕੀ ਹੋਵੇਗਾ ਅਕਾਲੀ ਲੀਡਰਸ਼ਿਪ

ਫ਼ੈਸਲਾ' ਮੰਨਦੇ ਹੋਏ ਕਹਿੰਦੇ ਹਨ, 'ਮੈਂ ਇਸ ਫ਼ੈਸਲੇ ਦੀ ਦਾਦ ਦਿੰਦਾ ਹਾਂ, ਸਾਰੇ ਹੀ ਫ਼ੈਸਲੇ ਬਹੁਤ ਦੀ ਸਿਆਣਪ ਤੇ ਸੂਝਬੂਝ ਨਾਲ ਲਏ ਗਏ ਹਨ। ਇਸ ਫੈਸਲੇ ਨੇ ਅਕਾਲੀ ਦਲ ਦੀ ਸਥਾਪਿਤ ਧਿਰ ਦੀਆਂ ਗ਼ਲਤੀਆਂ ਦਾ ਪਰਦਾਫ਼ਾਸ਼ ਕਰਨ ਦੇ ਨਾਲ-ਨਾਲ ਕੌਮ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਹੈ।' ਡਾਕਟਰ ਢਿੱਲੋਂ ਕਹਿੰਦੇ ਹਨ, 'ਇਸ ਫ਼ੈਸਲੇ ਦਾ ਦੂਰਗਾਮੀ ਅਸਰ ਪਵੇਗਾ, ਇਸ ਨੇ ਨਾ ਸਿਰਫ਼ ਮੌਜੂਦਾ ਲੀਡਰਸ਼ਿਪ ਬਲਕਿ ਭਵਿੱਖ ਦੀ ਲੀਡਰਸ਼ਿਪ ਲਈ ਵੀ ਮਿਸਾਲ ਕਾਇਮ ਕਰ ਦਿੱਤੀ ਹੈ, ਕਿ ਜੇਕਰ ਉਹ ਆਪਹੁਦਰੇਪਣ ਕਰਨਗੇ ਤਾਂ ਉਨ੍ਹਾਂ ਦਾ ਵੀ ਹਾਲ ਇਹੀ ਹੋਵੇਗਾ ਅਤੇ ਇਸ ਲਈ ਉਹ ਘੱਟੋ-ਘੱਟ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਨ ਤੋਂ ਪਹਿਲਾਂ ਜ਼ਰੂਰ ਸੋਚਣਗੇ।'

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਦਾ ਕਹਿਣਾ ਹੈ, 'ਜੇਕਰ ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਦੀ ਗੱਲ ਕਰੀਏ ਤਾਂ ਸਾਰਿਆਂ ਦੀ ਕੋਸ਼ਿਸ਼ ਸੀ ਇਸ ਨੂੰ ਮੁੜ ਸੁਰਜੀਤ ਕਰੀਏ, ਪਰ ਹੋਇਆ ਇਸ ਦੇ ਉਲਟ ਕਿਉਂਕਿ ਹੁਣ 6 ਮਹੀਨਿਆਂ ਦੇ ਅੰਦਰ ਨਵੇਂ ਅਕਾਲੀ ਦਲ ਦੀ ਉਸਾਰੀ ਲਈ ਆਖ ਦਿੱਤਾ ਗਿਆ ਹੈ।' ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਕੋਲੋਂ ਦੋ ਕਬੂਲਨਾਮੇ ਲਏ ਗਏ ਹਨ। ਇਸ ਦਾ ਮਤਲਬ ਹੈ ਕਿ ਉਸ ਵੇਲੇ ਦੀ ਸਿਆਸਤ ਨੂੰ ਰੱਦ ਕੀਤਾ ਗਿਆ ਹੈ ਜਿਸ ਦਾ ਇਸ ਅਸਰ ਬਹੁਤ ਅੱਗੇ ਤੱਕ ਜਾਵੇਗਾ।

****

## ਕਿਉਂ ਲੱਗੀ ਧਾਰਮਿਕ ਸਜ਼ਾ ?

ਲਈ ਕਿਹਾ ਗਿਆ ਸੀ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਦਾ ਇਹ ਫੈਸਲਾ ਸਿੱਖ ਸੰਗਤ ਦੀ ਯਾਦ ਵਿੱਚ ਉਕਰਿਆ ਰਹਿ ਸਕਦਾ ਹੈ ਕਿ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਗੁਨਾਹਾਂ ਬਾਰੇ ਸੁਆਲਾਂ ਦੇ ਅਸਪਸ਼ਟ ਜਵਾਬ ਦਾ ਸਹਾਰਾ ਲੈਣ ਦੀ ਆਗਿਆ ਨਹੀਂ ਦਿੱਤੀ।

ਪਾਰਟੀ ਵਿੱਚ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਲੈ ਕੇ ਉੱਠੀ ਬਗਾਵਤ ਅਤੇ ਦਲ ਦੀ ਅੰਦਰੂਨੀ ਲੜਾਈ ਕਰਕੇ ਹੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰਾਂ ਨੂੰ ਇਸ ਵਿੱਚ ਦਖ਼ਲ ਦੇਣਾ ਪਿਆ, ਜਿਨ੍ਹਾਂ ਨੇ ਅੱਜ ਅਕਾਲੀ ਲੀਡਰਸ਼ਿਪ ਨੂੰ ਇੱਕ ਤਰ੍ਹਾਂ ਨਾਲ ਸ਼ੀਸ਼ਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਸਿੰਘ ਸਾਹਿਬਾਨ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਦਾ ਪ੍ਰਧਾਨ ਵਜੋਂ ਅਸਤੀਫ਼ਾ ਪ੍ਰਵਾਨ ਕਰਨ ਅਤੇ ਨਵੇਂ ਸਿਰੇ ਤੋਂ ਭਰਤੀ ਕਰਕੇ ਅਕਾਲੀ ਦਲ ਦਾ ਨਵਾਂ ਪ੍ਰਧਾਨ ਚੁਣਨ ਦਾ ਆਦੇਸ਼ ਦਿੱਤਾ ਹੈ। ਇਸ ਦੌਰਾਨ ਜਥੇਦਾਰ ਸਾਹਿਬਾਨ ਵੱਲੋਂ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਇਨ੍ਹਾਂ ਗੁਨਾਹਾਂ ਕਾਰਨ ਸਿੱਖ ਪੰਥ ਦੀ ਰਾਜਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ । ਇਸ ਲਈ ਪੰਜ ਸਿੰਘ ਸਾਹਿਬਾਨ ਵਲੋਂ ਹੇਠ ਲਿਖੇ ਅਨੁਸਾਰ ਦੋਵਾਂ ਧਿਰਾਂ ਨਾਲ ਸੰਬੰਧਿਤ ਤੇ ਅਕਾਲ ਤਖ਼ਤ ਸਾਹਿਬ ਦੇ ਨੁਮਾਇੰਦੇ ਵਜੋਂ 7 ਆਗੂਆਂ ਦੀ ਡਿਊਟੀ ਲਗਾਈ ਗਈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਆਰੰਭ ਕਰਨ, ਭਰਤੀ ਬੋਗਸ ਨਾ ਹੋਵੇ, ਆਧਾਰ ਕਾਰਡ ਦੀ ਕਾਪੀ ਸਹਿਤ ਮੈਂਬਰ ਬਣਾਇਆ ਜਾਵੇ, ਪੁਰਾਣੇ ਡੈਲੀਗੇਟਾਂ ਦੇ ਨਾਲ-ਨਾਲ ਨਵੇਂ ਡੈਲੀਗੇਟ ਬਣਾ ਕੇ ਛੇ ਮਹੀਨੇ ਦੇ ਅੰਦਰ-ਅੰਦਰ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਿਧਾਨ ਮੁਤਾਬਿਕ ਕਰਨ। ਇਸ 7 ਮੈਂਬਰੀ ਕਮੇਟੀ ਵਿਚ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਇਸ ਕਮੇਟੀ ਦੇ ਮੁਖੀ ਹੋਣਗੇ ਜਦ ਕਿ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ, ਇਕਬਾਲ ਸਿੰਘ ਝੂੰਦਾਂ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ) ਅਕਾਲ ਤਖ਼ਤ ਸਾਹਿਬ ਦੇ ਨੁਮਾਇੰਦੇ ਵਜੋਂ ਮੈਂਬਰ ਹੋਣਗੇ। ਇਸੇ ਦੌਰਾਨ ਸਿੰਘ ਸਾਹਿਬਾਨ ਵੱਲੋਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਆਦੇਸ਼ ਕੀਤਾ ਗਿਆ ਕਿ ਪ੍ਰਧਾਨ ਸੁਖਬੀਰ ਬਾਦਲ ਸਮੇਤ ਜਿਨ੍ਹਾਂ ਨੇ ਅਸਤੀਫੇ ਦਿੱਤੇ ਹਨ, ਦੇ ਤਿੰਨ ਦਿਨਾਂ ਦੇ ਅੰਦਰ-ਅੰਦਰ ਅਸਤੀਫੇ ਪ੍ਰਵਾਨ ਕਰਕੇ ਅਕਾਲ ਤਖ਼ਤ ਸਾਹਿਬ ਵਿਖੇ ਜਾਣਕਾਰੀ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਵੱਖ ਹੋਇਆ ਧੜਾ ਆਪਣਾ ਅਲੱਗ ਚੁੱਲ੍ਹਾ ਸਮੇਟੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਕਾਰਜ ਕਰੇ । ਬਾਗ਼ੀ ਤੇ ਦਾਗ਼ੀ ਅਕਾਲੀਆਂ ਨੂੰ ਆਦੇਸ਼ ਦਿੱਤਾ ਗਿਆ ਕਿ ਆਪਣੀਆਂ ਸਾਰੀਆਂ ਅਹੁਦੇਦਾਰੀਆਂ ਭੰਗ ਕਰੋ, ਵੱਖਰਾ ਸੁਰ ਰਾਗ ਮੀਡੀਆ ਵਿੱਚ ਨਹੀਂ ਦਿਖਣਾ ਚਾਹੀਦਾ। ਦੋਵੇਂ ਧਿਰਾਂ ਆਪਣੀ ਹਉਮੈ ਤੇ ਈਰਖਾ ਦਾ ਤਿਆਗ ਕਰਕੇ ਇਕੱਠੇ ਹੋ ਕੇ ਚੱਲਣ।

### ਕੀ ਹੋਏ ਫੈਸਲੇ ?

ਸਿੰਘ ਸਾਹਿਬਾਨ ਵੱਲੋਂ ਜਾਰੀ ਆਦੇਸ਼ ਅਨੁਸਾਰ ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਆਪਣੇ 'ਤੇ ਲੱਗੇ ਹਰ ਗੁਨਾਹ ਨੂੰ ਕਬੂਲ ਕੀਤਾ ਤੇ ਸੁਖਦੇਵ ਸਿੰਘ ਢੀਂਡਸਾ ਨੇ ਵੀ ਆਪਣਾ ਬਣਦਾ ਗੁਨਾਹ ਕਬੂਲ ਕੀਤਾ। ਇਨ੍ਹਾਂ ਦੇ ਨਾਲ ਹੇਠ ਲਿਖੇ 7 ਭਾਗੀਦਾਰ ਹਨ, ਜਿਨ੍ਹਾਂ ਨੇ ਗੁਨਾਹਾਂ ਵਿੱਚ ਸਾਂਝੀਦਾਰੀ ਨੂੰ ਕਬੂਲ ਕੀਤਾ ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਨਾਲ ਕੈਬਨਿਟ ਦਾ ਹਿੱਸਾ ਰਹੇ ਅਕਾਲੀ ਆਗੂਆਂ ਨੂੰ ਧਾਰਮਿਕ ਸਜ਼ਾ ਸੁਣਾਉਣ ਤੋਂ ਪਹਿਲਾਂ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਰੇ ਆਗੂਆਂ ਤੋਂ ਕੀਤੇ ਗਏ ਗੁਨਾਹਾਂ ਦਾ ਜਵਾਬ ਹਾਂ ਜਾ ਨਾਂਹ ਵਿੱਚ ਦੇਣ ਦੇ ਆਦੇਸ਼ ਕੀਤੇ ਗਏ, ਜਿਸ ਤੋਂ ਬਾਅਦ ਜਥੇਦਾਰ ਵੱਲੋਂ ਸਭ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਸਰਕਾਰ ਦੌਰਾਨ ਪੰਥਕ ਮੁੱਦਿਆਂ ਨੂੰ ਵਿਸਾਰਨ ਦਾ ਗੁਨਾਹ ਕਰਨ ਸੰਬੰਧੀ ਸਵਾਲ ਕੀਤਾ ਤਾਂ ਸੁਖਬੀਰ ਨੇ ਜਵਾਬ 'ਹਾਂ' ਵਿੱਚ ਦਿੱਤਾ । ਇਸ ਉਪਰੰਤ ਜਥੇਦਾਰ ਵੱਲੋਂ ਹੋਰ ਗੁਨਾਹਾਂ ਬਾਰੇ ਪੁੱਛੇ ਸਵਾਲਾਂ ਕਿ, ਅਕਾਲੀ ਸਰਕਾਰ ਸਮੇਂ ਸਿੱਖਾਂ ਦੇ ਕਾਤਲ ਅਫ਼ਸਰਾਂ ਨੂੰ ਤਰੱਕੀਆਂ ਦੇਣ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਟਿਕਟਾਂ ਦੇਣ, ਸਿੱਖਾਂ ਦੇ ਗੁਨਾਹਗਾਰ ਡੇਰਾ ਸਿਰਸਾ ਮੁਖੀ 'ਤੇ ਦਰਜ ਕੇਸ ਵਾਪਸ ਕਰਵਾਉਣ ਦਾ ਗੁਨਾਹ ਕਰਨ, ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੁਆਫ਼ੀ ਮੰਗੇ ਮੁਆਫ਼ੀ ਦਿਵਾਉਣ ਲਈ ਜਥੇਦਾਰਾਂ ਨੂੰ ਆਪਣੇ ਘਰ ਸੱਦ ਕੇ ਮੁਆਫ਼ੀ ਦਿਵਾਉਣ ਬਾਰੇ ਕਹਿਣ, ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਚੋਰੀ ਹੋਏ, ਪੋਸਟਰ ਲਗਾ ਕੇ ਸਿੱਖਾਂ ਨੂੰ ਵੰਗਾਰਨ ਵਾਲਿਆਂ ਨੂੰ ਲੱਭਣ ਵਿੱਚ ਨਾਕਾਮ ਰਹਿਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗ ਪਾੜ ਕੇ ਉਨ੍ਹਾਂ ਦੀ ਬੇਅਦਬੀ ਕਰਨ ਵਾਲਿਆਂ ਦੀ ਪੁਸ਼ਤ ਪਨਾਹੀ ਕਰਨ, ਬਹਿਬਲ ਕਲਾਂ ਵਿੱਚ ਸਿੱਖਾਂ 'ਤੇ ਗੋਲੀ ਚਲਾ ਕੇ ਕਤਲ ਦੀ ਘਟਨਾ, ਸ਼੍ਰੋਮਣੀ ਕਮੇਟੀ ਨੂੰ ਕਹਿ ਕੇ ਡੇਰਾ ਸਿਰਸਾ ਨੂੰ ਦਿੱਤੀ ਗਈ ਮੁਆਫ਼ੀ ਨੂੰ ਸਹੀ ਠਹਿਰਾਉਣ ਲਈ ਇਸ਼ਤਿਹਾਰ ਲਗਵਾਉਣ ਲਈ ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰਨ ਦੇ ਕੀਤੇ ਗਏ ਗੁਨਾਹਾਂ ਦਾ ਜਵਾਬ ਮੰਗਿਆ ਗਿਆ, ਜਿਸ ਦਾ ਜਵਾਬ ਸੁਖਬੀਰ ਵੱਲੋਂ ਹਾਂ ਵਿੱਚ ਦਿੱਤਾ ਗਿਆ।

## ਵਿੱਦਿਆ ਦਾ ਮੰਦਿਰ

ਓਧਰ ਹੁਸ਼ਿਆਰ ਸਿੰਘ ਦੇ ਆਪਣੇ ਕੋਈ ਬੱਚਾ ਨਹੀਂ ਸੀ। ਉਹ ਆਪਣੇ ਹੱਥੀਂ ਲਾਏ ਇਸ ਵਿੱਦਿਆ ਦੇ ਬੂਟੇ ਨੂੰ ਵਧਦਾ-ਫੁੱਲਦਾ ਵੇਖ ਕੇ ਬਹੁਤ ਖ਼ੁਸ਼ ਹੋ ਰਿਹਾ ਸੀ। ਇੱਕ ਦਿਨ ਹੁਸ਼ਿਆਰ ਸਿੰਘ ਨੇ ਫੋਨ ਕਰਕੇ ਰਾਣੋ ਨੂੰ ਘਰ ਬੁਲਾਇਆ ਅਤੇ ਉਸ ਨੂੰ ਆਪਣੇ ਕੋਲ ਬਿਠਾ ਕਹਿਣ ਲੱਗਾ, "ਧੀਏ, ਕਈ ਵਾਰ ਬੱਚੇ ਸਾਡੇ ਖ਼ੂਨ ਤੋਂ ਪੈਦਾ ਨਾ ਹੋ ਕੇ ਵੀ ਆਪਣੇ ਬੱਚੇ ਬਣ ਜਾਂਦੇ ਨੇ। ਮੈਨੂੰ ਪਰਮਾਤਮਾ ਨੇ ਔਲਾਦ ਨਹੀਂ ਦਿੱਤੀ। ਕਦੇ ਮੈਨੂੰ ਇਸ ਦਾ ਪਰਮਾਤਮਾ ਨਾਲ ਬਹੁਤ ਰੰਜ ਸੀ, ਪਰ ਜਦੋਂ ਤੋਂ ਮੈਂ ਤੈਨੂੰ ਦਿਲ ਹੀ ਦਿਲ ਵਿੱਚ ਆਪਣੀ ਧੀ ਸਵੀਕਾਰਿਆ ਹੈ ਓਦੋਂ ਤੋਂ ਮੈਂ ਉਸ ਵਾਹਿਗੁਰੂ ਦਾ ਸ਼ੁਕਰਗੁਜ਼ਾਰ ਹਾਂ ਜਿਸ ਨੇ ਤੇਰੇ ਵਰਗੀ ਨੇਕ ਧੀ ਦਾ ਅਮੋਲਕ ਗਹਿਣਾ ਮੇਰੀ ਝੋਲੀ ਪਾਇਆ ਏ। ਧੀਏ, ਮੈਂ ਤੇਰੀਆਂ ਪ੍ਰਾਪਤੀਆਂ ਤੋਂ ਬਹੁਤ ਖ਼ੁਸ਼ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਵਿੱਦਿਆ ਦਾ ਮੰਦਿਰ ਵਿੱਦਿਆ ਦਾ ਦਾਨ ਸਦਾ-ਸਦਾ ਹੀ ਵੰਡਦਾ ਰਹੇ।"

ਇਸ ਤਰ੍ਹਾਂ ਦੀਆਂ ਭਾਵੁਕ ਗੱਲਾਂ ਕਰਦੇ-ਕਰਦੇ ਹੀ ਹੁਸ਼ਿਆਰ ਸਿੰਘ ਨੂੰ ਇਕਦਮ ਦਿਲ ਦਾ ਦੌਰਾ ਪਿਆ ਜਿਸ ਕਾਰਨ ਉਸ ਦੀ ਰਾਣੋ ਦੇ ਹੱਥਾਂ ਵਿੱਚ ਹੀ ਮੌਤ ਹੋ ਗਈ। ਭੋਗ ਉਪਰੰਤ ਹੁਸ਼ਿਆਰ ਸਿੰਘ ਦੀ ਪਤਨੀ ਨੇ ਉਸ ਦੀ ਕਰਵਾਈ ਵਸੀਅਤ ਰਾਣੋ ਦੇ ਹੱਥ ਫੜਾਈ ਤਾਂ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਰਹੇ ਸਨ। ਹੁਸ਼ਿਆਰ ਸਿੰਘ ਨੇ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਦੀ ਵਾਰਿਸ ਰਾਣੋ ਨੂੰ ਬਣਾਇਆ ਹੋਇਆ ਸੀ। ਉਹ ਸੋਚਣ ਲੱਗੀ, 'ਹੇ ਪਰਮਾਤਮਾ, ਤੇਰੇ ਰੰਗ ਨਿਆਰੇ ਹਨ। ਕਦੇ ਪੜ੍ਹਾਈ ਨੂੰ ਤਰਸਦੀ ਇੱਕ ਕੁੜੀ ਅੱਜ ਵਿੱਦਿਆ ਦਾ ਦਾਨ ਵੰਡ ਰਹੀ ਹੈ। ਇੱਕ ਬਾਪ ਦੁਨੀਆ ਤੋਂ ਤੁਰ ਜਾਣ ਤੋਂ ਬਾਅਦ ਦੋ ਬਾਪ ਦੇ ਦਿੱਤੇ ਜੋ ਮੇਰੇ ਜੀਵਨ ਵਿੱਚ ਚਾਨਣ ਹੀ ਚਾਨਣ ਭਰ ਗਏ'।

ਅੱਜ ਰਾਣੋ ਦੇ ਆਪਣੇ ਦੋਵੇਂ ਬੱਚੇ ਪੜ੍ਹ ਲਿਖ ਗਏ। ਪੁੱਤਰ ਐਲ.ਐਲ.ਬੀ. ਕਰਕੇ ਵਕਾਲਤ ਕਰ ਰਿਹਾ ਹੈ ਅਤੇ ਧੀ ਪੜ੍ਹ-ਲਿਖ ਕੇ ਉਸ ਦੇ ਆਪਣੇ ਕਾਲਜ ਵਿੱਚ ਬਤੌਰ ਚੇਅਰਮੈਨ ਸੇਵਾ ਨਿਭਾਅ ਰਹੀ ਹੈ। ਰਾਣੋ ਅਤੇ ਹਰੀਸ਼ ਦੋਵੇਂ ਕਦੇ ਸ਼ਹਿਰ, ਕਦੇ ਪਿੰਡ ਅਤੇ ਕਦੇ ਹੁਸ਼ਿਆਰ ਸਿੰਘ ਦੇ ਘਰ ਚਲੇ ਜਾਂਦੇ। ਹੁਸ਼ਿਆਰ ਸਿੰਘ ਦੀ ਪਤਨੀ ਨੂੰ ਵੀ ਜਿਵੇਂ ਉਨ੍ਹਾਂ ਨੂੰ ਮਿਲ ਕੇ ਜਿਊਣ ਦੀ ਹੋਰ ਆਸ ਮਿਲ ਜਾਂਦੀ।

ਉਹ ਦੋਵੇਂ ਹੁਣ ਸੇਵਾਮੁਕਤੀ ਜੀਵਨ ਵਾਂਗ ਵਿਚਰ ਰਹੇ ਹਨ, ਪਰ ਰਾਣੋ ਅੱਜ ਵੀ ਪਿੰਡ ਵਾਲੇ ਮੁਫ਼ਤ ਟਿਊਸ਼ਨ ਸੈਂਟਰ ਦੀ ਦੇਖ-ਰੇਖ ਆਪ ਕਰਦਿਆਂ ਮਾਂ-ਬਾਪ ਨੂੰ ਆਪਣੇ ਅੰਗ-ਸੰਗ ਮਹਿਸੂਸ ਕਰਦੀ ਹੈ।

***

## ਸਰਦੀਆਂ ਦੇ ਮੌਸਮ 'ਚ ਰੋਜ਼ ਸਵੇਰੇ ਖਾਓ ਔਲਾ

**ਐਸੀਡਿਟੀ ਤੋਂ ਬਚਾਉਂਦਾ ਹੈ-** ਔਲਾ ਐਸੀਡਿਟੀ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ।

**ਚਮੜੀ ਨੂੰ ਬਣਾਉਂਦਾ ਹੈ ਚਮਕਦਾਰ -** ਔਲਾ ਚਮੜੀ ਨੂੰ ਗਲੋਇੰਗ ਤੇ ਨਰਮ ਬਣਾਉਣ 'ਚ ਮਦਦ ਕਰਦਾ ਹੈ।

**ਝੁਰੜੀਆਂ ਨੂੰ ਕਰਦਾ ਘੱਟ -** ਔਲੇ 'ਚ ਮੌਜੂਦ ਐਂਟੀਆਕਸੀਡੈਂਟ ਝੁਰੜੀਆਂ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ।

ਸੂਰਜ ਦੀਆਂ ਹਾਨੀਕਾਰਕ ਕਿਰਨਾਂ ਤੋਂ ਚਮੜੀ ਦੀ ਰੱਖਿਆ ਕਰਦਾ ਹੈ।

**ਵਾਲਾਂ ਨੂੰ ਰੱਖਦਾ ਹੈ ਸਿਹਤਮੰਦ-** ਔਲਾ ਵਾਲਾਂ ਨੂੰ ਝੜਨ ਤੋਂ ਰੋਕਣ ਤੇ ਵਾਲਾਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦਾ ਹੈ।

**ਸਿਰ ਦੀ ਚਮੜੀ ਨੂੰ ਰੱਖਦਾ ਸਿਹਤਮੰਦ -** ਔਲਾ ਸਿਰ ਦੀ ਚਮੜੀ ਨੂੰ ਸਿਹਤਮੰਦ ਰੱਖਦਾ ਹੈ ਤੇ ਡੈਂਡਰਫ ਦੀ ਸਮੱਸਿਆ ਨੂੰ ਘੱਟ ਕਰਦਾ ਹੈ।

**ਵਾਲਾਂ ਲਈ ਫਾਇਦੇਮੰਦ-** ਔਲਾ ਵਾਲਾਂ ਨੂੰ ਕਾਲੇ ਅਤੇ ਚਮਕਦਾਰ ਬਣਾਉਂਦਾ ਹੈ।

**ਦਿਲ ਨੂੰ ਰੱਖਦਾ ਹੈ ਸਿਹਤਮੰਦ -** ਔਲਾ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ।

**ਬਲੱਡ ਪ੍ਰੈਸ਼ਰ ਨੂੰ ਕਰਦਾ ਹੈ ਕੰਟਰੋਲ -** ਔਲਾ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

**ਕੈਂਸਰ ਤੋਂ ਬਚਾਉਂਦਾ ਹੈ -** ਔਲੇ 'ਚ ਮੌਜੂਦ ਐਂਟੀਆਕਸੀਡੈਂਟ ਕੈਂਸਰ ਤੋਂ ਬਚਾਉਣ 'ਚ ਮਦਦ ਕਰਦੇ ਹਨ।

**ਡਾਇਬਟੀਜ਼ ਨੂੰ ਕਰਦਾ ਹੈ ਕੰਟਰੋਲ -** ਔਲਾ ਸ਼ੂਗਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

***

## ਵਾਅਦੇ ਅਤੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ

ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ। ਕਰਜ਼ਾਈ ਪੰਜਾਬ ਸਰਕਾਰ ਆਪਣੇ ਖਰਚ ਦਾ 11-12% ਸਿੱਖਿਆ 'ਤੇ ਖਰਚ ਕਰ ਰਹੀ ਹੈ ਜਦੋਂ ਕਿ ਦੂਜੇ ਸੂਬੇ ਔਸਤਨ 15-16% ਇਸ ਅਹਿਮ ਕਾਰਜ 'ਤੇ ਖਰਚ ਕਰ ਰਹੇ ਹਨ। ਬੱਜਟ ਵਿੱਚ ਸਿਹਤ ਸੇਵਾਵਾਂ ਲਈ ਕੁੱਲ ਬੱਜਟ ਦਾ 4% ਰੱਖਿਆ ਗਿਆ ਹੈ, ਜਦੋਂ ਕਿ ਦੂਜੇ ਸੂਬੇ ਔਸਤ 5.5% ਖਰਚ ਕਰ ਰਹੇ ਹਨ। ਪੇਂਡੂ ਖੇਤਰਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ 2-3% ਬੱਜਟ ਰੱਖਿਆ ਹੈ, ਜਦੋਂ ਕਿ ਇਸ ਖੇਤਰ ਵਿੱਚ ਹੋਰਾਂ ਸੂਬਿਆਂ ਵੱਲੋਂ ਬੱਜਟ ਦਾ ਔਸਤ 6-7% ਰੱਖਿਆ ਗਿਆ ਹੈ। ਇਸ ਤਰ੍ਹਾਂ ਹੀ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਕੁੱਲ ਬੱਜਟ ਦਾ 1-2% ਰੱਖਿਆ ਗਿਆ ਹੈ ਪਰ ਦੂਜੇ ਸੂਬਿਆਂ ਨੇ ਇਸ ਕਾਰਜ ਲਈ ਬੱਜਟ ਦਾ ਔਸਤ 4-5% ਰੱਖਿਆ ਗਿਆ ਹੈ। ਮੌਜੂਦਾ ਸਰਕਾਰ ਸਮੇਂ ਪੰਜਾਬੀਆਂ ਸਿਰ ਹਰ ਸਾਲ ਅੰਦਾਜ਼ਨ ਤੀਹ ਹਜ਼ਾਰ ਕਰੋੜ ਦਾ ਕਰਜ਼ਾ ਚੜ੍ਹ ਰਿਹਾ ਹੈ।

8 ਨਵੰਬਰ, 2024 ਨੂੰ ਲੁਧਿਆਣਾ ਲਾਗੇ ਪੰਜਾਬ ਦੇ 19 ਜ਼ਿਲ੍ਹਿਆਂ ਦੇ 10,031 ਸਰਪੰਚਾਂ ਨੂੰ ਸਹੁੰ ਚੁਕਾਉਂਦਿਆਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਨੇ ਆਪਣੇ ਸੰਦੇਸ਼ ਵਿੱਚ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਨੂੰ ਹੱਲ ਕਰਨ ਲਈ ਸਰਪੰਚਾਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਹੈ ਕਿ ਉਹ ਇਸ ਗੰਭੀਰ ਸਮੱਸਿਆ 'ਤੇ ਕਾਬੂ ਪਾਉਣ ਲਈ ਅੱਗੇ ਆਉਣ ਅਤੇ ਨਸ਼ਾ ਮੁਕਤ ਸਮਾਜ ਸਿਰਜਣ ਲਈ ਸਿਰਤੋੜ ਯਤਨ ਕਰਨ। ਜਦੋਂ ਸ੍ਰੀ ਕੇਜਰੀਵਾਲ ਇਹ ਸ਼ਬਦ ਬੋਲ ਰਹੇ ਸਨ, ਉਸ ਸਮੇਂ ਘੁਸਰ-ਮੁਸਰ ਇਹ ਵੀ ਸ਼ੁਰੂ ਹੋ ਗਈ ਸੀ ਕਿ ਜੇਕਰ ਸਰਪੰਚਾਂ 'ਤੇ ਹੀ ਇਹ ਜ਼ਿੰਮੇਵਾਰੀ ਪਾਉਣੀ ਹੈ, ਫਿਰ 2022 ਵਿੱਚ ਕੀਤਾ ਗਰੰਟੀ ਵਾਲਾ ਇਹ ਵਾਅਦਾ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਪੰਜਾਬ ਵਿੱਚੋਂ ਨਸ਼ਾ ਖਤਮ ਕੀਤਾ ਜਾਵੇਗਾ, ਉਸ ਵਾਅਦੇ ਦਾ ਕੀ ਬਣਿਆ? ਦੂਜੇ ਪਾਸੇ 15 ਅਕਤੂਬਰ, 2024 ਦੀਆਂ ਪੰਚਾਇਤ ਚੋਣਾਂ ਵਿੱਚ ਸਰਪੰਚੀ ਪ੍ਰਾਪਤ ਕਰਨ ਲਈ ਦੋ ਦੋ ਕਰੋੜ ਦੀ ਬੋਲੀ, ਧੱਕੇਸ਼ਾਹੀ, ਸਿਆਸੀ ਦਖ਼ਲ ਅੰਦਾਜ਼ੀ, ਉਮੀਦਵਾਰਾਂ ਦੇ ਚੋਣਾਂ ਨਾਲ ਸੰਬੰਧਿਤ ਕਾਗਜ਼ ਪਾੜਨੇ, ਐੱਨ.ਓ.ਸੀ. ਦੇਣ ਵਿੱਚ ਸਰਕਾਰੀ ਰੁਕਾਵਟਾਂ, ਲੁੱਟ ਤੰਤਰ, ਕੁੱਟ ਤੰਤਰ ਅਤੇ ਕੂਟਨੀਤਕ ਤੰਤਰ ਭਾਰੂ ਰਿਹਾ। ਅੱਠ ਸੌ ਤੋਂ ਵੱਧ ਪਟੀਸ਼ਨਾਂ ਹਾਈ ਕੋਰਟ ਵਿੱਚ ਪਾਈਆਂ ਗਈਆਂ। ਹੁਣ ਮਾਨਯੋਗ ਸੁਪਰੀਮ ਕੋਰਟ ਦੀ ਇਹ ਟਿੱਪਣੀ ਕਿ ਪੰਜਾਬ ਵਿੱਚ ਅੰਦਾਜ਼ਨ ਤਿੰਨ ਹਜ਼ਾਰ ਸਰਪੰਚਾਂ ਦਾ ਸਰਬਸੰਮਤੀ ਨਾਲ ਚੁਣੇ ਜਾਣਾ 'ਹੈਰਾਨੀਜਨਕ' ਹੈ। 21.11.24 ਨੂੰ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਨੇ ਇਸ ਸ਼ਹਿਰ ਦੇ ਨਹਿਰੀ ਵਿਭਾਗ ਦੇ ਐੱਸ.ਡੀ.ਓ. ਅਤੇ ਖੇਤੀਬਾੜੀ ਵਿਭਾਗ ਦੇ ਸਬਇੰਸਪੈਕਟਰ ਨੂੰ ਗ੍ਰਿਫਤਾਰ ਕੀਤਾ ਹੈ, ਜੋ ਪੰਚਾਇਤ ਚੋਣਾਂ ਵਿੱਚ ਕਰਮਵਾਰ ਰਿਟਰਨਿੰਗ ਅਫਸਰ ਅਤੇ ਸਹਾਇਕ ਰਿਟਰਨਿੰਗ ਅਫਸਰ ਵਜੋਂ ਨਿਯੁਕਤ ਸਨ। ਦੋਨਾਂ ਨੇ ਇੱਕ ਪਿੰਡ ਦੇ ਸਰਪੰਚੀ ਦੇ ਉਮੀਦਵਾਰ ਤੋਂ ਪੰਦਰਾਂ ਲੱਖ ਰੁਪਏ ਰਿਸ਼ਵਤ ਵਜੋਂ ਲਏ ਸਨ। ਭਲਾ ਇਹੋ ਜਿਹੇ ਸਰਬਸੰਮਤੀ ਨਾਲ ਜਾਂ ਵੋਟਾਂ ਰਾਹੀਂ ਚੁਣੇ ਗਏ ਸਰਪੰਚ ਪਿੰਡ ਦਾ ਮੂੰਹ ਮੱਥਾ ਸੰਵਾਰਨ ਦੇ ਨਾਲ ਨਾਲ ਨਸ਼ਾ ਮੁਕਤ ਸਮਾਜ ਸਿਰਜਣ ਲਈ ਕਿਹੋ ਜਿਹੀ ਭੂਮਿਕਾ ਨਿਭਾਉਣਗੇ? ਇਹ ਇੱਕ ਗੰਭੀਰ ਪ੍ਰਸ਼ਨ ਹੈ। ਹਾਂ, ਪੰਜਾਬ ਦੀਆਂ ਕੁਝ ਪੰਚਾਇਤਾਂ ਨੇ ਆਪਣੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਲਈ ਦ੍ਰਿੜ੍ਹ ਸੰਕਲਪ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਹ ਇੱਕ ਸ਼ੁਭ ਸੰਕੇਤ ਹੈ।

ਜੇਕਰ ਲੋਕਾਂ ਦੇ ਭਰਵੇਂ ਸਹਿਯੋਗ, ਪੰਚਾਇਤਾਂ ਦੀ ਸੁਹਿਰਦ ਭਾਵਨਾ ਅਤੇ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ ਦਾ ਆਪਸ ਵਿੱਚ ਸੁਮੇਲ ਨਾ ਹੋਇਆ ਤਾਂ ਨਸ਼ਿਆਂ ਕਾਰਨ ਸਿਵਿਆਂ ਦੀ ਪ੍ਰਚੰਡ ਅੱਗ ਮੱਧਮ ਹੋਣ ਦੀ ਥਾਂ ਹੋਰ ਤੇਜ਼ ਹੋਵੇਗੀ। ਰੱਬ ਖ਼ੈਰ ਕਰੇ!

****

## ਸਿੱਖ ਮੋਟਰਸਾਈਕਲ ਕਲੱਬਾਂ ਨੇ ਵਿਸ਼ੇਸ਼ ਮੰਗਾਂ

ਉਪਰਾਲਾ ਕੀਤਾ ਹੈ ਉਹ ਕਾਬਿਲ-ਏ-ਤਾਰੀਫ਼ ਹੈ ਤੇ ਦੂਜਾ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਵੀ ਇਹ ਭਰੋਸਾ ਦਿਵਾਇਆ ਗਿਆ ਕਿ ਉਹ ਦਸਤਾਰਧਾਰੀ ਮੋਟਰਸਾਈਕਲ ਚਾਲਕਾਂ ਨੂੰ ਹੈਲਮੇਟ ਤੋ ਛੋਟ ਦਿਵਾਉਣ ਲਈ ਚਾਰਾਜੋਈ ਕਰਨਗੇ। ਸਮਾਗਮ ਦੇ ਅੰਤ ਵਿੱਚ ਸਿੱਖ ਮੋਟਰਸਾਈਕਲ ਕਲੱਬ ਆਸਟ੍ਰੇਲੀਆ, ਸਿੰਘਜ਼ ਸੋਸ਼ਲ ਮੋਟਰਸਾਈਕਲ ਕਲੱਬ ਆਸਟ੍ਰੇਲੀਆ ਤੇ ਯੰਗ ਫੁਟਬਾਲ ਕਲੱਬ ਵੱਲੋਂ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ ਗਿਆ।

***

## ਐਂਜੇਲਾ ਮਾਰਕੇਲ ਦੀ ਕਿਤਾਬ ਫ਼ਰੀਡਮ

ਆਲੋਚਕਾਂ ਨੇ ਮਾਰਕੇਲ ਉਪਰ ਸ਼ਰਨਾਰਥੀਆਂ ਬਾਰੇ ਖੁੱਲੇ ਨੀਤੀ ਨਾਲ ਸਵਾਗਤ ਕਰਨ ਦਾ ਦੋਸ਼ ਲਗਾਉਦਿਆਂ ਹੋਇਆਂ ਜਰਮਨੀ ਵਿੱਚ ਕਟੜ-ਸੱਜੇ ਪਾਰਟੀ ਅਲਟਰਨੇਟਿਵ ਫ਼ਾਰ ਜਰਮਨੀ (ਏ.ਐਫ਼.ਡੀ.) ਦੇ ਉਭਾਰ ਲਈ ਦੋਸ਼ੀ ਠਹਿਰਾਇਆ। ਉਸ ਸਮੇਂ ਮਰਕੇਲ ਨੇ ਸੀਰੀਆ ਤੋਂ ਆਏ ਸ਼ਰਨਾਰਥੀਆਂ ਨਾਲ ਸੈਲਫ਼ੀ ਲਈ ਸੀ। ਉਹ ਕਹਿੰਦੀ ਹੈ ਕਿ ਉਹ 'ਅਜੇ ਵੀ ਇਹ ਨਹੀਂ ਸਮਝਦੀ ਕਿ ਲੋਕਾਂ ਨੇ ਇਹ ਕਿਵੇਂ ਮੰਨਿਆ ਕਿ ਇੱਕ ਤਸਵੀਰ ਵਿੱਚ ਇੱਕ ਦੋਸਤਾਨਾ ਚਿਹਰਾ ਲੱਖਾਂ ਲੋਕਾਂ ਨੂੰ ਆਪਣੇ ਘਰ ਛੱਡਕੇ ਭੱਜਣ ਲਈ ਉਤਸ਼ਾਹਿਤ ਕਰੇਗਾ।'

ਮਾਰਕੇਲ ਨੇ ਮੰਨਿਆ, 'ਯੂਰਪ ਨੂੰ ਹਮੇਸ਼ਾ ਆਪਣੀਆਂ ਬਾਹਰੀ ਸਰਹੱਦਾਂ ਦੀ ਰੱਖਿਆ ਕਰਨੀ ਚਾਹੀਦੀ ਹੈ।' ਹਾਲਾਂਕਿ, ਉਹ ਜ਼ੋਰ ਦੇ ਕੇ ਕਹਿੰਦੀ ਹੈ, 'ਖੁਸ਼ਹਾਲੀ ਅਤੇ ਕਾਨੂੰਨ ਦਾ ਰਾਜ ਹਮੇਸ਼ਾ ਜਰਮਨੀ ਅਤੇ ਯੂਰਪ ਨੂੰ ਇੱਕ ਅਜਿਹੀ ਜਗ੍ਹਾ ਬਣਾਏਗਾ ... ਜਿੱਥੇ ਲੋਕ ਜਾਣਾ ਚਾਹੁੰਦੇ ਹਨ।' ਇਸ ਦੇ ਨਾਲ, ਉਸਨੇ ਕਿਤਾਬ ਦੇ ਫ਼ਰਾਂਸੀਸੀ ਐਡੀਸ਼ਨ ਵਿੱਚ ਲਿਖਿਆ ਹੈ ਕਿ ਜਰਮਨੀ ਦੀ ਤੇਜ਼ੀ ਨਾਲ ਬੁੱਢੀ ਆਬਾਦੀ ਕਰਮਚਾਰੀਆਂ ਦੀ ਘਾਟ ਪੈਦਾ ਕਰ ਰਹੀ ਹੈ ਅਤੇ ਕਾਨੂੰਨੀ ਪ੍ਰਵਾਸ ਨੂੰ ਜ਼ਰੂਰੀ ਬਣਾ ਰਹੀ ਹੈ।

**ਪੁਤਿਨ ਅਤੇ ਰੂਸ ਨਾਲ ਸਬੰਧ**

ਮਰਕੇਲ ਰੂਸੀ ਵੀ ਬੋਲਦੀ ਹੈ ਅਤੇ ਪੁਤਿਨ ਜਰਮਨ ਬੋਲਦਾ ਹੈ। ਉਸਨੇ ਪੁਤਿਨ ਨਾਲ ਆਪਣੇ ਸਾਲਾਂ ਤਕ ਨਿਭਾਏ ਰਿਸ਼ਤੇ ਦਾ ਵੀ ਬਚਾਅ ਕੀਤਾ ਹੈ। ਸਾਬਕਾ ਕੇਜੀਬੀ ਏਜੰਟ ਪੁਤਿਨ ਇੱਕ ਵਾਰ ਮਾਰਕੇਲ ਨਾਲ ਮੁਲਾਕਾਤ ਦੌਰਾਨ ਆਪਣੇ ਲੈਬਰਾਡੋਰ ਕੁੱਤੇ ਨੂੰ ਲੈ ਕੇ ਆਇਆ ਸੀ ਅਤੇ ਉਹ ਜਾਣਦਾ ਸੀ ਕਿ ਮਾਰਕਲ ਕੁੱਤਿਆਂ ਤੋਂ ਡਰਦੀ ਸੀ।

ਮਾਰਕੇਲ ਨੇ ਰੂਸੀ ਨੇਤਾ ਬਾਰੇ ਲਿਖਿਆ ਕਿ ਇੱਕ ਵਿਅਕਤੀ ਜਿਸਦੀ ਨਿਰੰਤਰ ਤਲਾਸ਼ ਰਹੀ ਹੈ, ਜੋ ਆਪਣੇ ਨਾਲ ਦੁਰਵਿਵਹਾਰ ਦੀ ਸ਼ੰਕਾ ਤੋਂ ਡਰਿਆ ਹੋਇਆ ਹੈ ਅਤੇ ਹਮੇਸ਼ਾ ਹਮਲਾ ਕਰਨ ਲਈ ਤਿਆਰ ਰਹਿੰਦਾ ਹੈ, ਜਿਸ ਵਿੱਚ ਇੱਕ ਕੁੱਤੇ ਨਾਲ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਾ ਅਤੇ ਦੂਜਿਆਂ ਨੂੰ ਉਡੀਕਣਾ ਵੀ ਸ਼ਾਮਲ ਹੈ। ਹਾਲਾਂਕਿ, ਉਸਨੇ ਇਹ ਵੀ ਲਿਖਿਆ ਕਿ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ, ਉਹ ਸਹੀ ਸੀ ਕਿ ਉਸਨੇ ਰੂਸ ਨਾਲ ਸਬੰਧਾਂ ਨੂੰ ਟੁੱਟਣ ਨਹੀਂ ਦਿੱਤਾ... ਅਤੇ ਵਪਾਰਕ ਸਬੰਧਾਂ ਰਾਹੀਂ ਸਮਝੌਤਿਆਂ ਨੂੰ ਬਚਾਉਣ ਵਿੱਚ ਸਫ਼ਲ ਰਹੀ। ਮਰਕੇਲ ਨੇ ਦਲੀਲ ਦਿੱਤੀ ਹੈ ਕਿ ਇਹ ਸੱਚ ਹੈ ਕਿ, ਸੰਯੁਕਤ ਰਾਜ ਅਮਰੀਕਾ ਦੇ ਨਾਲ, ਰੂਸ ਦੁਨੀਆਂ ਦੀਆਂ ਦੋ ਸਭ ਤੋਂ ਪ੍ਰਮੁੱਖ ਪ੍ਰਮਾਣੂ ਸ਼ਕਤੀਆਂ ਵਿੱਚੋਂ ਇੱਕ ਹੈ।

ਮਰਕੇਲ ਨੇ ਯੂਕਰੇਨ ਦੇ ਨਾਟੋ ਵਿੱਚ ਸ਼ਾਮਲ ਹੋਣ ਦੇ ਆਪਣੇ ਵਿਰੋਧ ਨੂੰ ਵੀ ਜਾਇਜ਼ ਠਹਿਰਾਇਆ ਹੈ। ਮਰਕੇਲ ਨੇ 2008 ਵਿੱਚ ਬੁਖਾਰਾ ਕਾਨਫ਼ਰੰਸ ਵਿੱਚ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਸੀ। ਉਸ ਦਾ ਕਹਿਣਾ ਹੈ ਕਿ ਇਹ ਵਿਚਾਰ ਕਿ ਨਾਟੋ ਦੀ ਉਮੀਦਵਾਰੀ ਯੂਕਰੇਨ ਨੂੰ ਪੁਤਿਨ ਦੇ ਹਮਲੇ ਤੋਂ ਬਚਾਏਗੀ, ਇਹ ਨੀਤੀ ਗਲਤ ਤੇ ਖਤਰਨਾਕ ਹੈ। ਇਹ ਵਿਸ਼ਵ ਜੰਗ ਦਾ ਅਖਾੜਾ ਸਿਰਜੇਗੀ। ਫ਼ਰਵਰੀ 2022 ਵਿੱਚ ਯੂਕਰੇਨ 'ਤੇ ਰੂਸ ਦੇ ਹਮਲੇ ਅਤੇ ਫ਼ਿਰ ਨੋਰਡ ਸਟ੍ਰੀਮ ਪਾਈਪਲਾਈਨਾਂ ਦੀ ਤੋੜ-ਭੰਨ ਤੋਂ ਬਾਅਦ, ਜਰਮਨੀ ਨੂੰ ਸਸਤੀ ਰੂਸੀ ਗੈਸ ਦੀ ਸਪਲਾਈ ਬੰਦ ਹੋ ਗਈ ਸੀ। ਇਸ ਕਾਰਨ ਇੱਥੇ ਕਈ ਆਰਥਿਕ ਮੁਸ਼ਕਿਲਾਂ ਪੈਦਾ ਹੋ ਗਈਆਂ। ਪਰ ਮਰਕੇਲ ਨੇ ਇਸ ਆਲੋਚਨਾ ਨੂੰ ਰੱਦ ਕਰ ਦਿੱਤਾ ਕਿ ਉਸਨੇ ਬਾਲਟਿਕ ਸਾਗਰ ਰਾਹੀਂ ਪਾਈਪਲਾਈਨਾਂ ਨੂੰ ਮਨਜ਼ੂਰੀ ਦਿੱਤੀ, ਇਹ ਕਹਿੰਦੇ ਹੋਏ ਕਿ ਨੋਰਡ ਸਟ੍ਰੀਮ 1 ਨੂੰ ਉਸਦੇ ਪੂਰਵਵਰਤੀ, ਚਾਂਸਲਰ ਗੇਰਹਾਰਡ ਸ਼ਰੋਡਰ ਨੇ ਦਸਤਖਤ ਕੀਤੇ ਸਨ। ਸ਼ਰੋਡਰ ਦੀ ਪੁਤਿਨ ਨਾਲ ਪੁਰਾਣੀ ਦੋਸਤੀ ਰਹੀ ਹੈ।

2014 ਵਿੱਚ, ਜਦੋਂ ਪੁਤਿਨ ਨੇ ਕ੍ਰੀਮੀਆ ਨੂੰ ਰੂਸ ਵਿੱਚ ਮਿਲਾ ਦਿੱਤਾ। ਇਸ ਤੋਂ ਬਾਅਦ ਮਰਕੇਲ ਨੇ ਨੋਰਡ ਸਟ੍ਰੀਮ 2 ਨੂੰ ਮਨਜ਼ੂਰੀ ਦੇ ਦਿੱਤੀ ਸੀ। ਮਰਕੇਲ ਦਾ ਕਹਿਣਾ ਹੈ ਕਿ ਉਸ ਸਮੇਂ, ਕੰਪਨੀਆਂ ਅਤੇ ਗੈਸ ਦਾ ਇਸਤੇਮਾਲ ਕਰਨ ਵਾਲਿਆਂ ਦੇ ਲਈ ਜਰਮਨੀ ਅਤੇ ਕਈ ਯੂਰਪੀਅਨ ਦੇਸ਼ਾਂ ਵਿੱਚ ਗੈਸ ਪ੍ਰਾਪਤ ਕਰਨਾ ਮੁਸ਼ਕਿਲ ਸੀ। ਜੇਕਰ ਅਜਿਹਾ ਨਾ ਹੁੰਦਾ ਤਾਂ ਹੋਰ ਮਹਿੰਗੀ ਤਰਲ ਕੁਦਰਤੀ ਗੈਸ ਹੋਰ ਸਰੋਤਾਂ ਤੋਂ ਖਰੀਦਣੀ ਪੈਂਦੀ।

ਐਂਜੇਲਾ ਮਾਰਕੇਲ ਨੇ ਸਰਕਾਰੀ ਖਰਚਿਆਂ ਲਈ ਜਰਮਨੀ ਦੀ ਸੰਵਿਧਾਨਕ ਕਰਜ਼ਾ ਸੀਮਾ ਵਿੱਚ ਸੁਧਾਰ ਕਰਨ ਦਾ ਬਚਾਅ ਕੀਤਾ ਹੈ। ਸਾਬਕਾ ਚਾਂਸਲਰ ਨੇ ਲਿਖਿਆ ਕਿ ਕਰਜ਼ੇ ਦੀ ਸੀਮਾ ਵਧਾਉਣ ਪਿੱਛੇ ਨੀਤੀ ਅਜੇ ਵੀ ਸਹੀ ਹੈ: ਸਮਾਜਿਕ ਅਸ਼ਾਂਤੀ ਤੋਂ ਬਚਣ ਲਈ ਅਤੇ ਆਬਾਦੀ ਦੀ ਉਮਰ ਦੇ ਢਾਂਚੇ ਵਿੱਚ ਤਬਦੀਲੀਆਂ ਨੂੰ ਜਾਰੀ ਰੱਖਣ ਲਈ, ਕਰਜ਼ੇ ਦੀ ਬਰੇਕ ਵਿੱਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਭਵਿੱਖ ਦੇ ਨਿਵੇਸ਼ਾਂ ਨੂੰ ਕਾਇਮ ਰੱਖਿਆ ਜਾ ਸਕੇ। ਇਸ ਲਈ ਕਰਜ਼ਾ ਲਿਆ ਜਾ ਸਕਦਾ ਹੈ। ਜਰਮਨੀ ਦੀਆਂ ਅਗਲੀਆਂ ਚੋਣਾਂ ਤੋਂ ਪਹਿਲਾਂ ਇਸ ਮੁੱਦੇ 'ਤੇ ਕਾਫ਼ੀ ਚਰਚਾ ਹੋ ਰਹੀ ਹੈ।

2009 ਵਿੱਚ ਜਰਮਨੀ ਦੇ ਸੰਵਿਧਾਨ ਵਿੱਚ ਡੇਬਟ ਬਰੇਕ ਯਾਨੀ ਲੋਨ ਸੀਮਾ ਸ਼ਾਮਲ ਕੀਤੀ ਗਈ ਸੀ। ਇਹ ਵੱਡੇ ਪੱਧਰ 'ਤੇ ਸੰਘੀ ਅਤੇ 16 ਰਾਜ ਸਰਕਾਰਾਂ ਨੂੰ ਆਪਣੇ ਬਜਟ ਲਈ ਤੇ ਕਰਜ਼ਾ ਲੈਣ ਲਈ ਰੋਕਦਾ ਹੈ। ਖੇਤਰੀ ਸਰਕਾਰਾਂ ਨੂੰ ਜਿਥੇ ਉਧਾਰ ਲੈਣ ਤੋਂ ਪੂਰੀ ਤਰ੍ਹਾਂ ਮਨਾਹੀ ਹੈ, ਉਥੇ ਸੰਘੀ ਸਰਕਾਰ ਨੂੰ ਕੁਝ ਐਮਰਜੈਂਸੀ ਹਾਲਤਾਂ ਵਿੱਚ ਜੀਡੀਪੀ ਦੇ 0.35 ਪ੍ਰਤੀਸ਼ਤ ਤੱਕ ਉਧਾਰ ਲੈਣ ਦੀ ਇਜਾਜ਼ਤ ਹੈ।

ਮਰਕੇਲ ਦੇ ਸ਼ਬਦਾਂ ਨੇ ਉਸ ਨੂੰ ਆਪਣੀ ਹੀ ਪਾਰਟੀ, ਸੀਡੀਯੂ ਦੇ ਕਈ ਨੇਤਾਵਾਂ ਦੇ ਵਿਰੁੱਧ ਖੜ੍ਹਾ ਕਰ ਦਿੱਤਾ ਹੈ। ਸੀਡੀਯੂ, ਆਪਣੇ ਬਾਵੇਰਿਅਆਈ ਸਹਿਯੋਗੀ ਪਾਰਟੀ ਸੀਐਸਯੂ ਦੇ ਨਾਲ, ਲੰਬੇ ਸਮੇਂ ਤੋਂ ਇਸ ਨੀਤੀ 'ਤੇ ਕਾਇਮ ਰਹਿਣ ਦੀ ਮੰਗ ਕਰ ਰਹੀ ਹੈ। ਜਰਮਨ ਚੋਣਾਂ ਵਿੱਚ ਸੀਡੀਯੂ/ਸੀਐਸਯੂ ਦੇ ਚੋਟੀ ਦੇ ਉਮੀਦਵਾਰ, ਫ਼ਰੀਡਰਿਕ ਮਾਰਟਜ਼, ਡੇਬਟ ਦੇ ਬਰੇਕ ਸੁਧਾਰਾਂ ਬਾਰੇ ਸਾਵਧਾਨੀ ਨਾਲ ਗੱਲ ਕਰਦੇ ਹਨ। ਸਰਵੇਖਣਾਂ ਵਿੱਚ ਉਨ੍ਹਾਂ ਦੇ ਜਰਮਨੀ ਦੇ ਅਗਲੇ ਚਾਂਸਲਰ ਬਣਨ ਦੀ ਉਮੀਦ ਹੈ। ਸਵਾਲ ਇਹ ਹੈ ਕਿ ਇਸ ਸੁਧਾਰ ਦਾ ਨਤੀਜਾ ਕੀ ਹੈ ਜੋ ਖਪਤ ਅਤੇ ਸਮਾਜਿਕ ਨੀਤੀ 'ਤੇ ਖਰਚ ਕਰੇ ਫ਼ਿਰ ਇਸ ਦਾ ਜਵਾਬ ਨਹੀਂ ਹੈ।

***

## ਕਿਸਾਨ ਅੰਦੋਲਨ

ਇਸ ਸਾਰੀ ਸਥਿਤੀ ਤੋਂ ਦੇਸ਼ ਦੇ ਕਿਸਾਨ ਪਰੇਸ਼ਾਨ ਹਨ। ਆਤਮ ਹੱਤਿਆਵਾਂ ਕਰ ਰਹੇ ਹਨ। ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਦੀਆਂ ਜਿਊਣ ਹਾਲਤਾਂ ਚੰਗੀਆਂ ਨਹੀਂ ਹਨ। ਫਸਲਾਂ ਦੇ ਉਤਪਾਦਨ ਦਾ ਫ਼ਾਇਦਾ ਦਲਾਲਾਂ ਵੱਲੋਂ ਵੱਧ ਲਿਆ ਜਾ ਰਿਹਾ ਹੈ। ਕੀ ਇਹੋ ਜਿਹੀਆਂ ਹਾਲਤਾਂ 'ਚ ਸਰਕਾਰ ਦਾ ਫ਼ਰਜ਼ ਨਹੀਂ ਕਿ ਖੇਤੀ ਖੇਤਰ ਨਾਲ਼ ਸੰਬੰਧਤ ਮਸਲਿਆਂ ਦਾ ਫੌਰੀ ਹੱਲ ਕਰੇ।

ਸੁਪਰੀਮ ਕੋਰਟ ਵੱਲੋਂ ਬਣਾਏ ਗਏ ਮਾਹਰਾਂ ਦੇ ਪੈਨਲ ਨੇ ਖੇਤੀ ਖੇਤਰ ਦੀ ਸਹੀ ਤਸਵੀਰ ਜੱਜ ਸਾਹਿਬਾਨਾਂ ਸਾਹਵੇ ਪੇਸ਼ ਕਰ ਦਿੱਤੀ ਹੈ, ਸੁਝਾਅ ਵੀ ਦਿੱਤੇ ਹਨ। ਸੁਪਰੀਮ ਕੋਰਟ ਵੱਲੋਂ ਕਿਸਾਨ ਹਿੱਤਾਂ ਵਿੱਚ ਸਹੀ ਫੈਸਲੇ ਲੈਂਦਿਆਂ, ਕਿਸਾਨਾਂ ਦੀ ਹਾਲਤ ਸੁਧਾਰਨ ਲਈ ਕਦਮ ਪੁੱਟਣ ਲਈ ਕੇਂਦਰ ਸਰਕਾਰ ਨੂੰ ਵੀ ਕਿਹਾ ਜਾਏਗਾ।

ਪਰ ਸਵਾਲ ਤਾਂ ਇਹ ਉੱਠਦਾ ਹੈ ਕਿ ਕੇਂਦਰ ਦੀ ਕਿਸਾਨ ਵਿਰੋਧੀ ਕੇਂਦਰ ਸਰਕਾਰ ਉਹਨਾਂ ਮੰਗਾਂ ਨੂੰ ਮੰਨ ਕੇ ਲਾਗੂ ਕਰ ਦੇਵੇਗੀ, ਜਿਹਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਪ੍ਰਭਾਵ ਹੇਠ ਉਹ ਸਦਾ ਦਰਕਿਨਾਰ ਕਰਦੀ ਰਹੀ ਹੈ।

ਕੇਂਦਰ ਸਰਕਾਰ ਨੂੰ ਸਮਝਣਾ ਹੋਵੇਗਾ ਕਿ ਕਿਸਾਨਾਂ ਦੇ ਮਸਲਿਆਂ ਦਾ ਹੱਲ ਕੀਤੇ ਬਿਨਾਂ ਕਿਸਾਨ ਅੰਦੋਲਨ ਨੂੰ ਠੱਲ੍ਹ ਪਾਉਣੀ ਔਖੀ ਹੈ। ਪਿਛਲੇ ਸਮੇਂ 'ਚ ਕਿਸਾਨ ਅੰਦੋਲਨ ਦੌਰਾਨ 700 ਤੋਂ 800 ਕਿਸਾਨ ਜਾਨ ਤੋਂ ਹੱਥ ਧੋ ਬੈਠੇ, ਸੈਂਕੜੇ ਨਹੀਂ ਹਜ਼ਾਰਾਂ ਕਿਸਾਨਾਂ ਉੱਤੇ ਅਦਾਲਤੀ ਕੇਸ ਦਰਜ ਹੋਏ। ਹੁਣ ਵੀ ਅੰਦੋਲਨ ਨੂੰ ਹੌਲਾ ਕਰਨ ਲਈ ਗ੍ਰਿਫ਼ਤਾਰੀਆਂ ਦਾ ਦੌਰ ਜਾਰੀ ਹੈ। ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਰ ਤਣੋ-ਤਣੀ ਹੈ। ਪੰਜਾਬ ਅਤੇ ਹਰਿਆਣਾ ਸਰਕਾਰ ਵੀ ਇਸ ਦੀਆਂ ਭਾਗੀਦਾਰ ਹਨ। ਜੋ ਨਿੰਦਣਯੋਗ ਹੈ।

ਕੀ ਕਿਸਾਨਾਂ ਨਾਲ ਗੱਲਬਾਤ ਕਰਕੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ? ਕੀ ਐਡੀਆਂ ਗੰਭੀਰ ਸਮੱਸਿਆਵਾਂ ਲਈ ਵੋਟ ਰਾਜਨੀਤੀ ਕਰਨੀ ਜਾਇਜ਼ ਜਾਂ ਜ਼ਰੂਰੀ ਹੈ?

***

## ਕੀ ਮੁਸ਼ਕਿਲਾਂ ਵਿੱਚ ਘਿਰ ਚੁਕੇ

ਇਸ ਮਾਮਲੇ ਨਾਲ ਕੁਝ ਮਹੀਨੇ ਪਹਿਲਾਂ 'ਸੇਬੀ' ਚੇਅਰਪਰਸਨ ਦਾ ਨਾਂ ਵੀ ਜੁੜਿਆ ਸੀ ਤੇ ਸਰਕਾਰ ਦੁਬਾਰਾ ਵਿਰੋਧੀ ਧਿਰ ਦੇ ਨਿਸ਼ਾਨੇ ਉੱਤੇ ਆ ਗਈ ਸੀ। ਹਿੰਡਨਬਰਗ ਵੱਲੋਂ ਚੇਅਰਪਰਸਨ ਮਾਧਬੀ ਬੁਚ ਤੇ ਉਸ ਦੇ ਪਤੀ ਉੱਤੇ ਦੋਸ਼ ਲਾਏ ਜਾਣ ਤੋਂ ਬਾਅਦ 'ਸੇਬੀ' ਦੀ ਆਪਣੀ ਭਰੋਸੇਯੋਗਤਾ ਹੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਸੀ। ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਸੀ ਕਿ ਇਨ੍ਹਾਂ ਦੋਵਾਂ ਦੀ ਦੇਸ਼ ਤੋਂ ਬਾਹਰ ਉਨ੍ਹਾਂ ਸ਼ੱਕੀ ਕੰਪਨੀਆਂ ਵਿੱਚ ਹਿੱਸਦਾਰੀ ਹੈ ਜਿਨ੍ਹਾਂ ਨੂੰ ਕਥਿਤ ਤੌਰ 'ਤੇ ਅਡਾਨੀ ਗਰੁੱਪ ਵੱਲੋਂ 'ਪੈਸਾ ਖਪਾਉਣ' ਲਈ ਵਰਤਿਆ ਗਿਆ ਹੈ। ਇਨ੍ਹਾਂ ਅਣਪਛਾਤੀਆਂ ਕੰਪਨੀਆਂ ਬਾਰੇ ਵੀ ਜਾਂਚ ਕੀਤੀ ਗਈ ਹੈ; ਸੇਬੀ ਚੇਅਰਪਰਸਨ ਨੇ ਇਨ੍ਹਾਂ ਦੋਸ਼ਾਂ ਤੋਂ ਪੱਲਾ ਝਾੜ ਲਿਆ ਸੀ। ਇਹ ਮਾਮਲਾ ਸੁਪਰੀਮ ਕੋਰਟ ਤੱਕ ਵੀ ਪਹੁੰਚਿਆ ਜਿਸ ਨੇ ਸਟਾਕ ਹੇਰ-ਫੇਰ ਦੀ ਜਾਂਚ ਤੇ ਸੇਬੀ ਦੀ ਭੂਮਿਕਾ ਦੀ ਪੜਤਾਲ ਲਈ 2023 ਵਿੱਚ ਛੇ ਮੈਂਬਰਾਂ ਦੀ ਕਮੇਟੀ ਬਣਾਈ। ਕਮੇਟੀ ਦੀ ਦਾਖ਼ਲ ਰਿਪੋਰਟ ਵਿੱਚ 'ਸੇਬੀ' ਨੂੰ ਕਲੀਨ ਚਿੱਟ ਦਿੱਤੀ ਗਈ। ਵਿਰੋਧੀ ਧਿਰ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਵੀ ਇਸ ਮਾਮਲੇ 'ਤੇ ਕਾਫੀ ਨਿਸ਼ਾਨਾ ਬਣਾਇਆ ਸੀ ਹਾਲਾਂਕਿ ਭਾਜਪਾ ਵੱਲੋਂ ਦੋਸ਼ਾਂ ਦਾ ਬਚਾਅ ਕੀਤਾ ਜਾਂਦਾ ਰਿਹਾ ਹੈ। ਸੁਪਰੀਮ ਕੋਰਟ ਦੀ ਕਮੇਟੀ ਦੇ ਫ਼ੈਸਲੇ ਦਾ ਹਵਾਲਾ ਦਿੰਦਿਆਂ ਪਾਰਟੀ ਨੇ ਇਸ ਮਾਮਲੇ 'ਚ ਸਰਕਾਰੀ ਮਿਲੀਭੁਗਤ ਨੂੰ ਖਾਰਜ ਕਰ ਦਿੱਤਾ ਸੀ।

ਜਦੋਂ ਜਾਂਚ ਕਰਤਾ (ਸੇਬੀ ਚੇਅਰਪਰਸਨ) ਖ਼ੁਦ ਜਾਂਚ ਦੇ ਘੇਰੇ ਵਿੱਚ ਹੋਵੇ ਤਾਂ ਕੀ ਨਿਰਪੱਖ ਤੇ ਪਾਰਦਰਸ਼ੀ ਪੜਤਾਲ ਦੀ ਆਸ ਕੀਤੀ ਜਾ ਸਕਦੀ ਹੈ? ਮਾਧਬੀ ਬੁਚ ਅਜੇ ਵੀ ਭਾਰਤ ਦੇ ਸਿਖ਼ਰਲੇ ਸ਼ੇਅਰ ਬਾਜ਼ਾਰ ਰੈਗੂਲੇਟਰ ਦੀ ਮੁਖੀ ਹੈ; ਉਸ ਨੇ ਪਿਛਲੇ ਮਹੀਨੇ ਸੰਸਦ ਦੀ ਲੋਕ ਲੇਖਾ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਵਿੱਚ ਹਿੱਸਾ ਤੱਕ ਨਹੀਂ ਲਿਆ। ਕਈ ਸਵਾਲ ਹਨ ਜਿਨ੍ਹਾਂ ਦਾ ਜਵਾਬ ਮਿਲਣਾ ਅਜੇ ਬਾਕੀ ਹੈ ਤੇ ਭਾਰਤ ਸਰਕਾਰ ਨੂੰ ਹੁਣ ਸਥਿਤੀ ਸਪੱਸ਼ਟ ਕਰਨ ਵਿੱਚ ਹੋਰ ਦੇਰ ਨਹੀਂ ਕਰਨੀ ਚਾਹੀਦੀ।

***

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਕਾਰ ਨੂੰ

ਸਾਰੇ ਗੁਨਾਹ ਕਰ ਰਹੇ ਸੀ, ਉਦੋਂ ਇਨ੍ਹਾਂ ਬਾਗੀ ਲੀਡਰਾਂ ਨੇ ਕੁਝ ਕਿਉਂ ਨਹੀਂ ਬੋਲਿਆ ਅਤੇ ਚੁਪ-ਚਾਪ ਆਪਣੀਆਂ ਪੁਜ਼ੀਸ਼ਨਾਂ ਮਾਣਦੇ ਰਹੇ। ਗਿਆਨੀ ਰਘਬੀਰ ਸਿੰਘ ਨੇ ਇਨ੍ਹਾਂ ਲੀਡਰਾਂ ਨੂੰ ਆਪੋ-ਆਪਣਾ 'ਚੁੱਲ੍ਹਾ ਸਮੇਟ' ਕੇ ਅਕਾਲੀ ਦਲ ਨੂੰ ਮੁੜ ਤੋਂ ਕਾਇਮ ਕਰਨ ਵਿੱਚ ਸਹਿਯੋਗ ਕਰਨ ਲਈ ਕਿਹਾ।

ਸੌਦਾ ਸਾਧ ਦੇ ਮੁਆਫ਼ੀਨਾਮੇ ਨੂੰ ਲੈ ਕੇ ਜੋ ਵੀ ਖਤੋ-ਕਿਤਾਬਤ ਇਨ੍ਹਾਂ ਦੋਸ਼ੀ ਨੇਤਾਵਾਂ ਵਿਚਾਲੇ ਹੋਇਆ ਹੈ, ਨੂੰ ਜਥੇਦਾਰ ਸਾਹਿਬਾਨ ਵੱਲੋਂ ਜਨਤਕ ਕਰਨ ਦਾ ਫ਼ੈਸਲਾ ਵੀ ਸਵਾਗਤਯੋਗ ਹੈ। ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਕਾਰ ਨੂੰ ਸਿੱਖ ਸਮਾਜ ਵਿੱਚ ਉਪਰ ਚੁੱਕਣ ਵਿੱਚ ਸਹਾਇਤਾ ਮਿਲੇਗੀ। ਸਿੰਘ ਸਾਹਿਬਾਨ ਨੇ ਹੋਰ ਸਜ਼ਾ ਦੇਣ ਦਾ ਜੋ ਫ਼ੈਸਲਾ ਬਾਕੀ ਰੱਖਿਆ ਹੈ, ਉਸ ਉਤੇ ਵੀ ਗੰਭੀਰਤਾ ਨਾਲ ਸੋਚ ਵਿਚਾਰ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ 'ਦਾਗੀ ਤੇ ਬਾਗੀ' ਲੀਡਰਾਂ ਦੇ ਜਬਾੜੇ ਵਿੱਚੋਂ ਪੂਰੀ ਤਰ੍ਹਾਂ ਆਜ਼ਾਦ ਕਰਾਉਣ ਦਾ ਇਹ ਢੁਕਵਾਂ ਮੌਕਾ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਨੂੰ ਹੀ ਬਲ ਨਹੀਂ ਮਿਲੇਗਾ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਨਵੇਂ ਜੋਸ਼ ਨਾਲ ਹਰ ਤਰ੍ਹਾਂ ਦੇ ਪ੍ਰਭਾਵ ਮੁਕਤ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣੀਆਂ। ਇਸ ਦੇ ਨਾਲ ਅਕਾਲੀ ਲੀਡਰਸ਼ਿਪ ਰਾਹੀਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਵਾਂ ਵਿੱਚ ਘੁਸਪੈਠ ਕਰ ਗਈਆਂ ਪੰਥ ਵਿਰੋਧੀ ਤਾਕਤਾਂ ਨੂੰ ਵੀ ਬਾਹਰ ਦਾ ਰਸਤਾ ਦਿਖਾਉਣ ਵਿੱਚ ਸਹਾਇਤਾ ਮਿਲੇਗੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com